ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 13 Issue 48 Tuesday September 18 to September 24, 2018 www.PUNJABIDUNIYA.com Published Weekly from New York

Watch & Subscribe on YouTube/ Facebook

Josh india tv

ਸਿੱਖ ਖਾੜਕੂ ਸਿਆਸਤ ਨਾਲ ਜੁੜਿਆ ਪਹਿਲਾ ਕਤਲ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸੀ। ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦੀ 20 ਅਗਸਤ 1980 ਨੂੰ ਹੋਈ ਮੀਟਿੰਗ ਵਿੱਚ ਇਸ ਕਤਲ ਦੀ ਸ਼ਲਾਘਾ ਕਰਕੇ ਹਿੰਸਾ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸੰਦ ਵਜੋਂ ਵਰਤਣ ਨੂੰ ਵਾਜਬੀਅਤ ਦਿੱਤੀ।

# ਬਾਦਲ ਪਰਿਵਾਰ ਅਜੋਕਾ ਸੰਕਟ ਅਤੇ ਅਕਾਲੀ ਦਲ



ਪੰਜਾਬੀ ਦੁਨੀਆ ਬਿਓਰੋ

********************

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਪੰਜਾਬ ਦੇ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਆਏ ਭੂਚਾਲ ਨੇ ਪੰਜ ਵਾਰੀ ਮੁੱਖ ਮੰਤਰੀ ਰਹੇ ਫ਼ਖ਼ਰ-ਏ-ਕੌਮ ਤੇ ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵੱਕਾਰ ਅਤੇ ਸਿਆਸੀ ਵਿਰਾਸਤ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ।

ਇਹ ਸੰਕਟ ਬਹੁ-ਪਰਤੀ ਹੈ ਕਿਉਂਕਿ ਇਸ ਨੇ ਉਸ ਦੇ ਪੁੱਤਰ ਅਤੇ ਸਿਆਸੀ ਵਾਰਸ ਸੁਖਬੀਰ ਸਿੰਘ ਬਾਦਲ ਨੂੰ ਵੀ ਲਪੇਟ ਵਿੱਚ ਲੈ ਲਿਆ ਹੈ, ਜਿਹੜਾ ਪਿਛਲੇ ਸਮੇਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਆਗੂ ਵਜੋਂ ਉਭਰਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਭਾਵੇਂ ਪਹਿਲੀ ਵਾਰੀ ਉਸ ਦੇ ਕੰਮ ਕਰਨ ਦੇ ਤਾਨਾਸ਼ਾਹੀ ਢੰਗ ਉੱਤੇ ਇਤਰਾਜ਼ ਪ੍ਰਗਟਾਇਆ ਹੈ, ਫਿਰ ਵੀ ਅਜੇ ਉਸ ਦੇ ਸਿਆਸੀ ਭਵਿੱਖ ਬਾਰੇ ਕੋਈ ਟਿੱਪਣੀ ਕਰਨੀ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ।

ਬਾਦਲ ਪਰਿਵਾਰ ਅਤੇ ਅਕਾਲੀ ਦਲ 'ਤੇ ਅਜੋਕੇ ਸੰਕਟ ਦੀ ਇੱਕ ਪਰਤ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਖਾੜਕੂ ਸਿਆਸਤ ਤੋਂ ਨਿਖੇੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ, ਜਦੋਂ ਕਿ ਇਤਿਹਾਸ ਗਵਾਹ ਹੈ ਕਿ ਨਾ ਸਿਰਫ਼ ਉਸ ਦੀ ਪਾਰਟੀ, ਬਲਕਿ ਉਹ ਖ਼ੁਦ ਵੀ ਖਾੜਕੂਵਾਦ ਨੂੰ ਸ਼ਹਿ ਤੇ ਹੱਲਾਸ਼ੇਰੀ ਦਿੰਦੇ ਰਹੇ ਹਨ। ਖਾੜਕੂ ਸੰਘਰਸ਼ ਦੇ ਪ੍ਰਤੀਕ ਰਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਤਾਮੀਰ ਕਰਵਾਈ ਹੈ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਸ਼੍ਰੋਮਣੀ ਕਮੇਟੀ 'ਤੇ ਕੌਣ ਕਬਜ਼ ਹੈ, ਸਭ ਜਾਣਦੇ ਹਨ।

ਅਕਾਲੀ ਦਲ ਦੇ ਸੂਤਰਾਂ ਅਨੁਸਾਰ, ਵਿਧਾਨ ਸਭਾ ਸੈਸ਼ਨ ਦੌਰਾਨ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦੇ ਬਾਈਕਾਟ ਦਾ ਫੈਸਲਾ ਕਿਸੇ ਹੋਰ ਦਾ ਨਹੀਂ, ਖ਼ੁਦ ਪ੍ਰਕਾਸ਼ ਸਿੰਘ ਬਾਦਲ ਦਾ ਸੀ। ਉਸ ਨੇ ਅਤੇ ਉਸ ਦੇ ਸਾਬਕਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਕੀਤੀ ਜਾ ਰਹੀ ਜਾਂਚ ਦਾ ਇਹ ਕਹਿ ਕੇ ਬਾਈਕਾਟ ਕੀਤਾ ਸੀ ਕਿ ਇਹ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਦੀ ਸਿਆਸੀ ਗਿਣਤੀ-ਮਿਣਤੀ ਪੂਰੀ ਤਰ੍ਹਾਂ ਗਲਤ ਨਿਕਲੀ ਅਤੇ ਉਨ੍ਹਾਂ ਨੂੰ ਮਹਿੰਗੀ ਵੀ ਪਈ। ਪੰਜਾਬ ਵਿੱਚ ਇਸ ਵੇਲੇ ਮੁੱਦਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਉਹ ਘਟਨਾਵਾਂ ਹਨ ਜਿਨ੍ਹਾਂ ਦਾ ਸਿੱਟਾ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਗੋਲੀਕਾਂਡਾਂ ਦੇ ਰੂਪ ਵਿੱਚ ਨਿਕਲਿਆ। ਇਨ੍ਹਾਂ ਘਟਨਾਵਾਂ ਕਾਰਨ ਹੀ 2017 ਦੀ ਵਿਧਾਨ ਸਭਾ ਚੋਣ ਵਿੱਚ ਅਕਾਲੀ ਦਲ ਮਹਿਜ਼ 15 ਸੀਟਾਂ ਉੱਤੇ ਸਿਮਟ ਕੇ ਰਹਿ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਸਿਆਸੀ ਦਸਤਾਵੇਜ਼ ਹੈ ਪਰ ਹੁਣ ਇਸ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਦਿੱਤੀ ਗਈ ਪ੍ਰਵਾਨਗੀ ਹਾਸਿਲ ਹੈ।

(ਬਾਕੀ ਸਫਾ 16 'ਤੇ)

## ਅਮਰੀਕਾ ਨੇ ਚੀਨੀ ਸਮਾਨ 'ਤੇ 200 ਬਿਲੀਅਨ ਡਾਲਰ ਦਾ ਹੋਰ ਟੈਕਸ ਲਾਇਆ



ਨਿਊਯਾਰਕ (ਪੱਤਰ ਪ੍ਰੇਰਕ) ਅਮਰੀਕਾ ਨੇ ਚੀਨ ਦੇ ਸਮਾਨ 'ਤੇ 200 ਬਿਲੀਅਨ ਡਾਲਰ ਦਾ ਨਵਾਂ ਟੈਕਸ ਲਾ ਦਿੱਤਾ ਹੈ। ਇਹ ਅਮਰੀਕਾ ਵੱਲੋਂ ਲਾਇਆ ਜਾ ਰਿਹਾ ਹੁਣ ਤੱਕ ਦਾ ਸਭ ਤੋਂ ਵੱਡਾ ਟੈਰਿਫ਼ ਹੈ। ਇਹ ਟੈਰਿਫ਼ ਚੀਨ ਤੋਂ ਆਉਣ ਵਾਲੀਆਂ 6000 ਵਸਤਾਂ 'ਤੇ ਲਾਇਆ ਜਾਵੇਗਾ। ਬੈਗ, ਚੌਲ ਅਤੇ ਕਪੜਾ ਇਸ ਵਿੱਚ ਸ਼ਾਮਿਲ ਹਨ ਜਦੋਂਕਿ ਕੁਝ ਸਮਾਨ ਇਸ ਸੂਚੀ ਵਿੱਚੋਂ ਬਾਹਰ ਵੀ ਰੱਖਿਆ ਗਿਆ ਹੈ ਜਿਵੇਂ ਕਿ ਸਮਾਰਟ ਘੜੀਆਂ, ਉੱਚੀਆਂ ਕੁਰਸੀਆਂ। ਚੀਨ ਨੇ ਪਹਿਲਾਂ ਹੀ ਦਾਅਵਾ ਕੀਤਾ ਸੀ ਕਿ ਜੇ ਅਮਰੀਕਾ ਨੇ ਹੋਰ ਟੈਰਿਫ਼ ਲਾਇਆ ਤਾਂ ਇਸ ਦੀ ਜਵਾਬੀ ਕਾਰਵਾਈ ਕੀਤੀ ਜਾਵੇਗੀ। ਇਹ ਟੈਕਸ 24 ਸਿਤੰਬਰ ਤੋਂ ਲਾਗੂ ਹੋ ਜਾਣਗੇ ਜੋ ਕਿ 10 ਫੀਸਦੀ ਤੋਂ ਸ਼ੁਰੂ ਹੋਣਗੇ ਅਤੇ ਅਗਲੇ ਸਾਲ ਦੀ ਸ਼ੁਰੂਆਤ ਤੱਕ 25 ਫੀਸਦੀ ਤੱਕ ਲਾਏ ਜਾ ਸਕਦੇ ਹਨ, ਜਦੋਂ ਤੱਕ ਦੋਹਾਂ ਦੇਸਾਂ ਵਿਚਾਲੇ ਸਮਝੌਤਾ ਨਹੀਂ ਹੋ ਜਾਂਦਾ।

**ਕਿਉਂ ਲਾਇਆ ਟੈਕਸ ?**

ਰਾਸ਼ਟਰਪਤੀ ਡੌਨਲਡ ਟਰੰਪ ਦਾ ਕਹਿਣਾ ਹੈ ਕਿ ਇਹ ਨਵੇਂ ਟੈਕਸ ਚੀਨ ਦੇ 'ਅਨਿਯਮਤ ਵਪਾਰਕ ਕਾਰਜਾਂ' ਜਿਸ ਵਿੱਚ ਸਬਸਿਡੀਆਂ ਅਤੇ ਨਿਯਮ ਸ਼ਾਮਲ ਹਨ ਜਿਨ੍ਹਾਂ ਮੁਤਾਬਕ ਕਈ ਵਰਗਾਂ ਵਿੱਚ ਵਿਦੇਸ਼ੀ ਕੰਪਨੀਆਂ ਨੂੰ ਸਥਾਨਕ ਭਾਈਵਾਲੀ ਕਰਨੀ ਪੈਂਦੀ ਹੈ।

(ਬਾਕੀ ਸਫਾ 16 'ਤੇ)

# ਭਾਰਤੀ ਸਿਆਸਤਦਾਨਾਂ ਦੇ ਇਸ਼ਕ ਦੇ ਚਰਚੇ ਅਤੇ ਦਿਲਚਸਪ ਕਿੱਸੇ

ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"

ਪੰਜਾਬੀ ਦੁਨੀਆ ਬਿਓਰੋ

********************

ਨਹਿਰੂ ਦੀਆਂ ਐਡਵਿਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ ਜਦੋਂ ਮਾਮਲਾ ਨਿੱਜੀ ਜ਼ਿੰਦਗੀ ਨੂੰ ਗੁਪਤ ਰੱਖਣ ਦਾ ਹੁੰਦਾ ਹੈ, ਤਾਂ ਭਾਰਤੀ ਸਿਆਸਤਦਾਨ ਦੁਨੀਆ ਦੇ ਸਭ ਤੋਂ ਵੱਡੇ ਤਾਨਾਸ਼ਾਹਾਂ ਵਿੱਚ ਬਦਲ ਜਾਂਦੇ ਹਨ।

ਉਨ੍ਹਾਂ ਵਿੱਚ ਇੱਕ ਤਰ੍ਹਾਂ ਦਾ ਅਲਿਖ਼ਿਤ ਕਰਾਰ ਜਿਹਾ ਹੁੰਦਾ ਹੈ, ਕਿ ਭਾਵੇਂ ਉਹ ਇਕ ਦੂਜੇ ਦਾ ਕਿੰਨਾ ਵੀ ਸਿਆਸੀ ਵਿਰੋਧ ਕਰਨ ਪਰ ਇਕ-ਦੂਜੇ ਦੇ ਪ੍ਰੇਮ ਸਬੰਧਾਂ, ਵਿਆਹ ਸਬੰਧਾਂ ਜਾਂ ਫਿਰ ਕਿਸੇ ਦੂਜੀ ਔਰਤ ਨਾਲ ਬਣੇ ਸਬੰਧਾਂ ਬਾਰੇ ਜਨਤਕ ਤੌਰ 'ਤੇ ਕੋਈ ਚਰਚਾ ਨਹੀਂ ਕਰਣਗੇ।

ਬਹੁਤ ਥੋੜ੍ਹੇ ਮੌਕਿਆਂ ਨੂੰ ਛੱਡ ਕੇ, ਭਾਰਤੀ ਸਿਆਸਤਦਾਨਾਂ ਨੇ ਇਸ ਸਮਝੌਤੇ ਨੂੰ ਨਿਭਾਇਆ ਵੀ ਹੈ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਹਰ ਕੋਈ ਸ਼ੀਸ਼ੇ ਦੇ ਘਰਾਂ ਵਿਚ ਹੀ ਰਹਿ ਰਿਹਾ ਹੈ।

ਉਹ ਕਹਿੰਦੇ ਹਨ, "ਵਿਦੇਸ਼ਾਂ ਵਿੱਚ ਵੀ ਸ਼ੀਸ਼ੇ ਦੇ ਘਰ ਹੁੰਦੇ ਹਨ, ਪਰ ਉੱਥੇ ਤਾਂ ਪੱਥਰ ਸੁੱਟੇ ਜਾਂਦੇ ਹਨ। ਇੱਥੋਂ ਦੀ ਇੱਕ ਪੁਰਾਣੀ ਰੀਤ ਹੈ ਜਿੱਥੇ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਰਾਜੇ ਨੂੰ ਕੁਝ ਚੀਜ਼ਾਂ ਅਧਿਕਾਰ ਵਿੱਚ ਮਿਲੀਆਂ ਹੁੰਦੀਆਂ ਹਨ।"

ਉਹ ਕਹਿੰਦੇ ਹਨ, "ਇਕ ਇਤਾਲਵੀ ਸ਼ਬਦ 'ਔਮਾਰਟਾ' ਜਿਸਦਾ ਮਤਲਬ ਹੈ ਕਿ ਅਪਰਾਧੀਆਂ ਵਿੱਚ ਇੱਕ ਗੁਪਤ ਸਮਝੌਤਾ ਹੁੰਦਾ ਹੈ, ਜਿਸ ਅਨੁਸਾਰ ਅਸੀਂ ਨਾ ਤੁਹਾਡੇ ਬਾਰੇ ਕੁਝ ਦੱਸਾਂਗੇ ਤੇ ਨਾ ਹੀ ਤੁਸੀਂ ਕੁਝ ਸਾਡੇ ਬਾਰੇ ਦੱਸੋਗੇ। ਭਾਰਤੀ ਸਿਆਸਤ ਵਿੱਚ ਵੀ ਕੁਝ ਔਮਾਰਟਾ ਵਰਗਾ ਹੀ ਹੈ। ਜਿਨ੍ਹਾਂ ਗੱਲਾਂ 'ਤੇ ਬਿਲਕੁਲ ਚੁੱਪ ਨਹੀਂ ਹੋਣਾ ਚਾਹੀਦਾ, ਉਨ੍ਹਾਂ ਮਾਮਲਿਆਂ ਵਿਚ ਚੁੱਪੀ ਐਨੀ ਜ਼ਿਆਦਾ ਹੈ।"

**ਗਾਂਧੀ ਦਾ ਬ੍ਰਹਮਚਾਰਿਆ ਪ੍ਰਯੋਗ**

ਮੀਡੀਆ ਅਤੇ ਸਿਆਸਤਦਾਨਾਂ ਵਿਚਕਾਰ ਆਪਣੀ ਨਿੱਜੀ ਜ਼ਿੰਦਗੀ ਬਾਰੇ ਇਕ ਕਿਸਮ ਦਾ ਸਮਾਜਿਕ ਸਮਝੌਤਾ ਹੀ ਲੱਗਦਾ ਹੈ ਕਿ ਇੱਕ ਹੱਦ ਤੋਂ ਬਾਅਦ ਉਨ੍ਹਾਂ 'ਤੇ ਜਨਤਕ ਚਰਚਾ ਜਾਂ ਬਹਿਸ ਤੋਂ ਬਚਿਆ ਜਾਵੇਗਾ।

(ਬਾਕੀ ਸਫਾ 17 'ਤੇ)



ਘੱਟ ਲਾਗਤ ਬੀਮਾ

× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# 'ਬਲਾਕ ਸਮਿਤੀ, ਜ਼ਿਲ੍ਹਾ ਪਰਿਸ਼ਦ ਦੇ ਮੈਂਬਰ ਝੰਡੀ ਵਾਲੀ ਕਾਰ ਨਾਲ ਹੀ ਖ਼ੁਸ਼'



## ਚੋਣਾਂ ਵਿੱਚ ਜਿੱਤੇ ਮੈਂਬਰ ਆਮ ਪੰਜਾਬੀ ਲਈ ਕੀ-ਕੀ ਕਰ ਸਕਦੇ ਹਨ ?

ਜੇ ਚੁਣੇ ਗਏ ਮੈਂਬਰਾਂ ਨੂੰ ਇਹ ਪਤਾ ਹੋਵੇ ਕਿ ਉਨ੍ਹਾਂ ਨੇ ਕੰਮ ਕਿਹੜੇ-ਕਿਹੜੇ ਕਰਨੇ ਹਨ ਤਾਂ ਉਨ੍ਹਾਂ ਦੇ ਅਧਿਕਾਰ ਤਾਂ ਕਾਫੀ ਹਨ।

ਪੰਚਾਇਤ ਸਮਿਤੀ ਖੁਦ ਇੱਕ ਕਾਰਜਕਾਰਨੀ ਸੰਸਥਾ ਹੈ ਅਤੇ ਬੀਡੀਓ ਦਾ ਕੰਮ ਉਨ੍ਹਾਂ ਦੀ ਮਦਦ ਕਰਨਾ ਹੁੰਦਾ ਹੈ।

ਉਸੇ ਤਰ੍ਹਾਂ ਜ਼ਿਲ੍ਹਾ ਪਰਿਸ਼ਦ ਵੀ ਐਗਜ਼ੈਕਟਿਵ ਬਾਡੀ ਹੈ, ਸਾਰੇ ਵਿਕਾਸ ਦੇ ਕੰਮ ਉਨ੍ਹਾਂ ਖੁਦ ਕਰਨੇ ਹੁੰਦੇ ਹਨ।

ਉਨ੍ਹਾਂ ਦੇ ਉੱਤੇ ਏਡੀਸੀਡੀ ਹੈ, ਉਹ ਉਨ੍ਹਾਂ ਦਾ ਸੀਈਓ ਹੁੰਦਾ ਹੈ। ਉਹ ਵੀ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਸਕੱਤਰ ਹੁੰਦਾ ਹੈ।

ਇਨ੍ਹਾਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਫੰਡ ਪੈਦਾ ਕਰਨ ਤੇ ਕੇਂਦਰ ਸਰਕਾਰ ਤੋਂ ਆਉਂਦੇ ਪੈਸੇ ਦੀ ਵਰਤੋਂ ਕਰਨ ਦੇ ਸਾਰੇ ਅਧਿਕਾਰ ਹੁੰਦੇ ਹਨ।

ਕਿਹੜੇ ਪੈਸੇ ਕਿੱਥੇ ਲਾਉਣੇ ਹਨ, ਕਿਵੇਂ ਵਿਕਾਸ ਕਰਨਾ ਹੈ। ਇਹੀ ਨਹੀਂ ਇਹ ਸੰਸਥਾਵਾਂ ਸੰਸਦ ਮੈਂਬਰਾਂ ਨੂੰ ਮਿਲਦੇ ਫੰਡ ਬਾਰੇ ਵੀ ਗ੍ਰਾਮ ਸਭਾ ਰਾਹੀਂ ਇਹ ਫੈਸਲਾ ਕਰ ਸਕਦੀਆਂ ਹਨ ਅਤੇ ਜਿੱਥੇ ਜ਼ਰੂਰੀ ਸਮਝਣ ਪੈਸਾ ਲਗਾ ਸਕਦੀਆਂ ਹਨ।

ਅਸਲ ਵਿੱਚ ਚੁਣੇ ਹੋਏ ਮੈਂਬਰਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਨਹੀਂ ਹੈ। ਮੀਟਿੰਗ ਵਿੱਚ ਇਨ੍ਹਾਂ ਨੂੰ ਚਾਹ ਪਿਲਾ ਦਿੰਦੇ ਹਨ, ਕਿਸੇ ਨੂੰ ਝੰਡੀ ਵਾਲੀ ਕਾਰ ਮਿਲ ਜਾਂਦੀ ਹੈ ਤੇ ਉਹ ਇਸੇ ਵਿੱਚ ਹੀ ਖੁਸ਼ ਹੋ ਜਾਂਦੇ ਹਨ।

"ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀਆਂ ਵਿੱਚ ਚੁਣੇ ਜਾਂਦੇ ਮੈਂਬਰ ਇੱਕ ਕੱਪ ਚਾਹ ਨਾਲ ਖੁਸ਼ ਹੋ ਜਾਂਦੇ ਹਨ ਜਾਂ ਝੰਡੀਆਂ ਵਾਲੀਆਂ ਕਾਰਾਂ ਲੈ ਕੇ ਖੁਸ਼ੀ ਮਹਿਸੂਸ ਕਰਦੇ ਹਨ।" ਇਹ ਕਹਿਣਾ ਹੈ ਸਮਾਜਿਕ ਕਾਰਕੁਨ ਡਾ. ਪਿਆਰੇ ਲਾਲ ਗਰਗ ਦਾ। ਉਨ੍ਹਾਂ ਮੁਤਾਬਕ ਜ਼ਿਲਾ ਪਰਿਸ਼ਦ ਤੇ ਬਲਾਕ ਸਮਿਤੀਆਂ ਦੇ ਵਧੇਰੇ ਮੈਂਬਰਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਨੇ ਕੀ ਕਰਨਾ ਹੈ।

ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ ਲਈ ਅੱਜ 19 ਸਤੰਬਰ 2018 ਨੂੰ ਵੋਟਾਂ ਪੈ ਰਹੀਆਂ ਹਨ। ਜ਼ਿਲ੍ਹਾ ਪਰਿਸ਼ਦ ਲਈ 855 ਉਮੀਦਵਾਰ ਮੈਦਾਨ ਵਿੱਚ ਹਨ ਜਦਕਿ ਪੰਚਾਇਤ ਸਮਿਤਿਆਂ ਲਈ 3,734 ਉਮੀਦਵਾਰ ਕਿਸਮਤ ਅਜਮਾ ਰਹੇ ਹਨ।

ਪੰਜਾਬ ਦੇ ਚੋਣ ਕਮਿਸ਼ਨ ਅਨੁਸਾਰ ਜ਼ਿਲ੍ਹਾ ਪਰਿਸ਼ਦ ਦੇ 33 ਤੇ ਪੰਚਾਇਤ ਸਮਿਤੀਆਂ ਦੇ 369 ਉਮੀਦਵਾਰ ਬਿਨਾਂ ਕਿਸੇ ਮੁਕਾਬਲੇ ਦੇ ਚੋਣ ਜਿੱਤ ਗਏ ਹਨ। ਹਿੰਸਾ ਅਤੇ ਹੋਰ ਵਿਵਾਦਾਂ ਕਾਰਨ ਸੁਰਖੀਆਂ ਵਿੱਚ ਰਹੀਆਂ ਇਨ੍ਹਾਂ ਚੋਣਾਂ ਦੀ ਅਹਿਮੀਅਤ ਬਾਰੇ ਬੀਬੀਸੀ ਪੰਜਾਬੀ ਨੇ ਸਮਾਜਿਕ ਕਾਰਕੁਨ ਡਾ. ਪਿਆਰੇ ਲਾਲ ਗਰਗ ਨਾਲ ਕੁਝ ਨੁਕਤੇ ਸਾਂਝੇ ਕੀਤੇ।

**ਮੈਂਬਰਾਂ ਨੂੰ ਲੋਕਾਂ ਦੇ ਕੰਮ ਕਰਨ ਲਈ ਪੈਸਾ ਕਿੱਥੋਂ ਮਿਲਦਾ ਹੈ ?**

14ਵੇਂ ਵਿੱਤ ਕਮਿਸ਼ਨ ਨੇ ਕਿਹਾ ਹੈ ਜ਼ਿਲ੍ਹਾ ਪਰੀਸ਼ਦਾਂ ਤੇ ਬਲਾਕ ਸਮਿਤੀਆਂ ਨੂੰ ਪੈਸਾ ਸੂਬੇ ਦੇ ਬਜਟ ਤੋਂ ਜਾਰੀ ਹੁੰਦਾ ਹੈ।

ਪੰਜਾਬ ਦੇ ਬਜਟ ਦਾ 60 ਫੀਸਦ ਹਿੱਸਾ ਪੇਂਡੂ ਖੇਤਰਾਂ ਵੱਲ ਜਾਂਦਾ ਹੈ। ਉਸੇ ਵਿੱਚੋਂ ਵੱਡਾ ਹਿੱਸਾ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀਆਂ ਨੂੰ ਦਿੱਤਾ ਜਾਂਦਾ ਹੈ।

ਚੁਣੇ ਹੋਏ ਮੈਂਬਰਾਂ ਨੂੰ ਇਸ ਬਾਰੇ ਜਾਣਕਾਰੀ ਹੀ ਨਹੀਂ ਹੁੰਦੀ। ਅਫਸਰਸ਼ਾਹੀ ਵਿੱਚ ਤਾਇਨਾਤ ਲੋਕ ਆਪਣੇ ਹਿਸਾਬ ਨਾਲ ਸਰਕਾਰੀ ਸਕੀਮਾਂ ਜ਼ਰੀਏ ਪੈਸਾ ਭੇਜਦੇ ਹਨ।

**ਮੈਂਬਰ ਪੈਸਾ ਨਾ ਮਿਲਣ ਦੀ ਸ਼ਿਕਾਇਤ ਕਿਉਂ ਕਰਦੇ ਹਨ ?**

ਜਿਹੜਾ ਫੰਡ ਕੇਂਦਰ ਸਰਕਾਰ ਤੋਂ ਆਉਂਦਾ ਹੈ ਉਹ ਤਾਂ ਮਿਲਦਾ ਹੀ ਨਹੀਂ ਕਿਉਂਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਅਸੀਂ ਪੈਸਾ ਮੰਗਣਾ ਹੈ।

ਮਨਰੇਗਾ ਤੇ ਭਲਾਈ ਸਕੀਮਾਂ ਰਾਹੀਂ ਜੋ ਪੈਸਾ ਲੋਕਾਂ ਤੱਕ ਸਿੱਧਾ ਪਹੁੰਚ ਸਕਦਾ ਹੈ ਉਸ ਲਈ ਉਹ ਕੰਮ ਨਹੀਂ ਕਰਦੇ।

ਚੁਣੇ ਗਏ ਮੈਂਬਰਾਂ ਨੂੰ ਨਾ ਤਾਂ ਇਹ ਪਤਾ ਹੈ ਕਿ ਇਹ ਪੈਸੇ ਕਿਵੇਂ ਇਕੱਠੇ ਕਰਨਾ ਹੈ ਅਤੇ ਜਿਹੜਾ ਕੁਝ ਹੋ ਵੀ ਸਕਦਾ ਹੈ, ਉਹ ਵੀ ਇਹ ਕਰਨ ਨੂੰ ਤਿਆਰ ਨਹੀਂ ਹਨ।

**ਚੋਣਾਂ ਵਿੱਚ ਸਿਆਸੀ ਪਾਰਟੀਆਂ ਆਪਣੀ ਤਾਕਤ ਕਿਉਂ ਅਜ਼ਮਾਉਂਦੀਆਂ ਹਨ ?**

ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਲਈ ਸਿਆਸੀ ਪਾਰਟੀਆਂ ਇਸ ਲਈ ਜ਼ੋਰ





ਨਹੀਂ ਲਾਉਂਦੀਆਂ ਕਿ ਉਨ੍ਹਾਂ ਕੋਈ ਵਿਕਾਸ ਕਰਨਾ ਹੈ। ਅਸਲ ਵਿੱਚ ਸਿਆਸੀ ਪਾਰਟੀਆਂ ਇਨ੍ਹਾਂ ਚੋਣਾਂ ਨੂੰ ਲਾਂਚਿੰਗ ਪੈਡ ਸਮਝਦੀਆਂ ਹਨ। ਉਹ ਇਨ੍ਹਾਂ ਚੋਣਾਂ ਰਾਹੀਂ ਆਪਣੇ ਖ਼ਾਸ ਬੰਦਿਆਂ ਨੂੰ, ਆਪਣੇ ਪਰਿਵਾਰਕ ਮੈਂਬਰਾਂ ਦੇ ਸਿਆਸੀ ਸਫ਼ਰ ਨੂੰ ਸ਼ੁਰੂ ਕਰਨਾ ਚਾਹੁੰਦੀਆਂ ਹਨ। ਐਤਕੀ ਚੋਣਾਂ ਵਿੱਚ ਕਈ ਮੰਤਰੀਆਂ ਤੇ ਵਿਧਾਇਕਾਂ ਦੇ ਪਰਿਵਾਰਕ ਮੈਂਬਰ ਚੋਣ ਮੈਦਾਨ ਵਿੱਚ ਹਨ ਅਤੇ ਉਨ੍ਹਾਂ ਵਿੱਚੋਂ ਕਈ ਬਿਨਾਂ ਮੁਕਾਬਲੇ ਹੀ ਚੋਣ ਜਿੱਤ ਚੁੱਕੇ ਹਨ। ਅਸਲ ਗੱਲ ਕਰੀਏ ਤਾਂ ਇਹ ਹੈ ਕਿ ਚੋਣਾਂ ਭਾਵੇਂ ਜ਼ਿਲ੍ਹਾ ਪਰਿਸ਼ਦ ਹੋਣ ਜਾਂ ਬਲਾਕ ਸਮਿਤੀਆਂ ਦੀਆਂ, ਵੋਟਾਂ ਤਾਂ ਪਿੰਡਾਂ ਤੋਂ ਹੀ ਪੈਣੀਆਂ ਹਨ। ਸਿਆਸੀ ਪਾਰਟੀਆਂ ਇਨ੍ਹਾਂ ਚੋਣਾਂ ਰਾਹੀਂ ਪਿੰਡਾਂ ਵਿੱਚ ਆਪਣਾ ਕਾਡਰ ਬਣਾਉਣਾ ਚਾਹੁੰਦੀਆਂ ਹਨ ਤਾਂ ਜੋ ਲੋੜ ਵੇਲੇ ਉਹ ਉਨ੍ਹਾਂ ਦਾ ਇਸਤੇਮਾਲ ਕਰ ਸਕਣ। ਸਿਆਸੀ ਪਾਰਟੀਆਂ ਨਾ ਤਾਂ ਇਸ ਕਾਡਰ ਨੂੰ ਜਾਗਰੂਕ ਕਰਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਖ਼ਾਸ ਸ਼ਕਤੀਆਂ ਦਿੰਦੀਆਂ ਹਨ। ਔਰਤਾਂ ਤੇ ਅਨੁਸੂਚਿਤ ਜਾਤੀਆਂ ਬਾਰੇ ਕੋਈ ਗੱਲ ਨਹੀਂ ਹੁੰਦੀ ਸਗੋਂ ਇਨ੍ਹਾਂ ਚੋਣਾਂ ਰਾਹੀਂ ਉਨ੍ਹਾਂ ਨੂੰ ਹੋਰ ਪਿੱਛੇ ਕਰ ਦਿੱਤਾ ਜਾਂਦਾ ਹੈ। ਤੀਜਾ ਸਰਕਾਰੀ ਸਕੀਮਾਂ ਦਾ ਫਾਇਦਾ ਵੀ ਅਜਿਹੇ ਬੰਦਿਆਂ ਨੂੰ ਪਹੁੰਚਾਇਆ ਜਾਂਦਾ ਹੈ ਜੋ ਉਨ੍ਹਾਂ ਦੀ ਜੀ ਹਜ਼ੂਰੀ ਕਰਨ। ਇਨ੍ਹਾਂ ਚੋਣਾਂ ਰਾਹੀਂ ਕਾਬਿਲ ਨੇਤਾ ਪੈਦਾ ਕੀਤੇ ਜਾ ਸਕਦੇ ਹਨ ਪਰ ਸਿਆਸੀ ਪਾਰਟੀਆਂ ਦੀ ਅਜਿਹੀ ਸੋਚ ਨਹੀਂ ਹੁੰਦੀ ਹੈ।

**ਕਿਹੜੀਆਂ ਸਮੱਸਿਆਵਾਂ ਮੁੱਦਾ ਬਣਨੀਆਂ ਚਾਹੀਦੀਆਂ ਹਨ ?**

ਜੇ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਹਵਾ, ਪਾਣੀ ਤੇ ਮਿੱਟੀ ਖਰਾਬ ਹੋ ਗਈ ਹੈ। ਪੰਜਾਬ ਦੀ ਖੇਤੀ ਘਾਟੇ ਵਿੱਚ ਜਾ ਰਹੀ ਹੈ। ਇਸ ਲਈ ਖੇਤੀ ਦਾ ਵਿਕਾਸ ਅਹਿਮ ਮੁੱਦਾ ਹੈ। ਪੰਜਾਬ ਦੇ 98 ਲੱਖ ਕਾਮਿਆਂ ਵਿੱਚੋਂ ਤਕਰੀਬਨ 36 ਲੱਖ ਲੋਕ ਖੇਤੀਬਾੜੀ ਵਿੱਚ ਲੱਗੇ ਹੋਏ ਹਨ। ਇਨ੍ਹਾਂ ਵਿੱਚੋਂ 19 ਲੱਖ ਲੋਕ ਜ਼ਮੀਨ ਦੇ ਮਾਲਿਕ ਹਨ ਜਦਕਿ 16 ਲੱਖ ਖੇਤ ਮਜ਼ਦੂਰ ਹਨ। ਮੁੱਦਿਆਂ ਵਿੱਚ ਇਸ ਤੋਂ ਇਲਾਵਾ ਪਿੰਡ ਵਿੱਚ ਪਾਣੀ ਦਾ ਨਿਕਾਸ, ਪਰਾਲੀ ਸਾੜਨ ਤੋਂ ਰੋਕਣਾ, ਸਰਕਾਰ ਦੀਆਂ ਭਲਾਈ ਸਕੀਮਾਂ ਕਿਵੇਂ ਬਿਨਾਂ ਵਿਤਕਰੇ ਤੋਂ ਲਾਗੂ ਹੋਣ ਵਰਗੇ ਮੁੱਦੇ ਸ਼ਾਮਿਲ ਹਨ। ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਵੀ ਇੱਕ ਮੁੱਦਾ ਹੈ।

**ਕੀ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀਆਂ ਵਿੱਚ ਔਰਤਾਂ ਨੂੰ ਰਾਖਵੇਂਕਰਨ ਦਾ ਲਾਭ ਹੋਵੇਗਾ ?**

ਪੰਜਾਬ ਵਿੱਚ ਆਂਗਨਵਾੜੀ ਵਰਕਰ, ਆਸ਼ਾ ਵਰਕਰ ਜਾਂ ਮਨਰੇਗਾ ਵਰਕਰ ਉਮੀਦਵਾਰ ਹਨ। ਇਨ੍ਹਾਂ ਵਿੱਚੋਂ ਕੁਝ ਪੜ੍ਹੀਆਂ ਲਿਖੀਆਂ ਕੁੜੀਆਂ ਹਨ ਜਿਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਉਹ ਚੋਣਾਂ ਲੜਨਗੀਆਂ। ਇੱਕੋ ਵਾਰੀ ਵਿੱਚ ਸਾਰੀਆਂ ਔਰਤਾਂ ਵੱਡੇ ਅਹੁਦਿਆਂ ਤੱਕ ਤਾਂ ਨਹੀਂ ਪਹੁੰਚ ਸਕਦੀਆਂ ਪਰ ਹਾਂ ਇਸ ਵਾਰ ਉਸ ਪਾਸੇ ਇੱਕ ਕਦਮ ਪੁੱਟਿਆ ਗਿਆ ਹੈ।




The ONLY temple in the world outside India dedicated to Shri Shani Maharaj

# Shri SHANI DEV Mandir, New York
# Sarvamangala Shri SANEESWARA Temple, New York

*Regular Poojas' and Homas' are conducted on daily basis:*

*Special Poojas:*

- *Sri Saneeswara homam*
- *Sri Saneeswara - parikara pooja*
- *Sri Saneeswara harati*
- *Sri Navagraha Homa*
- *Poornima: vrata Pooja*
- *Pradosham Pooja*
- *Sri Sankatahara chaturthi Pooja*
- *Sri Satyanarayana Vratha*
- *Birthdays / Weddings / Upanayanam & More... ....*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

*The Temple entrance is in the western side parking lot behind Hot Breads & Maharajas in New Hyde Park NY*

***Functions of the space:***

*Temple / Community Events / Senior Social Day Care Center / Art & Music School / Library / Spiritual Lounge / Gift Shop*

**www.NavagrahaUSA.com**

# ਅਨੂਪ ਜਲੋਟਾ ਤੇ ਜਸਲੀਨ ਦੇ ਇਸ਼ਕ ਦਾ ਕਿਉਂ ਬਣਿਆ ਮਜ਼ਾਕ



ਅਕਸਰ ਕਿਹਾ ਜਾਂਦਾ ਹੈ ਕਿ ਇਸ਼ਕ ਨਾਜ਼ੁਕ ਹੁੰਦਾ ਹੈ। ਕੁਝ ਪ੍ਰੇਮ ਕਹਾਣੀਆਂ ਇੰਨੀਆਂ ਕੁ ਨਾਜ਼ੁਕ ਹਨ ਕਿ ਜੇਕਰ ਇਹ ਜੱਗ-ਜ਼ਾਹਿਰ ਹੋ ਜਾਣ ਤਾਂ ਆਸ਼ਿਕਾਂ ਦੀ ਸ਼ਾਮਤ ਹੀ ਆ ਜਾਵੇ। ਹਿੰਦੁਸਤਾਨ ਵਿੱਚ ਜੇ ਜਾਤ ਜਾਂ ਧਰਮ ਦਾ ਫਰਕ ਹੋਵੇ ਤਾਂ ਸਿਰਫ਼ ਪਰਿਵਾਰ ਤੇ ਸਮਾਜ ਨੂੰ ਤਕਲੀਫ਼ ਹੀ ਨਹੀਂ ਹੁੰਦੀ ਸਗੋਂ ਮੌਤ ਦਾ ਖ਼ਤਰਾ ਵੀ ਵਧ ਜਾਂਦਾ ਹੈ। ਪ੍ਰੇਮੀਆਂ ਦੀ ਆਰਥਿਕ ਹਾਲਤ ਵਿੱਚ ਪਾੜਾ ਹੋਵੇ ਤਾਂ ਹੀ ਲੋਕਾਂ ਦੇ ਢਿੱਡ ਪੀੜ ਪੈ ਜਾਂਦੀ ਹੈ। ਉਮਰ ਦਾ ਫਰਕ ਤਾਂ ਚੁਟਕਲਾ ਹੀ ਬਣ ਜਾਂਦਾ ਹੈ। ਹਾਲੀਆ ਉਦਾਹਰਣ ਹੈ ਅਨੂਪ ਜਲੋਟਾ (65) ਤੇ ਜਸਲੀਨ ਮਠਾੜੂ (28) ਦੀ ਜੋੜੀ ਦੀ। ਜ਼ਾਹਿਰ ਹੈ ਕਿ ਮਜ਼ਾਕ ਜਲੋਟਾ ਸਾਹਬ ਦਾ ਬਣ ਰਿਹਾ ਹੈ ਕਿਉਂਕਿ ਉਮਰ ਜ਼ਿਆਦਾ ਹੈ। ਕਿਹਾ ਜਾ ਰਿਹਾ ਹੈ ਕਿ ਦੋਵਾਂ ਵਿੱਚ 37 ਸਾਲ ਦਾ ਫਰਕ ਹੈ ਤਾਂ ਪ੍ਰੇਮਿਕਾ ਉਨ੍ਹਾਂ ਦੀ ਬੇਟੀ ਦੀ ਉਮਰ ਦੀ ਹੋਈ। ਇਸੇ ਮਜ਼ਾਕ ਵਿੱਚ ਈਰਖ਼ਾ ਵੀ ਹੈ। ਵੇਖੋ, ਜਵਾਨਾਂ ਨੂੰ ਪਿੱਛੇ ਛੱਡ ਗਿਆ! ਜੇਕਰ ਕਹਾਣੀ ਉਲਟ ਹੋਵੇ ਤਾਂ?

ਵਿਚਾਰ ਕਰਨ ਵਾਲੀ ਗੱਲ ਹੈ, ਜੇ 65 ਸਾਲਾਂ ਦੀ ਕੋਈ ਔਰਤ, ਉਹ ਵੀ ਅਨੂਪ ਜਲੋਟਾ ਵਾਂਗ ਭਜਨ ਗਾਉਣ ਵਾਲੀ ਜਾਂ ਕੋਈ ਸਤਿਸੰਗ ਕਰਨ ਵਾਲੀ ਕੋਈ ਦੇਵੀ ਜੀ, 28 ਸਾਲਾਂ ਦੇ ਕਿਸੇ ਸੋਹਣੇ ਗੱਭਰੂ ਦਾ ਹੱਥ ਫੜ ਲੈਂਦੀ, ਫੇਰ ਕੀ ਹੁੰਦਾ?

ਇੱਕ-ਅੱਧੇ ਮਹੀਨੇ ਪਹਿਲਾਂ ਦੀ ਗੱਲ ਹੈ, ਪ੍ਰਿਯੰਕਾ ਚੋਪੜਾ ਦਾ ਵੀ ਮਜ਼ਾਕ ਖ਼ੂਬ ਉੱਡਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਤੋਂ 10 ਸਾਲ ਛੋਟੇ ਨਿੱਕ ਜੋਨਸ ਨਾਲ ਮੰਗਣੀ ਕਰਾਈ ਹੈ। ਔਰਤ ਦੀ ਉਮਰ ਵੱਧ ਹੋਵੇ ਤਾਂ ਲੋਕਾਂ ਨੂੰ ਤਿੰਨ ਜਾਂ ਪੰਜ ਸਾਲ ਵੀ ਬਹੁਤ ਜ਼ਿਆਦਾ ਲਗਦੇ ਹਨ। ਮੈਂ ਪੜ੍ਹੇ-ਲਿਖੇ ਤੇ ਆਜ਼ਾਦ ਖਿਆਲ ਰੱਖਣ ਵਾਲੇ ਆਪਣੇ ਦੋਸਤਾਂ ਦੇ ਮੂੰਹੋਂ ਵੀ 'ਕ੍ਰੇਡਲ ਸਨੈਚਰ' ਸੁਣਿਆ ਹੈ, ਜਿਸਦਾ ਮਤਲਬ ਹੈ 'ਪੰਘੂੜੇ ਵਿਚੋਂ ਬੱਚਾ ਚੁਰਾਉਣ ਵਾਲੀ'। ਭਾਵੇਂ ਗੱਲ ਮਜ਼ਾਕ ਦੀ ਹੋਵੇ ਪਰ ਅੱਜ ਵੀ, ਨੌਜਵਾਨ ਪੀੜ੍ਹੀ ਦੀ ਨਜ਼ਰ ਵਿੱਚ ਵੀ, ਕਿਸੇ 30 ਵਰ੍ਹਿਆਂ ਦੀ ਔਰਤ ਨੂੰ ਕਿਸੇ 25 ਵਰ੍ਹਿਆਂ ਦੇ ਮਰਦ ਨਾਲ ਇਸ਼ਕ ਦੀ ਇਜਾਜ਼ਤ ਨਹੀਂ ਹੈ।

**ਵੱਡੀ ਉਮਰ ਦੀਆਂ ਔਰਤਾਂ ਨਾਲ ਵਿਆਹ ਸੋਚ ਤੋਂ ਪਰੇ**

ਕੋਈ ਅਖ਼ਬਾਰ ਹੀ ਚੁੱਕ ਲਵੋ, ਵਿਆਹ ਲਈ ਇਸ਼ਤਿਹਾਰਾਂ ਉੱਤੇ ਨਜ਼ਰ ਪਾਓ। ਜੇ 'ਮੁੰਡਾ' 28 ਸਾਲਾਂ ਦਾ ਹੋਵੇਗਾ ਤਾਂ 'ਕੁੜੀ' 21 ਤੋਂ 28 ਦੇ ਵਿੱਚ ਦੀ ਮੰਗੇਗਾ। ਜੇ 'ਮੁੰਡੇ' ਦੀ ਉਮਰ ਹੈ 38 ਤਾਂ 'ਕੁੜੀ' ਹੋਣੀ ਚਾਹੀਦੀ ਹੈ 25 ਤੋਂ 35 ਅਤੇ ਜੇ 'ਮੁੰਡਾ' ਹੈ 48 ਸਾਲਾਂ ਦਾ, ਤਾਂ 'ਕੁੜੀ' ਹੋਵੇ 30 ਤੋਂ 45 ਦੀ, ਵੱਧ ਤੋਂ ਵੱਧ। ਕੁਝ ਲੋਕ ਇਸਨੂੰ ਔਰਤ ਦੀ ਬੱਚਾ ਪੈਦਾ ਕਰਨ ਦੀ ਉਮਰ ਨਾਲ ਜੋੜਦੇ ਹਨ। ਪਰ ਸੱਚਾਈ ਇਹ ਹੈ ਕਿ ਜੇ ਕੋਈ ਮਰਦ ਢਲਦੀ ਉਮਰ ਵਿੱਚ ਵੀ ਵਿਆਹ ਕਰਾਉਂਦਾ ਹੈ ਤਾਂ ਵੀ ਇਹ ਅਸੰਤੁਲਨ ਨਹੀਂ ਬਦਲਦਾ। ਇਹ ਤੁਹਾਨੂੰ ਅਭਿਨੇਤਾਵਾਂ ਅਤੇ ਉਨ੍ਹਾਂ ਦੇ ਫ਼ਿਲਮੀ ਕਿਰਦਾਰਾਂ ਵਿੱਚ ਵੀ ਨਜ਼ਰ ਆਵੇਗਾ। ਪੰਜਾਹਾਂ ਸਾਲਾਂ ਦੀ ਉਮਰ ਵਿੱਚ ਵੀ ਅਭਿਨੇਤਾ ਪਰਦੇ ਉੱਤੇ 23-24 ਸਾਲਾਂ ਦੀਆਂ ਅਭਿਨੇਤਰੀਆਂ ਨਾਲ ਇਸ਼ਕ ਲੜਾਉਂਦੇ ਨਜ਼ਰ ਆਉਂਦੇ ਹਨ। ਅਭਿਨੇਤਰੀ 40 ਟੱਪੀ ਨਹੀਂ, ਪ੍ਰੇਮ ਕਹਾਣੀਆਂ ਠੱਪ! ਵਿਆਹ ਦੇ ਮਾਮਲੇ ਵਿੱਚ ਮਰਦ ਜੇ 10 ਸਾਲ ਵੱਡਾ ਵੀ ਹੋਵੇ ਤਾਂ ਚੰਗਾ ਹੀ ਮੰਨਿਆ ਜਾਂਦਾ ਹੈ। ਬਹੁਤੇ ਬੁਜ਼ੁਰਗ ਮੰਨਦੇ ਹਨ ਕਿ ਬੰਦਾ ਕਮਾਏਗਾ, ਔਰਤ ਛੋਟੀ ਹੋਵੇਗੀ ਤਾਂ ਕਾਬੂ ਵਿੱਚ ਰਹੇਗੀ। ਇਹੀ ਕੋਈ ਕੁੜੀ ਜੇ 10 ਸਾਲ ਵੱਡੀ ਹੋਵੇ ਤਾਂ ਮਨਜ਼ੂਰ ਨਹੀਂ। ਪਤਨੀ ਜਾਂ ਪ੍ਰੇਮਿਕਾ ਅਨੁਭਵੀ ਹੋਵੇ, ਚੰਗਾ-ਮਾੜਾ ਜਾਣਦੀ ਹੋਵੇ, ਖ਼ੁਦ ਪੈਸੇ ਕਮਾਉਂਦੀ ਹੋਵੇ, ਉਸਨੂੰ ਬੰਦੇ ਦੇ ਪੈਸੇ ਜਾਂ ਦੁਨੀਆਂਦਾਰੀ ਦੀ ਲੋੜ ਨਾ ਹੋਵੇ, ਇਹ ਕਿਸੇ ਨੂੰ ਰਾਸ ਨਹੀਂ ਆਉਂਦਾ।

**ਕਾਮੁਕ ਨਜ਼ਰਾਂ ਮਿਲਣਗੀਆਂ**

ਸਾਡਾ ਸਮਾਜ ਸ਼ੀਸ਼ੇ ਉੱਤੇ ਝਾਤ ਹੀ ਨਹੀਂ ਮਾਰਦਾ। ਅਧੇੜ ਉਮਰ ਦਾ ਕੋਈ ਆਦਮੀ, ਅਕਸਰ ਬੁਜ਼ੁਰਗ ਵੀ, ਜਦੋਂ ਕਿਸੇ ਔਰਤ ਨੂੰ ਦੇਖਦਾ ਹੈ ਤਾਂ ਉਸਦੀ ਨਜ਼ਰ ਵਿੱਚ ਹਮੇਸ਼ਾ ਮਮਤਾ ਨਹੀਂ ਹੁੰਦੀ। ਬਾਜ਼ਾਰ ਵਿੱਚ, ਰੈਸਟੋਰੈਂਟ ਵਿੱਚ, ਸਿਨੇਮਾ ਹਾਲ ਵਿੱਚ ਤੁਹਾਨੂੰ ਇਨ੍ਹਾਂ ਦੀ ਕਾਮੁਕ ਨਜ਼ਰ ਮਿਲ ਹੀ ਜਾਵੇਗੀ। ਇਹੀ ਕੋਈ ਅਧੇੜ ਉਮਰ ਦੀ ਔਰਤ ਵੀ ਜ਼ਰਾ ਆਤਮ ਵਿਸ਼ਵਾਸ ਨਾਲ ਘਰੋਂ ਬਾਹਰ ਨਿਕਲਦੀ, ਕਿਸੇ ਸੋਹਣੇ ਮੁੰਡੇ ਨੂੰ ਵੇਖਦੀ, ਤਾਂ ਉਸਨੂੰ ਖ਼ੂਬਸੂਰਤੀ ਹੀ ਨਜ਼ਰ ਆਉਂਦੀ। ਔਰਤ ਦੇ ਦਿਲ ਵਿੱਚ ਵੀ ਮਮਤਾ ਸ਼ਾਇਦ ਹੀ ਉੱਠਦੀ। ਇਹ ਗੱਲ ਹੋਰ ਹੈ ਕਿ ਸਾਡੇ ਸਮਾਜ ਵਿੱਚ ਔਰਤਾਂ ਜ਼ਿਆਦਾਤਰ ਪਹਿਲ ਨਹੀਂ ਕਰਦੀਆਂ। ਬਦਤਮੀਜ਼ੀ ਵੀ ਨਹੀਂ ਕਰਦੀਆਂ; ਨਜ਼ਰ ਉੱਤੇ ਪਰਦਾ ਹੀ ਰਹਿੰਦਾ ਹੈ। ਭਾਵੇਂ ਉਮਰ ਦਾ ਕੋਈ ਵੀ ਪੜਾਅ ਹੋਵੇ, ਨਜ਼ਰ ਨੀਵੀਂ ਰਹਿੰਦੀ ਹੈ। ਹੁਣ ਜਿਥੇ ਅੱਖਾਂ ਲੜਨਗੀਆਂ ਉੱਥੇ ਹੀ ਇਸ਼ਕ ਜਾਂ ਵਿਆਹ ਦੀ ਸੰਭਾਵਨਾ ਪੈਦਾ ਹੋਵੇਗੀ। ਪਰ ਅਨੂਪ ਜਲੋਟਾ ਸਾਹਬ ਤੋਂ ਉਮੀਦ ਹੈ ਕਿ ਉਹ ਭਜਨ ਹੀ ਗਾਉਂਦੇ ਰਹਿਣ, ਰੱਬ ਤੇ ਮਾਤਾ ਦੀ ਚੌਂਕੀ ਵਿੱਚ ਧਿਆਨ ਲਾਉਣ। ਜਾਇਦਾਦ ਹੋਵੇ ਤਾਂ ਬੱਚਿਆਂ ਲਈ ਛੱਡ ਜਾਣ। ਇਕੱਲਾਪਣ ਸਹਿਣ ਨਾ ਹੋਵੇ ਤਾਂ ਆਪਣੇ ਤੋਂ ਭਾਵੇਂ ਜ਼ਰਾ ਘੱਟ ਪਰ ਹਾਣ ਦੀ ਉਮਰ ਦੀ ਕਿਸੇ ਔਰਤ ਨਾਲ ਵਿਆਹ ਕਰਵਾ ਲੈਣ। ਲੋਕ ਵੀ ਕਹਿਣਗੇ, ਚਲੋ ਬੁਢਾਪੇ ਦਾ ਸਹਾਰਾ ਹੋ ਗਿਆ। ਸਮਾਜ ਮੁਤਾਬਕ ਪ੍ਰਿਯੰਕਾ ਚੋਪੜਾ ਨੂੰ ਵੀ ਇਹੀ ਫਾਰਮੂਲਾ ਅਪਣਾਉਣਾ ਚਾਹੀਦਾ ਸੀ। ਫਿਰ ਵੀ, ਕੀ ਕਰੀਏ? ਇਸ਼ਕ ਉਮਰ ਦਾ ਲਿਹਾਜ਼ ਨਹੀਂ ਕਰਦਾ। ਇਹ ਤਾਂ ਕਿਸੇ ਵੀ ਸ਼ੈਅ ਦਾ ਲਿਹਾਜ਼ ਨਹੀਂ ਕਰਦਾ। ਜਾਤ-ਧਰਮ ਦਾ ਨਹੀਂ, ਦਰਜੇ ਦਾ ਵੀ ਨਹੀਂ।ਸਾਡੇ ਇੱਥੇ ਲੋਕ ਹਰ ਉਸ ਚੀਜ਼ ਤੋਂ ਡਰਦੇ ਹਨ ਜਿਹੜੀ ਕਿਸੇ ਨੂੰ ਨਿੱਡਰ ਬਣਾ ਦਿੰਦੀ ਹੈ। ਇੱਕ ਵਾਰੀ 'ਲੋਕ ਕੀ ਕਹਿਣਗੇ' ਵਾਲਾ ਡਰ ਦਿਲੋਂ ਨਿਕਲ ਜਾਵੇ, ਫਿਰ ਇਨਸਾਨ ਨੂੰ ਕਿਸੇ ਝੂਠੀ ਰਸਮ-ਰਿਵਾਜ਼ ਦੇ ਰੱਸੇ ਨਾਲ ਬੰਨ੍ਹ ਕੇ ਰੱਖਣਾ ਔਖਾ ਹੈ। ਸ਼ਾਇਦ ਇਸੇ ਲਈ ਸਮਾਜ ਇਸ਼ਕ ਨੂੰ ਹੀ ਰੱਸਾ ਪਾਉਣਾ ਚਾਹੁੰਦਾ ਹੈ — ਧਮਕੀ ਦੇ ਕੇ, ਮਾਰ ਕੇ, ਜਾਂ ਮਜ਼ਾਕ ਬਣਾ ਕੇ।



## ਪ੍ਰਤਾਪ ਬਾਜਵਾ ਬਣੇ ਕਾਂਗਰਸ ਕਮੇਟੀ ਦੇ ਵਿਦੇਸ਼ੀ ਮਾਮਲਿਆਂ ਦੇ ਵਿਭਾਗ ਦੇ ਉਪ-ਚੇਅਰਮੈਨ



ਨਵੀਂ ਦਿੱਲੀ— ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਿਦੇਸ਼ ਮਾਮਲਿਆਂ ਦੇ ਵਿਭਾਗ 'ਚ ਪੰਜਾਬ ਤੋਂ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਉਪ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਬਾਜਵਾ ਤੋਂ ਇਲਾਵਾ ਭੁਵਨੇਸ਼ਵਰ ਕਾਲੀਤਾ ਨੂੰ ਵਿਭਾਗ ਦਾ ਉਪ ਚੇਅਰਮੈਨ ਬਣਾਇਆ ਗਿਆ ਹੈ। ਉਥੇ ਹੀ ਮਨੀਸ਼ ਤਿਵਾਰੀ ਅਤੇ ਐੱਮ.ਐੱਮ.ਪੱਲਾਮਰਾਜੂ ਨੂੰ ਜਨਰਲ ਸਕੱਤਰ, ਦੀਪੇਂਦਰ ਹੁੱਡਾ ਅਤੇ ਐਡਵੋਕੇਟ ਸੰਜੀਵ ਜੋਸਿਫ ਨੂੰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਥੇ ਹੀ ਵਿਭਾਗ ਦਾ ਕਨਵੀਨਰ ਰਾਗਿਨੀ ਨਾਇਕ ਅਤੇ ਕੋ-ਕਨਵੀਰ ਸੰਜੈ ਚੰਡੋਕ ਨੂੰ ਨਿਯੁਕਤ ਕੀਤਾ ਗਿਆ ਹੈ।

## ਤਲਵੰਡੀ ਸਾਬੋਂ 'ਚ ਵਿਆਹੁਤਾ ਨਾਲ ਗੈਂਗਰੇਪ, ਸੜਕ 'ਤੇ ਸੁੱਟੀ ਪੀੜਤਾ

ਬਠਿੰਡਾ: ਤਸਵੰਡੀ ਸਾਬੋਂ ਵਿੱਚ ਇੱਕ ਵਿਆਹੁਤਾ ਮਹਿਲਾ ਨਾਲ ਗੈਂਗਰੇਪ ਦੀ ਘਟਨਾ ਸਾਹਮਣੇ ਆਈ ਹੈ। ਇਲਜ਼ਾਮ ਹੈ ਕਿ ਪਹਿਲਾਂ ਬੱਸ ਦੀ ਉਡੀਕ ਕਰ ਰਹੀ ਮਹਿਲਾ ਨੂੰ ਜ਼ਬਰਦਸਤੀ ਕਾਰ ਵਿੱਚ ਬਿਠਾਇਆ। ਕਾਰ ਵਿੱਚ ਬਦਮਾਸ਼ਾਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਫਿਰ ਉਸਨੂੰ ਸੜਕ 'ਤੇ ਸੁੱਟ ਕੇ ਫਰਾਰ ਹੋ ਗਏ। ਘਟਨਾ 16 ਸਤੰਬਰ ਦੀ ਹੈ, ਜਿਸਦੇ ਦੋ ਦਿਨ ਬਾਅਦ ਕੇਸ ਦਰਜ ਕੀਤਾ ਗਿਆ। ਪੁਲਿਸ ਨੂੰ ਦਿੱਤੇ ਬਿਆਨ ਵਿੱਚ ਤਸਵੰਡੀ ਸਾਬੋਂ ਦੀ 28 ਸਾਲਾ ਮਹਿਲਾ ਨੇ ਦੱਸਿਆ ਕਿ ਉਹ 16 ਸਤੰਬਰ ਨੂੰ ਖੰਡਾ ਚੌਂਕ 'ਤੇ ਬੱਸ ਦੀ ਉਡੀਕ ਕਰ ਰਹੀ ਸੀ। ਇਸੇ ਦੌਰਾਨ ਇੱਕ ਕਾਰ ਉਸ ਕੋਲ ਆ ਕੇ ਰੁਕੀ। ਜਿਸ ਵਿੱਚ ਸਵਾਰ ਦੋ ਵਿਅਕਤੀਆਂ ਨੇ ਉਸਨੂੰ ਲਿਫਟ ਦੇਣ ਦੀ ਪੇਸ਼ਕਸ਼ ਕੀਤੀ। ਜਦੋਂ ਮਹਿਲਾ ਨੇ ਮਨ੍ਹਾ ਕੀਤਾ ਤਾਂ ਉਹ ਉਸਨੂੰ ਜ਼ਬਰਦਸਤੀ ਕਾਰ ਵਿੱਚ ਬਿਠਾ ਕੇ ਰਾਮਾਂਮੰਡੀ ਦੇ ਪਿੰਡ ਬੰਗੀ ਕਲਾਂ ਲੈ ਗਏ। ਉੱਥੇ ਮੁਲਜ਼ਮਾਂ ਨੇ ਇੱਕ ਘਰ ਵਿੱਚ ਉਸ ਦਾ ਬਲਾਤਕਾਰ ਕੀਤਾ ਤੇ ਉਸਦੇ ਬਾਅਦ ਉਸਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਸੜਕ 'ਤੇ ਸੁੱਟ ਕੇ ਫਰਾਰ ਹੋ ਗਏ। ਮਹਿਲਾ ਨੇ ਆਪਣੇ ਪਰਿਵਾਰ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਪਰਿਵਾਰ ਵਾਲਿਆਂ ਨੇ ਮੌਕੇ 'ਤੇ ਪਹੁੰਚ ਕੇ ਪੀੜਤਾ ਨੂੰ ਹਸਪਤਾਲ ਦਾਖ਼ਲ ਕਰਾਇਆ। ਪੁਲਿਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਮੁਸਲਮਾਨ ਨਹੀਂ ਚਾਹੀਦੇ ਕਹਿਣ ਨਾਲ ਹਿੰਦੂਤਵ ਨਹੀਂ ਰਹੇਗਾ-ਆਰਐੱਸਐੱਸ ਪ੍ਰਮੁੱਖ ਮੋਹਨ ਭਾਗਵਤ



ਚੰਡੀਗੜ੍ਹ : ਰਾਸ਼ਟਰੀਯ ਸਵੈਮ ਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਨੇ ਕਿਹਾ ਹੈ ਕਿ ਹਿੰਦੂਤਵ ਇੱਕ ਸਰਬਸਾਂਝਾ ਵਿਚਾਰ ਹੈ, ਜੋ ਪਰੰਪਰਾ ਤੋਂ ਚੱਲਿਆ ਆ ਰਿਹਾ ਹੈ। ਇਹ ਵਿਚਾਰ ਵਿਭਿੰਨਤਾ ਦੇ ਸਨਮਾਨ ਕਾਰਨ ਚੱਲਦਾ ਆ ਰਿਹਾ ਹੈ। ਦਿੱਲੀ ਦੇ ਵਿਗਿਆਨ ਭਵਨ ਵਿਚ ਚੱਲ ਰਹੇ ਤਿੰਨ ਰੋਜ਼ਾ ਸੰਮੇਲਨ ਦੇ ਦੂਜੇ ਦਿਨ 'ਭਵਿੱਖ ਦਾ ਭਾਰਤ' ਮੁੱਦੇ ਉੱਤੇ ਬੋਲਦਿਆਂ ਉਨ੍ਹਾਂ ਹਿੰਦੂਤਵ ਆਪਣੇ ਸੰਘ ਦਾ ਦ੍ਰਿਸ਼ਟੀਕੋਣ ਸਾਂਝਾ ਕੀਤਾ।

ਉਨ੍ਹਾਂ ਕਿਹਾ ਕਿ ਵੈਦਿਕ ਕਾਲ ਵਿਚ ਹਿੰਦੂ ਨਾਮ ਦਾ ਕੋਈ ਧਰਮ ਨਹੀਂ ਸੀ ਬਲਕਿ ਸਨਾਤਨ ਧਰਮ ਹੁੰਦਾ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਅੱਜ ਜੋ ਕੁਝ ਹੋ ਰਿਹਾ ਹੈ ਉਹ ਧਰਮ ਨਹੀਂ ਹੈ, "ਜਿਸ ਦਿਨ ਅਸੀਂ ਕਹਾਂਗੇ ਕਿ ਸਾਨੂੰ ਮੁਸਲਮਾਨ ਨਹੀਂ ਚਾਹੀਦੇ ਉਸ ਦਿਨ ਹਿੰਦੂਤਵ ਨਹੀਂ ਰਹੇਗਾ।"

ਮੋਹਨ ਭਾਗਵਤ ਨੇ ਦਾਅਵਾ ਕੀਤਾ ਕਿ ਸੰਘ ਸੰਪੂਰਨ ਸਮਾਜ ਨੂੰ ਜੋੜਨ ਦਾ ਕਾਰਜ ਕਰਦਾ ਹੈ ਅਤੇ ਰਾਜਨੀਤੀ ਤੋਂ ਦੂਰ ਰਹਿੰਦਾ ਹੈ।

**'ਰਾਜਨੀਤੀ ਨਹੀਂ ਕਰਦੇ'**

ਸੰਘ ਮੁਖੀ ਨੇ ਇਹ ਵੀ ਦਾਅਵਾ ਕੀਤਾ ਕਿ ਮੌਜੂਦਾ ਕੇਂਦਰੀ ਸਰਕਾਰ ਦੀਆਂ ਨੀਤੀਆਂ ਵਿਚ ਸੰਘ ਦਾ ਕੋਈ ਦਖਲ ਨਹੀਂ ਹੈ।

ਭਾਗਵਤ ਨੇ ਦਾਅਵਾ ਕੀਤਾ ਕਿ ਉਨ੍ਹਾਂ ਕਦੇ ਕਿਸੇ ਸਵੈਮ ਸੇਵਕ ਨੂੰ ਕਿਸੇ ਖਾਸ ਸਿਆਸੀ ਪਾਰਟੀ ਦਾ ਸਮਰਥਨ ਕਰਨ ਲਈ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਕੌਣ ਰਾਜ ਕਰੇਗਾ ਇਹ ਲੋਕਾ ਤੈਅ ਕਰਨਗੇ। ਭਾਗਵਤ ਨੇ ਕਿਹਾ, 'ਅਸੀਂ ਰਾਜਨੀਤੀ ਤੋਂ ਵੱਧ ਰਾਸ਼ਟਰਨੀਤੀ ਬਾਰੇ ਸੋਚਦੇ ਹਾਂ, ਨੀਤੀ ਕਿਸੇ ਦੀ ਵੀ ਹੋ ਸਕਦੀ ਹੈ।ਸਾਡੀ ਕਿਸੇ ਨਾਲ ਦੁਸ਼ਮਣੀ ਵੀ ਨਹੀਂ ਹੈ ਅਤੇ ਨਾ ਹੀ ਕਿਸੇ ਨਾਲ ਜ਼ਿਆਦਾ ਦੋਸਤੀ ਹੈ।'

## ਵੱਕਾਰ ਬਹਾਲੀ ਲਈ ਅਕਾਲੀ ਦਲ ਦੀ ਨਵੀਂ ਰਣਨੀਤੀ, ਖੜ੍ਹਾ ਕੀਤਾ 'ਅੱਤਵਾਦ' ਦਾ ਹਊਆ!

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਆਪਣੇ ਖੁੱਸੇ ਵੱਕਾਰ ਨੂੰ ਬਹਾਲ ਕਰਨ ਲਈ ਪੰਜਾਬ ਵਿੱਚ ਮੁੜ 'ਅੱਤਵਾਦ' ਪੈਦਾ ਹੋਣ ਦੇ ਖਤਰੇ ਨੂੰ ਉਭਾਰ ਰਿਹਾ ਹੈ। ਫਰੀਦਕੋਟ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਵੱਲੋਂ ਸਾਰਾ ਧਿਆਨ ਪੰਜਾਬ ਦੀ ਅਮਨ-ਸ਼ਾਂਤੀ ਨੂੰ ਖਤਰੇ 'ਤੇ ਕੇਂਦਰਤ ਕਰਨ ਮਗਰੋਂ ਅੱਜ ਅਕਾਲੀ ਦਲ ਦੇ ਵਫਦ ਨੇ ਰਾਜਪਾਲ ਵੀਪੀ ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ। ਰਾਜਪਾਲ ਨੂੰ ਮਿਲਣ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਹਾਲਤ ਵਿਗੜ ਚੁੱਕੀ ਹੈ। ਸੂਬੇ ਵਿੱਚ ਕਤਲ ਤੇ ਬੰਬ ਧਮਾਕੇ ਹੋ ਰਹੇ ਹਨ। ਸਰਕਾਰ ਦੀ ਗਰਮ ਖਿਆਲੀਆਂ ਨਾਲ ਸਾਂਝ ਹੈ ਜੋ ਮਾਹੌਲ ਖਰਾਬ ਕਰ ਰਹੇ ਹਨ। ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਅਕਾਲੀ ਲੀਡਰ ਬਿਮਰਮ ਮਜੀਠੀਆ ਨੇ ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਲੰਧਰ ਦੇ ਮਕਸੂਦਾਂ ਵਿੱਚ ਹੋਏ ਬੰਬ ਧਮਾਕੇ ਦੀ ਜ਼ਿੰਮੇਵਾਰੀ ਅੱਤਵਾਦੀ ਸੰਗਠਨ ਨੇ ਲਈ ਹੈ। ਪੁਲਿਸ ਦੀ ਮਿਲੀਭੁਗਤ ਨਾਲ ਭਰਾ ਮਾਰੂ ਜੰਗ ਕਰਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

## ਮਜੀਠੀਆ ਦਾ ਦਾਅਵਾ, ਅਕਾਲ ਤਖ਼ਤ ਦੇ ਜਥੇਦਾਰ ਨੂੰ ਪਤਿਤ ਸਿੱਖ ਨਹੀਂ ਮਿਲ ਸਕਦੇ, ਸਿੱਧੂ ਕਿਵੇਂ ਗਿਆ?

ਅੰਮ੍ਰਿਤਸਰ: ਸੀਨੀਅਰ ਅਕਾਲੀ ਲੀਡਰ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕੋਈ ਪਤਿਤ ਸਿੱਖ ਨਹੀਂ ਮਿਲ ਸਕਦਾ ਤਾਂ ਫਿਰ ਨਵਜੋਤ ਸਿੱਧੂ ਕਿਵੇਂ ਮਿਲ ਆਇਆ। ਮਜੀਠੀਆ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਪਤਿਤ ਸਿੱਖਾਂ ਬਾਰੇ ਅਜਿਹਾ ਹੁਕਮ ਬਾਕਾਇਦਾ ਲਿਖਤੀ ਰੂਪ ਵਿੱਚ ਵੀ ਲਾਇਆ ਹੋਇਆ ਹੈ। ਦਰਅਸਲ, ਬੀਤੇ ਦਿਨੀਂ ਨਵਜੋਤ ਸਿੱਧੂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਪਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕੀਤੀ ਸੀ। ਮਜੀਠੀਆ ਅੱਜ ਪੰਚਾਇਤੀ ਚੋਣਾਂ ਲਈ ਚੋਣ ਪ੍ਰਚਾਰ ਦੇ ਆਖਰੀ ਦਿਨ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਿਰੁੱਧ ਬੋਲਦਿਆਂ ਕਹਿ ਰਹੇ ਸਨ। ਮਜੀਠੀਆ ਨੇ ਕਿਹਾ ਕਿ ਸਿੱਧੂ ਜੋੜਾ ਵੱਖ-ਵੱਖ ਧਰਮਾਂ ਨੂੰ ਮੰਨਦਾ ਹੈ ਤੇ ਨਵਜੋਤ ਸਿੱਧੂ ਤਾਂ ਖ਼ੁਦ ਪਤਿਤ ਸਿੱਖ ਹੈ, ਇਹ ਦਰਬਾਰ ਸਾਹਿਬ ਕਿਵੇਂ ਜਾ ਸਕਦਾ ਹੈ। ਅੱਗੇ ਮਜੀਠੀਆ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਦੇ ਦਫ਼ਤਰ ਬਾਹਰ ਸਪੱਸ਼ਟ ਲਿਖਿਆ ਹੋਇਆ ਹੈ ਕਿ ਪਤਿਤ ਸਿੱਖ ਦੀ ਇੱਥੇ ਐਂਟਰੀ ਮਨ੍ਹਾ ਹੈ। ਇਸ ਤੋਂ ਪਹਿਲਾਂ ਰੈਲੀ ਨੂੰ ਸੰਬੋਧਨ ਕਰਦਿਆਂ ਬਿਕਰਮ ਮਜੀਠੀਆ ਨੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਵੀ ਤਿੱਖਾ ਵਿਅੰਗ ਕੀਤਾ। ਮਜੀਠੀਆ ਨੇ ਕਿਹਾ ਕਿ (ਮੁਆਫ਼ੀ ਮੰਗਣ ਤੋਂ ਬਾਅਦ) ਕੇਜਰੀਵਾਲ ਹੁਣ ਮੇਰੇ ਤੋਂ ਪੁੱਛੇ ਬਗੈਰ ਆਪਣੀ ਗੱਡੀ ਵੀ ਸਟਾਰਟ ਨਹੀਂ ਕਰਦਾ ਤੇ ਹੁਣ ਮੈਨੂੰ ਪੁੱਛਦਾ ਫਿਰਦਾ ਹੈ ਕਿ ਮੈਂ ਪਾਰਟੀ ਕਿਵੇਂ ਇਕੱਠੀ ਕਰਾਂ। ਜ਼ਿਕਰਯੋਗ ਹੈ ਕਿ ਕੇਜਰੀਵਾਲ ਨੇ ਮਜੀਠੀਆ ਤੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਸ਼ਾ ਤਸਕਰੀ ਬਾਰੇ ਲਾਏ ਇਲਜ਼ਾਮਾਂ ਕਰਕੇ ਲਿਖਤੀ ਮੁਆਫ਼ੀ ਮੰਗ ਲਈ ਸੀ।



# ਨਵਜੋਤ ਸਿੰਘ ਸਿੱਧੂ: ਸੁਸ਼ਮਾ ਸਵਰਾਜ ਨੇ ਕਿਹਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਜਲਦ ਚਿੱਠੀ ਭੇਜਣਗੇ



ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਕਰਤਾਰਪੁਰ ਲਾਂਘਾ ਖੋਲ੍ਹਣ ਨੂੰ ਲੈ ਕੇ ਮੁਲਾਕਾਤ ਤੋਂ ਬਾਅਦ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਭਾਰਤ ਸਰਕਾਰ ਸਾਕਾਰਾਤਮਕ ਕਦਮ ਚੁੱਕੇਗੀ। ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰਨਸ ਦੇ ਦੌਰਾਨ ਸਿੱਧੂ ਨੇ ਕਿਹਾ ਕਿ ਸੁਸ਼ਮਾ ਸਵਰਾਜ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਇੱਕ ਡਰਾਫਟ ਤਿਆਰ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਉਹ ਪਾਕਿਸਤਾਨ ਸਰਕਾਰ ਨੂੰ ਲਾਂਘਾ ਖੋਲ੍ਹਣ ਲਈ ਚਿੱਠੀ ਲਿਖਣਗੇ। ਸਿੱਧੂ, ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸੱਦੇ 'ਤੇ ਪਾਕਿਸਤਾਨ ਗਏ ਸਨ ਅਤੇ ਉੱਥੇ ਇਹ ਮੁੱਦਾ ਚੁੱਕਿਆ ਗਿਆ ਸੀ। ਇਸ ਤੋਂ ਬਾਅਦ ਬੀਬੀਸੀ ਨਾਲ ਗੱਲਬਾਤ ਕਰਦਿਆਂ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਕਿਹਾ,"ਕਰਤਾਰਪੁਰ ਸਰਹੱਦ ਖੋਲ੍ਹੀ ਜਾ ਰਹੀ ਹੈ, ਗੁਰਦੁਆਰੇ ਤੱਕ ਆਉਣ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ। ਉੱਥੋਂ ਤੱਕ ਆਉਣ ਲਈ ਰਸਤਾ ਬਣਾਇਆ ਜਾਵੇਗਾ। ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂ ਟਿਕਟ ਖਰੀਦ ਕੇ ਆ ਸਕਣਗੇ ਅਤੇ ਮੱਥਾ ਟੇਕਣ ਤੋਂ ਬਾਅਦ ਵਾਪਸ ਜਾ ਸਕਣਗੇ।"

**'ਸਿੱਖ ਆਪਣੇ ਮੱਕੇ ਨਹੀਂ ਜਾ ਸਕੇ'**

ਸਿੱਧੂ ਨੇ ਕਿਹਾ ਕਿ 1947 ਤੋਂ ਬਾਅਦ ਸਿੱਖ ਆਪਣੇ ਮੱਕੇ ਦੇ ਦਰਸ਼ਨ ਨਹੀਂ ਕਰ ਸਕੇ ਹਨ। ਉਨ੍ਹਾਂ ਕਿਹਾ, "ਸਾਨੂੰ ਆਪਣੇ ਮੱਕਾ ਜਾਣ ਤੋਂ ਮਨਾਹੀ ਹੈ। ਮੇਰੀ ਗੁਜ਼ਾਰਿਸ਼ ਹੈ ਕਿ 10 ਕਰੋੜ ਤੋਂ ਵੱਧ ਨਾਨਕ ਨਾਮ ਲੇਵਾ ਭਗਤਾਂ ਨੂੰ ਉਨ੍ਹਾਂ ਦੇ ਮੱਕਾ ਜਾਣ ਦੀ ਇਜਾਜ਼ਤ ਮਿਲੇ।" "ਪਾਕਿਸਤਾਨ ਨੇ ਕਿਹਾ ਹੈ ਕਿ ਜੇ ਭਾਰਤ ਵੱਲੋਂ ਇਸ ਮਾਮਲੇ ਵਿੱਚ ਕੋਈ ਚਿੱਠੀ ਆਉਂਦੀ ਹੈ ਤਾਂ ਉਹ ਸਕਾਰਾਤਮਕ ਜਵਾਬ ਦੇਣਗੇ।" ਸਿੱਧੂ ਨੇ ਕਿਹਾ, "ਹਰ ਭਾਰਤੀ ਕਰਤਾਰਪੁਰ ਸਾਹਿਬ ਜਾਣਾ ਚਾਹੁੰਦਾ ਹੈ। ਰਸਤਾ ਤਾਂ ਪਾਕਿਸਤਾਨ ਦਾ ਹੈ। ਅਸੀਂ ਤਾਂ ਸਿਰਫ ਜਾਣਾ ਹੈ।" "ਅਸੀਂ ਮਾਨਸਰੋਵਰ ਜਾਂਦੇ ਹਾਂ, ਤਿਰੁਪਤੀ ਜਾਂਦੇ ਹਾਂ, ਪਰ ਆਪਣੇ ਮੱਕਾ ਨਹੀਂ ਜਾ ਸਕਦੇ।"

## ਸਿੱਧੂ ਨੇ ਮਾਮਲੇ ਨੂੰ ਉਲਝਾਅ ਦਿੱਤਾ ਹੈ

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਜਵਾਬੀ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੁਸ਼ਮਾ ਸਵਰਾਜ ਵੱਲੋਂ ਇਸ ਮਾਮਲੇ ਬਾਰੇ ਚਿੱਠੀ ਆਈ ਹੈ ਜਿਸ ਵਿੱਚ ਲਿਖਿਆ ਹੈ ਕਿ ਪਾਕਿਸਤਾਨ ਵੱਲੋਂ ਇਸ ਮਾਮਲੇ ਵਿੱਚ ਕੋਈ ਪਹਿਲ ਨਹੀਂ ਕੀਤੀ ਗਈ ਹੈ। ਹਰਸਿਮਰਤ ਕੌਰ ਬਾਦਲ ਨੇ ਕਿਹਾ, "ਸਿੱਧੂ ਲੋਕਾਂ ਨੂੰ ਵਰਗਲਾ ਰਹੇ ਹਨ। ਉਹ ਇਸ ਮਾਮਲੇ ਨੂੰ ਉਲਝਾ ਰਹੇ ਹਨ।" ਉਨ੍ਹਾਂ ਕਿਹਾ, "ਜਦੋਂ ਸਿੱਧੂ ਪਾਕਿਸਤਾਨ ਤੋਂ ਵਾਪਿਸ ਆਏ ਤਾਂ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਏ ਗਏ ਕਿਉਂਕਿ ਉਹ ਉਸ ਇਨਸਾਨ ਨੂੰ ਜੱਫ਼ੀ ਪਾ ਕੇ ਆਏ ਸਨ



ਜਿਸ ਨੇ ਸਾਡੇ ਲੋਕਾਂ ਨੂੰ ਮਾਰਿਆ ਸੀ। ਮਾਫੀ ਮੰਗਣ ਦੀ ਥਾਂ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੇ ਹਨ।" ਸੁਸ਼ਮਾ ਸਵਰਾਜ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਉਹ ਇਸ ਮਾਮਲੇ ਨੂੰ ਪਾਕਿਸਤਾਨ ਨਾਲ ਚੁੱਕਦੇ ਰਹਿਣਗੇ। ਸਿੱਧੂ ਨੂੰ ਜਦੋਂ ਹਰਸਿਮਰਤ ਦੇ ਇਲਜ਼ਾਮਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਸਿੱਧੂ ਨੇ ਕਿਹਾ, "ਗੁਰੂ ਘਰ ਦੀ ਗੱਲ ਹੋ ਰਹੀ ਹੈ, ਮੂੰਹ ਦਾ ਸਵਾਦ ਨਾ ਖਰਾਬ ਕਰੋ।"

# ਕੀ ਨਵਜੋਤ ਸਿੰਘ ਸਿੱਧੂ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ 'ਪਾਈ ਝਾੜ'

ਦਿ ਟਾਈਮਜ਼ ਆਫ਼ ਇੰਡੀਆ ਮੁਤਾਬਕ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਪਾਕਿਸਤਾਨ ਨਾਲ ਗੱਲਬਾਤ ਅੱਗੇ ਵਧਾਉਣ ਲਈ ਕਿਹਾ। ਅਖ਼ਬਾਰ ਦੇ ਮੁਤਾਬਕ ਇਹ ਕਿਹਾ ਜਾ ਰਿਹਾ ਹੈ ਕਿ ਸਿੱਧੂ ਵੱਲੋਂ ਪਾਕਿਸਤਾਨ ਫੌਜ ਮੁਖੀ ਕਮਰ ਬਾਜਵਾ ਨੂੰ ਗਲੇ ਲਾਉਣ ਅਤੇ ਕਰਤਾਰਪੁਰ ਲਾਂਘੇ ਨੂੰ ਸਿਆਸੀ ਮੁੱਦਾ ਬਣਾਉਣ ਕਾਰਨ ਸੁਸ਼ਮਾ ਸਵਰਾਜ ਨਾਰਾਜ਼ ਹਨ। ਭਾਰਤ ਦਾ ਕਹਿਣਾ ਹੈ ਕਿ ਇਸ ਮੁੱਦੇ 'ਤੇ ਅੱਗੇ ਵਧਣ ਤੋਂ ਪਹਿਲਾਂ ਪਾਕਿਸਤਾਨ ਦੇ ਰਸਮੀ ਐਲਾਨ ਦੀ ਉਡੀਕ ਕੀਤੀ ਜਾਵੇਗੀ। ਕੇਂਦਰੀ ਮੰਤਰੀ ਅਤੇ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਨੇ ਟਵੀਟ ਕਰ ਕੇ ਦਾਅਵਾ ਕੀਤਾ ਹੈ ਕਿ ਕਰਤਾਪੁਰ ਲਾਂਘੇ ਦੇ ਮੁੱਦੇ ਵਿੱਚ ਦਖਲ ਦੇਣ ਅਤੇ ਪਾਕਿਸਤਾਨ ਦੌਰੇ ਦੀ ਇਜਾਜ਼ਤ ਦਾ ਗਲਤ ਇਸਤੇਮਾਲ ਕਰਨ ਕਾਰਨ ਸੁਸ਼ਮਾ ਸਵਰਾਜ ਨੇ ਨਵਜੋਤ ਸਿੰਘ ਸਿੱਧੂ ਨੂੰ ਫਟਕਾਰ ਲਗਾਈ ਹੈ।

**ਸਿੱਖ ਜਥੇਬੰਦੀਆਂ ਮਿਲਣਗੀਆਂ ਇਮਰਾਨ ਖਾਨ ਨੂੰ**

ਦਿ ਟ੍ਰਿਬਿਊਨ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹਣ ਸਬੰਧੀ ਇੱਕ ਵਫ਼ਦ ਪਾਕਿਸਤਾਨ ਜਾਏਗਾ ਅਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਮੁਲਾਕਾਤ ਕਰੇਗਾ। ਸਿਰਸਾ ਨੇ ਕਿਹਾ, "ਇਸ ਸਬੰਧੀ ਭਾਰਤੀ ਹਾਈ ਕਮਿਸ਼ਨ ਨੂੰ ਅਰਜ਼ੀ ਦੇ ਦਿੱਤੀ ਗਈ ਹੈ ਕਿ ਉਹ ਪਾਕਿ ਹਾਈ ਕਮਿਸ਼ਨ ਨਾਲ ਸੰਪਰਕ ਕਰਨ ਤਾਂ ਕਿ ਵਫ਼ਦ ਪਾਕਿਸਤਾਨ ਦਾ ਦੌਰਾ ਕਰ ਸਕੇ।"



# ਸੁੱਚਾ ਸਿੰਘ ਛੋਟੇਪਰ ਨੇ ਕਿਹਾ, ਜੇ ਕੇਜਰੀਵਾਲ ਗੱਲ ਕਰਨ ਤਾਂ ਹੀ ਬਣੇਗੀ ਗੱਲ



"ਮੈਨੂੰ ਜੋ ਦੁਖ ਤਕਲੀਫ਼ਾਂ ਮਿਲੀਆਂ ਹਨ ਉਹ ਮੈਂ ਭੁੱਲ ਨਹੀਂ ਰਿਹਾ, ਪੰਜਾਬ ਦਾ ਜੋ ਨੁਕਸਾਨ ਇਹਨਾਂ ਨੇ ਕੀਤਾ ਹੈ ਉਹ ਮੈਨੂੰ ਪੂਰੀ ਤਰ੍ਹਾਂ ਯਾਦ ਹੈ।" ਅਜਿਹਾ ਕਹਿਣਾ ਹੈ ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਦਾ। ਸੁੱਚਾ ਸਿੰਘ ਛੋਟੇਪੁਰ ਆਮ ਆਦਮੀ ਪਾਰਟੀ ਪੰਜਾਬ ਦੇ ਸਾਬਕਾ ਕਨਵੀਨਰ ਹਨ। ਉਨ੍ਹਾਂ ਉੱਤੇ ਪਾਰਟੀ ਵੱਲੋਂ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਅਹੁਦੇ ਤੋਂ ਹਟ ਦਿੱਤਾ ਗਿਆ ਸੀ। ਆਮ ਆਦਮੀ ਪਾਰਟੀ ਪੰਜਾਬ ਦੇ ਆਗੂਆਂ ਵੱਲੋਂ ਐਤਵਾਰ ਸ਼ਾਮ ਨੂੰ ਸੁੱਚਾ ਸਿੰਘ ਛੋਟੇਪੁਰ ਨਾਲ ਕੀਤੀ ਗਈ ਮੁਲਾਕਾਤ ਤੋਂ ਬਾਅਦ ਸੂਬੇ ਦੇ ਸਿਆਸੀ ਹਲਕਿਆਂ ਵਿਚ ਉਨ੍ਹਾਂ ਦੀ ਘਰ ਵਾਪਸੀ ਦੀ ਚਰਚਾ ਤੇਜ਼ ਹੋ ਗਈ ਹੈ। ਸੁੱਚਾ ਸਿੰਘ ਛੋਟੇਪੁਰ ਨਾਲ ਇਹ ਮੁਲਾਕਾਤ ਬੀਤੇ ਐਤਵਾਰ ਉਨ੍ਹਾਂ ਦੇ ਮੁਹਾਲੀ ਸਥਿਤ ਘਰ ਵਿਚ ਹੋਈ ਸੀ। ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਆਖਿਆ ਕਿ ਪਾਰਟੀ ਨੇ ਉਨ੍ਹਾਂ ਨੂੰ ਬਹੁਤ ਤਕਲੀਫ਼ਾਂ ਦਿੱਤੀਆਂ ਹਨ। ਇਸ ਸਬੰਧੀ ਉਨ੍ਹਾਂ ਆਪਣਾ ਗਿਲਾ ਮੁਲਾਕਾਤ ਕਰਨ ਆਏ ਆਮ ਆਦਮੀ ਪਾਰਟੀ ਪੰਜਾਬ ਦੇ ਆਗੂਆਂ ਕੋਲ ਕੀਤਾ ਹੈ। ਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨਾਲ ਮੁਲਾਕਾਤ ਕਰਨ ਆਏ ਆਗੂਆਂ ਨੂੰ ਆਖਿਆ ਹੈ ਕਿ ਉਹ ਇਹ ਸਾਰੀਆਂ ਭਾਵਨਾਵਾਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਕੋਲ ਪਹੁੰਚਾ ਦੇਣ, ਜੇਕਰ ਕੇਜਰੀਵਾਲ ਉਨ੍ਹਾਂ ਨਾਲ ਗੱਲ ਕਰਦੇ ਹਨ ਤਾਂ ਇਹ ਸਿਲਸਿਲਾ ਅੱਗੇ ਵਧ ਸਕਦਾ ਹੈ, ਨਹੀਂ ਤਾਂ ਇੱਥੇ ਹੀ ਰੁਕ ਜਾਵੇਗਾ। ਉਨ੍ਹਾਂ ਨੇ ਨਾਲ ਹੀ ਸਪਸ਼ਟ ਕੀਤਾ ਕਿ ਉਹ ਆਪਣੀ ਪਾਰਟੀ ਦੇ ਆਗੂਆਂ ਨਾਲ ਗੱਲਬਾਤ ਕਰ ਕੇ ਭਵਿੱਖ ਬਾਰੇ ਫ਼ੈਸਲਾ ਲੈਣਗੇ।

**ਛੋਟੇਪੁਰ ਖ਼ਿਲਾਫ਼ ਕਾਰਵਾਈ ਪਾਰਟੀ ਦੀ ਵੱਡੀ ਗ਼ਲਤੀ**

ਪਾਰਟੀ ਦੇ ਸਹਿ ਪ੍ਰਧਾਨ ਡਾਕਟਰ ਬਲਬੀਰ ਸਿੰਘ ਨਾਲ ਵੀ ਇਸ ਮੁੱਦੇ ਉੱਤੇ ਗੱਲਬਾਤ ਕੀਤੀ। ਉਨ੍ਹਾਂ ਕਿਹਾ, "ਸੁੱਚਾ ਸਿੰਘ ਛੋਟੇਪੁਰ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਪਾਰਟੀ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਵਿਧਾਇਕਾ ਬੀਬੀ ਬਲਜਿੰਦਰ ਕੌਰ ਵੀ ਸ਼ਾਮਲ ਸਨ। ਇਹ ਮੁਲਾਕਾਤ ਕਰੀਬ ਇੱਕ ਘੰਟਾ ਚੱਲੀ।" ਉਨ੍ਹਾਂ ਆਖਿਆ ਕਿ "ਸੁੱਚਾ ਸਿੰਘ ਛੋਟੇਪੁਰ ਖ਼ਿਲਾਫ਼ ਕਾਰਵਾਈ ਆਪਸ ਵਿਚ ਤਾਲਮੇਲ ਦੀ ਘਾਟ ਤੋਂ ਇਲਾਵਾ ਹੋਰ ਕਈ ਕਾਰਨ ਸਨ ਜਿਸ ਕਾਰਨ ਪਾਰਟੀ ਤੋਂ ਇਹ ਗ਼ਲਤੀ ਹੋਈ ਹੈ।" "ਛੋਟੇਪੁਰ ਬਹੁਤ ਸੀਨੀਅਰ ਆਗੂ ਹਨ ਅਤੇ ਉਨ੍ਹਾਂ ਨੇ ਪਾਰਟੀ ਨੂੰ ਪੈਰਾਂ ਸਿਰ ਖੜ੍ਹਾ ਕਰਨ ਵਿਚ ਬਹੁਤ ਮਿਹਨਤ ਕੀਤੀ ਸੀ। ਉਹਨਾਂ ਨਾਲ ਗੱਲਬਾਤ ਬਹੁਤ ਪਹਿਲਾਂ ਹੋਣੀ ਚਾਹੀਦੀ ਸੀ।" ਡਾਕਟਰ ਬਲਬੀਰ ਨੇ ਦੱਸਿਆ ਕਿ ਪਾਰਟੀ ਦੇ ਪਟਿਆਲਾ ਤੋਂ ਐਮ ਪੀ ਡਾਕਟਰ ਧਰਮਵੀਰ ਗਾਂਧੀ, ਹਰਿੰਦਰ ਸਿੰਘ ਖ਼ਾਲਸਾ ਜਾਂ ਫਿਰ ਅੰਨਾ ਹਜ਼ਾਰੇ ਤੋਂ ਲੈ ਕੇ ਪਾਰਟੀ ਨੂੰ ਛੱਡ ਕੇ ਗਏ ਸਾਰੇ ਆਗੂਆਂ ਨਾਲ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਪਾਰਟੀ ਤੋਂ ਬਾਗ਼ੀ ਹੋਏ ਪੰਜਾਬ ਤੋਂ ਸਾਬਕਾ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਹੋਰ ਨਾਰਾਜ਼ ਵਿਧਾਇਕਾਂ ਨਾਲ ਫ਼ਿਲਹਾਲ ਕੋਈ ਗੱਲਬਾਤ ਨਹੀਂ ਹੋਈ ਪਰ ਭਵਿੱਖ ਵਿੱਚ ਜ਼ਰੂਰ ਹੋਵੇਗੀ।

**ਕੌਣ ਹਨ ਸੁੱਚਾ ਸਿੰਘ ਛੋਟੇਪੁਰ**

ਸੁੱਚਾ ਸਿੰਘ ਛੋਟੇਪੁਰ ਦਾ ਸਬੰਧ ਪੰਜਾਬ ਦੇ ਮਾਝਾ ਖੇਤਰ ਨਾਲ ਹੈ ਅਤੇ ਉਹਨਾਂ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਛੋਟੇਪੁਰ ਪਿੰਡ ਦੀ ਸਰਪੰਚੀ ਤੋਂ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ 1985 ਵਿਚ ਵਿਧਾਇਕ ਦੀ ਚੋਣ ਲੜੀ ਅਤੇ ਸੁਰਜੀਤ ਸਿੰਘ ਬਰਨਾਲਾ ਸਰਕਾਰ ਵਿੱਚ ਮੰਤਰੀ ਬਣੇ। ਇਸ ਤੋਂ ਬਾਅਦ ਉਨ੍ਹਾਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿਚ ਰਹਿ ਕੇ ਆਪਣਾ ਰਾਜਨੀਤਿਕ ਸਫ਼ਰ ਅੱਗੇ ਵਧਾਇਆ। 2014 ਵਿਚ ਸੁੱਚਾ ਸਿੰਘ ਛੋਟੇਪੁਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਪਾਰਟੀ ਦੀ ਪੰਜਾਬ ਇਕਾਈ ਦੇ ਉਹ ਕਨਵੀਨਰ ਬਣ ਗਏ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਉੱਤੇ ਆਮ ਆਦਮੀ ਪਾਰਟੀ ਵੱਲੋਂ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਗਏ ਜਿਸ ਤੋਂ ਬਾਅਦ ਉਨ੍ਹਾਂ ਨੂੰ ਕਨਵੀਨਰ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ। ਪਾਰਟੀ ਤੋਂ ਨਾਰਾਜ਼ ਹੋ ਕੇ ਸੁੱਚਾ ਸਿੰਘ ਛੋਟੇਪੁਰ ਨੇ ਆਪਣਾ ਪੰਜਾਬ ਪਾਰਟੀ ਦਾ ਗਠਨ ਕਰ ਕੇ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲਿਆ।



# ਹਰਿਆਣਾ 'ਚ 'ਅਣਖ ਖ਼ਾਤਰ ਕਤਲ' ਦਾ ਮਾਮਲਾ: ਪੁਲਿਸ ਨੇ ਕੁੜੀ ਦੀ ਅੱਧ ਸੜੀ ਲਾਸ਼ ਚਿਤਾ 'ਚੋਂ ਕੱਢੀ

ਰੋਹਤਕ ਜ਼ਿਲ੍ਹੇ ਦੇ ਬਲੰਬ ਪਿੰਡ ਵਿੱਚ ਕਥਿਤ ਤੌਰ 'ਤੇ ਅਣਖ ਦੀ ਖ਼ਾਤਰ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ 19 ਸਾਲ ਦੀ ਪ੍ਰਿਅੰਕਾ ਰਾਣੀ ਵਜੋਂ ਹੋਈ ਹੈ, ਜੋ ਪਿੰਡ ਦੇ ਹੀ ਇੱਕ ਪ੍ਰਾਈਵੇਟ ਸਕੂਲ 'ਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਸੀ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਲੜਕੀ ਦਾ ਸਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿਖੇ ਤੜਕਸਾਰ ਲੁੱਕ ਛੁੱਪ ਕੇ ਕੀਤਾ ਜਾ ਰਿਹਾ ਹੈ।

ਮਹਿਮ ਥਾਣੇ ਦੇ ਐਸ ਐਚ ਓ ਇੰਸਪੈਕਟਰ ਕੁਲਦੀਪ ਸਿੰਘ ਮੁਤਾਬਕ ਜਦੋਂ ਉਹ ਸ਼ਮਸ਼ਾਨਘਾਟ ਪਹੁੰਚੇ ਤੇ ਮ੍ਰਿਤਕ ਦਾ ਸਸਕਾਰ ਕੀਤਾ ਜਾ ਰਿਹਾ ਸੀ। ਉਨ੍ਹਾਂ ਅੱਗੇ ਕਿਹਾ, ''ਕੋਈ ਤਸੱਲੀਬਖ਼ਸ਼ ਜਵਾਬ ਨਾ ਮਿਲਣ 'ਤੇ ਅਸੀਂ ਫਾਇਰ ਬ੍ਰਿਗੇਡ ਨੂੰ ਤਲਬ ਕੀਤਾ ਤਾਂਕਿ ਉਹ ਚਿਤਾ ਦੀ ਅੱਗ ਬੁਝਾ ਸਕਣ। ਪਿੰਡ ਵਾਲਿਆਂ ਨੇ ਇਸਦਾ ਵਿਰੋਧ ਕੀਤਾ।'' ਜਾਂਚ ਕਰਨ ਵਾਲੇ ਅਫ਼ਸਰ ਸ਼ਮਸ਼ੇਰ ਸਿੰਘ ਮੁਤਾਬਕ ਫੌਰੈਂਸਿਕ ਜਾਂਚ ਟੀਮ ਦੀ ਮੁਖੀ ਸਰੋਜ ਦਹੀਆ ਵੀ ਮੌਕੇ 'ਤੇ ਪਹੁੰਚੀ ਅਤੇ ਅੱਧ ਸੜੀ ਲਾਸ਼ ਨੂੰ ਆਪਣੇ ਕਬਜ਼ੇ 'ਚ ਲਿਆ। ਪੁਲਿਸ ਦਾ ਮੰਨਣਾ ਹੈ ਕਿ ਲੜਕੀ ਨੂੰ ਕਥਿਤ ਤੌਰ 'ਤੇ ਗਲਾ ਘੁੱਟ ਕੇ ਮਾਰ ਦਿੱਤਾ ਗਿਆ ਸੀ।

**ਪਿਤਾ ਨੇ ਕਿਹਾ ਬੇਟੀ ਨੂੰ ਦਿਲ ਦਾ ਦੌਰਾ ਪਿਆ**

ਮ੍ਰਿਤਕ ਪ੍ਰਿਅੰਕਾ ਦੇ ਪਿਤਾ ਪ੍ਰਹਿਲਾਦ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦੀ ਧੀ ਨੂੰ ਰਾਤ ਨੂੰ ਉਲਟੀਆਂ ਆਈਆਂ ਅਤੇ ਦਿਲ ਦਾ ਦੌਰਾ ਪਿਆ। ਪੀੜਤਾ ਦੇ ਪਿਤਾ ਨੇ ਪੁਲਿਸ ਨੂੰ ਅੱਗੇ ਦੱਸਿਆ ਕਿ ਉਨ੍ਹਾਂ ਇਸ ਤੋਂ ਬਾਅਦ ਮਹਿਮ ਹਸਪਤਾਲ ਦਾ ਰੁਖ਼ ਕੀਤਾ ਪਰ ਹਸਪਤਾਲ ਜਾਂਦੇ ਸਮੇਂ ਰਾਹ 'ਚ ਹੀ ਪ੍ਰਿਅੰਕਾ ਦੀ ਮੌਤ ਹੋ ਗਈ ਅਤੇ ਫ਼ਿਰ ਪਰਿਵਾਰ ਨੇ ਉਸ ਦਾ ਅਗਲੇ ਦਿਨ ਤੜਕਸਾਰ ਹੀ ਸਸਕਾਰ ਕਰ ਦਿੱਤਾ। ਪੁਲਿਸ ਨੇ ਮ੍ਰਿਤਕ ਪ੍ਰਿਅੰਕਾ ਦੇ ਘਰੋਂ ਖ਼ੂਨ ਦੇ ਸੈਂਪਲ ਵੀ ਇਕੱਠੇ ਕਰ ਲਏ ਹਨਪੁਲਿਸ ਮੁਤਾਬਕ ਬਲੰਬ ਪਿੰਡ ਦੇ ਵਾਸੀਆਂ ਨੇ ਇਸ ਮਾਮਲੇ 'ਤੇ ਚੁੱਪੀ ਸਾਧ ਰੱਖੀ ਹੈ। ਉਨ੍ਹਾਂ ਇਹ ਕਹਿੰਦੇ ਹੋਏ ਮੀਡੀਆ ਅਤੇ ਪੁਲਿਸ ਨਾਲ ਗੱਲ ਕਰਨ ਤੋਂ ਇਨਕਾਰ ਕੀਤਾ ਕਿ ਇਹ ਪਰਿਵਾਰ ਦਾ ਨਿੱਜੀ ਮਸਲਾ ਹੈ।



# ਭਾਰਤੀ ਅਰਥ ਵਿਵਸਥਾ ਲੀਹਾਂ ਉੱਤੇ ਪਰਤਦੀ ਨਹੀਂ ਦਿੱਸਦੀ

ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਆਪਣੀ ਇੱਕ ਉਪਲਬਧੀ ਵਜੋਂ ਮਾਣ ਨਾਲ 8ਥ2 ਫੀਸਦੀ ਵਿਕਾਸ ਦਰ ਦਾ ਅੰਕੜਾ ਸਾਹਮਣੇ ਰੱਖਿਆ ਸੀ। ਵਾਦ-ਵਿਵਾਦ ਵਾਲੀ ਨੋਟਬੰਦੀ, ਜਿਸ ਦੇ ਸਿੱਟੇ ਵਜੋਂ ਵਿਕਾਸ ਦਰ ਮੂਧੇ ਮੂੰਹ ਡਿੱਗੀ ਸੀ, ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਵਿਕਾਸ ਦਰ ਨੇ ਇਹ ਪੱਧਰ ਹਾਸਲ ਕੀਤਾ ਹੈ। ਇਸ ਤੋਂ ਇਹ ਅਨੁਮਾਨ ਲਾਇਆ ਜਾਣ ਲੱਗਾ ਕਿ ਭਾਰਤੀ ਅਰਥ ਵਿਵਸਥਾ ਲੀਹਾਂ ?ਤੇ ਵਾਪਸ ਪਰਤ ਰਹੀ ਹੈ, ਪਰ ਇਹ ਜ਼ਮੀਨੀ ਸਥਿਤੀ ਦਿਖਾਈ ਨਹੀਂ ਦੇ ਰਹੀ। ਡਾਲਰ ਦੇ ਮੁਕਾਬਲੇ ਭਾਰਤੀ ਰੁਪਿਆ ਸਭ ਤੋਂ ਕਮਜ਼ੋਰ ਸਥਿਤੀ ?ਚ ਹੈ ਅਤੇ ਪੈਟਰੋਲੀਅਮ ਦੀਆਂ ਕੀਮਤਾਂ, ਜੋ ਹੋਰ ਸਾਰੀਆਂ ਕੀਮਤਾਂ ਨੂੰ ਪ੍ਰਭਾਵਤ ਕਰਦੀਆਂ ਹਨ, ਰਿਕਾਰਡ ਉਚਾਈ ?ਤੇ ਹਨ। ਛੋਟੇ ਅਤੇ ਦਰਮਿਆਨੇ ਉਦਯੋਗ, ਜੋ ਅਜੇ ਨੋਟਬੰਦੀ ਤੇ ਗਲਤ ਤਰੀਕੇ ਨਾਲ ਲਾਗੂ ਕੀਤੇ ਗਏ ਜੀ ਐੱਸ ਟੀ ਸਿਸਟਮ ਤੋਂ ਉਭਰੇ ਨਹੀਂ, ਉਨ੍ਹਾਂ ਨੂੰ ਕੌਮਾਂਤਰੀ ਬਾਜ਼ਾਰ ?ਚ ਰੁਪਏ ਦੇ ਕਮਜ਼ੋਰ ਹੋਣ ਅਤੇ ਤੇਲ ਦੀਆਂ ਕੀਮਤਾਂ ਦੇ ਆਸਮਾਨ ਛੂਹਣ ਦੇ ਕਾਰਨ ਨਾਲ ਹੋਰ ਸੱਟ ਵੱਜੀ ਹੈ।ਭਾਰਤੀ ਰੁਪਏ ਦੀ ਕੀਮਤ ਵਿੱਚ ਗਿਰਾਵਟ ਦਾ ਅਰਥ ਹੈ ਕਿ ਦਰਾਮਦ, ਜਿਸ ਵਿੱਚ ਕੱਚਾ ਅਤੇ ਸੋਧਿਆ ਹੋਇਆ ਤੇਲ ਸ਼ਾਮਲ ਹੈ, ਦਾ ਮੁੱਲ ਵਧ ਜਾਵੇਗਾ। ਇਸ ਦਾ ਅਰਥ ਇਹ ਵੀ ਹੈ ਕਿ ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਤੇ ਜੋ ਲੋਕ ਆਪਣੇ ਸੰਬੰਧੀਆਂ ਤੇ ਦੋਸਤਾਂ ਨੂੰ ਮਿਲਣ ਅਤੇ ਇਥੋਂ ਤੱਕ ਕਿ ਸੈਰ ਸਪਾਟੇ ਦੇ ਤੌਰ ?ਤੇ ਵਿਦੇਸ਼ ਯਾਤਰਾ ਕਰਦੇ ਹਨ, ਦੀ ਲਾਗਤ ?ਚ ਵਾਧਾ ਹੋਵੇਗਾ। ਕਮਜ਼ੋਰ ਰੁਪਿਆ ਸਾਡੇ ਐਕਸਪੋਰਟ ਦੇ ਹਿੱਤਾਂ ਦੇ ਵੀ ਵਿਰੁੱਧ ਜਾਂਦਾ ਹੈ। ਜਿੱਥੇ ਰੁਪਏ ਦੇ ਕਮਜ਼ੋਰ ਹੋਣ ਨਾਲ ਬਹੁਤੇ ਲੋਕਾਂ ਨੂੰ ਸਿੱਧੀ ਸੱਟ ਵੱਜਦੀ ਹੈ, ਤੇਲ ਦੀਆਂ ਕੀਮਤਾਂ ?ਚ ਅਸਿੱਧੇ ਵਾਧੇ ਨਾਲ ਆਮ ਆਦਮੀ ਨੂੰ ਸਿੱਧੀ ਗੰਭੀਰ ਸੱਟ ਵੱਜ ਰਹੀ ਹੈ। ਟਰਾਂਸਪੋਰਟ ਦੀ ਲਾਗਤ ਜਦੋਂ ਵਧਦੀ ਹੈ, ਸਿੱਟੇ ਵਜੋਂ ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਦੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸਬਜ਼ੀਆਂ, ਅਨਾਜ, ਦੁੱਧ, ਦਵਾਈਆਂ ਅਤੇ ਜੀਵਨ ਗੁਜ਼ਾਰਨ ਨੂੰ ਜ਼ਰੂਰੀ ਹੋਰ ਸਾਰੀਆਂ ਚੀਜ਼ਾਂ ਸ਼ਾਮਲ ਹਨ। ਟਰਾਂਸਪੋਰਟ ਦੀ ਲਾਗਤ ਵਿੱਚ ਵਾਧੇ ਦੇ ਗੁਣਾਤਮਕ ਪ੍ਰਭਾਵ ਵੱਡੇ ਅਤੇ ਜ਼ਿਆਦਾਤਰ ਬਦਲੇ ਨਾ ਜਾਣ ਵਾਲੇ ਹੁੰਦੇ ਹਨ।

ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਬੀਤੇ ਇੱਕ ਹਫਤੇ ਤੋਂ ਵੀ ਜ਼ਿਆਦਾ ਸਮੇਂ ਤੋਂ ਲਗਭਗ ਰੋਜ਼ਾਨਾ ਦੇ ਆਧਾਰ ?ਤੇ ਵੱਧ ਰਹੀਆਂ ਹਨ ਅਤੇ ਇਸ ਗੱਲ ਦਾ ਡਰ ਹੈ ਕਿ ਜੇ ਸਰਕਾਰ ਨੇ ਦਖਲ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਹੋਰ ਵੀ ਉਪਰ ਜਾਣਗੀਆਂ। ਤਾਜ਼ਾ ਅੰਕੜੇ ਦਰਸਾਉਂਦੇ ਹਨ ਕਿ ਮੁੰਬਈ ?ਚ ਪੈਟਰੋਲ ਦੀ ਕੀਮਤ 88 ਰੁਪਏ ਲਿਟਰ ਨੂੰ ਪਾਰ ਕਰ ਗਈ ਹੈ, ਪੰਜਾਬ ਅਤੇ ਦਿੱਲੀ ਵਿੱਚ ਇਹ ਇਸ ਤੋਂ ਕੁਝ ਘੱਟ ਹੈ। ਇਸੇ ਤਰ੍ਹਾਂ ਡੀਜ਼ਲ ਦੀ ਕੀਮਤ ਮੁੰਬਈ ਅਤੇ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ 75 ਰੁਪਏ ਪਾਰ ਕਰ ਗਈ ਹੈ। ਇਥੋਂ ਤੱਕ ਕਿ ਘਰੇਲੂ ਐਲ ਪੀ ਜੀ ਸਿਲੰਡਰਾਂ ਦੀ ਕੀਮਤ 800 ਰੁਪਏ ਪ੍ਰਤੀ 16 ਕਿਲੋ ਸਿਲੰਡਰ ਨੂੰ ਪਾਰ ਕਰ ਗਈ ਹੈ। ਕਈ ਲੋਕ ਸਾਡੇ ਗੁਆਂਢੀ ਪਾਕਿਸਤਾਨ ਨਾਲ ਕੀਮਤਾਂ ਦੀ ਤੁਲਨਾ ਕਰਨਾ ਪਸੰਦ ਨਹੀਂ ਕਰਦੇ, ਤੱਥ ਇਹ ਹੈ ਕਿ ਭਾਰਤ ਦੇ ਮੁਕਾਬਲੇ ਕਰੰਸੀ ਕਮਜ਼ੋਰ ਹੋਣ ਦੇ ਬਾਵਜੂਦ ਉਸ ਦੇਸ਼ ਵਿੱਚ ਪੈਟਰੋਲ ਦੀ ਕੀਮਤ ਲਗਭਗ 52 ਰੁਪਏ ਪ੍ਰਤੀ ਲੀਟਰ ਹੈ।

ਇਹ ਸੱਚ ਹੈ ਕਿ ਰੁਪਏ ਦੇ ਕਮਜ਼ੋਰ ਹੋਣ ਅਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ?ਚ ਵਾਧੇ ਦਾ ਕੌਮਾਂਤਰੀ ਕਾਰਕਾਂ ਨਾਲ ਕਾਫੀ ਸੰਬੰਧ ਹੁੰਦਾ ਹੈ, ਜੋ ਬਦਲੇ ਵਿੱਚ ਅਮਰੀਕੀ ਨੀਤੀਆਂ ਨਾਲ ਜੁੜੇ ਹਨ, ਕਿਉਂਕਿ ਅਸੀਂ ਆਪਣੇ ਕੱਚੇ ਤੇਲ, ਪੈਟਰੋਲ ਅਤੇ ਪੈਟਰੋਲੀਅਮ ਉਤਪਾਦਾਂ ਦੀ 25 ਫੀਸਦੀ ਤੋਂ ਵੱਧ ਇੰਪੋਰਟ ਕਰਦੇ ਹਾਂ, ਹਰ ਵਾਰ ਕੀਮਤਾਂ ਉਪਰ ਜਾਣ ਨਾਲ ਰੁਪਿਆ ਕਮਜ਼ੋਰ ਹੁੰਦਾ ਹੈ ਅਤੇ ਇਥੋਂ ਤੱਕ ਕਿ ਉਸ ਦੇ ਬਾਵਜੂਦ ਬਰਾਮਦ ਦਾ ਨਤੀਜਾ ਓਨਾ ਹੀ ਰਹਿੰਦਾ ਹੈ।

ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਬਾਰੇ ਮੰਤਰੀ ਧਰਮਿੰਦਰ ਪ੍ਰਧਾਨ ਨੇ ਪੈਟਰੋਲ ਤੇ ਡੀਜ਼ਲ ਦੀਆਂ ਘਰੇਲੂ ਕੀਮਤਾਂ ਵਿੱਚ ਵਾਧੇ ਲਈ ਹਾਲ ਹੀ ਵਿੱਚ 'ਬਾਹਰੀ ਕਾਰਕਾਂ' ਨੂੰ ਦੋਸ਼ ਦਿੱਤਾ ਸੀ, ਪਰ ਕਿਹਾ ਕਿ ਇਹ ਵਾਧਾ ਅਸਥਾਈ ਹੈ। ਉਨ੍ਹਾਂ ਕਿਹਾ ਹੈ ਕਿ ਉਹ ਦੋ ਬਿੰਦੂਆਂ ਦਾ ਜ਼ਿਕਰ ਕਰਨਾ ਚਾਹੁਣਗੇ ਤੇ ਦੋਵੇਂ ਵਿਸ਼ੇ ਬਾਹਰੀ ਹਨ। ਆਰਗੇਨਾਈਜ਼ੇਸ਼ਨ ਆਫ ਪੈਟਰੋਲੀਅਮ ਐਕਸਪੋਰਟਿੰਗ ਕੰਟਰੀਜ਼ (ਓਪੇਕ) ਨੇ ਵਾਅਦਾ ਕੀਤਾ ਸੀ ਕਿ ਉਤਪਾਦਨ ਰੋਜ਼ 10 ਲੱਖ ਬੈਰਲ ਵਧਾਇਆ ਜਾਵੇਗਾ, ਜੋ ਵਧਾਇਆ ਨਹੀਂ ਗਿਆ। ਇਸ ਤੋਂ ਇਲਾਵਾ ਵੈਨੇਜ਼ੁਏਲਾ ਅਤੇ ਈਰਾਨ ਵਰਗੇ ਦੇਸ਼ਾਂ ਵਿੱਚ ਸੰਕਟ ਵਧ ਰਿਹਾ ਹੈ। ਉਤਪਾਦਨ ਵਿੱਚ ਗਿਰਾਵਟ ਕਾਰਨ ਤੇਲ ਕੀਮਤਾਂ ?ਤੇ ਦਬਾਅ ਹੈ। ਦੂਸਰਾ, ਉਨ੍ਹਾਂ ਨੇ ਕਿਹਾ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਸੰਸਾਰ ਦੀਆਂ ਕਰੰਸੀਆਂ ਕਮਜ਼ੋਰ ਹੋਈਆਂ ਹਨ।

ਅਸਲ ਵਿੱਚ ਅਜਿਹਾ ਕੁਝ ਨਹੀਂ ਹੈ ਕਿ ਸਰਕਾਰ ਆਮ ਵਿਅਕਤੀਆਂ ਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ ਕੁਝ ਕਰ ਸਕੇ ? ਨਿਸ਼ਚਿਤ ਤੌਰ ?ਤੇ ਇਹ ਬਚਾਅ ਵਿੱਚ ਆ ਸਕਦੀ ਹੈ। ਜੇ ਕੇਂਦਰ ਤੇ ਸੂਬਾ ਸਰਕਾਰਾਂ ਤੇਲ ?ਤੇ ਡਿਊਟੀ ਘੱਟ ਕਰਨ ਲਈ ਹੱਥ ਮਿਲਾ ਲੈਣ, ਇਥੋਂ ਤੱਕ ਕਿ ਵਧਦੀਆਂ ਕੀਮਤਾਂ ਦੇ ਬੋਝ ਨੂੰ ਘੱਟ ਕਰਨ ਲਈ ਭਾਵੇਂ ਅਸਥਾਈ ਤੌਰ ?ਤੇ ਤਾਂ ਇਹ ਕੀਮਤਾਂ ਘਟਾਈਆਂ ਜਾ ਸਕਦੀਆਂ ਹਨ।

ਦਿੱਲੀ ਵਿੱਚ ਪੈਟਰੋਲ ਦੀਆਂ ਕੀਮਤਾਂ ਦੀ ਮਿਸਾਲ ਲੈਂਦੇ ਹਾਂ। ਪੈਟਰੋਲ ਦੀ ਪ੍ਰਤੀ ਲੀਟਰ 79ਥ15 ਰੁਪਏ ਦੀ ਕੀਮਤ ਦੇ ਮੁਕਾਬਲੇ ਆਧਾਰ ਮੁੱਲ ਮਸਾਂ 39ਥ21 ਰੁਪਏ ਹੈ। ਇੱਕ ਅਖਬਾਰੀ ਰਿਪੋਰਟ ਅਨੁਸਾਰ ਐਕਸਾਈਜ਼ ਫੀਸ 19ਥ48 ਰੁਪਏ, ਵੈਟ 16ਥ83 ਰੁਪਏ ਅਤੇ ਡੀਲਰ ਦੀ ਕਮਿਸ਼ਨ 3ਥ63 ਰੁਪਏ ਹੈ। ਸਾਫ ਹੈ ਕਿ ਸਾਡੇ ਵੱਲੋਂ ਦਿੱਤੀ ਜਾਂਦੀ ਪੈਟਰੋਲ ਅਤੇ ਡੀਜ਼ਲ ਦੀ ਲਗਭਗ ਪੰਜਾਹ ਫੀਸਦੀ ਕੀਮਤ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਦੇਣ ਵਾਲੇ ਟੈਕਸ ਹਨ।

ਜਿੱਥੇ ਸਰਕਾਰਾਂ ਨੂੰ ਤਨਖਾਹਾਂ ਦੇ ਵੱਡੇ ਬਿਲ ਚੁਕਾਉਣ ਅਤੇ ਵਿਕਾਸ ਕੰਮਾਂ ਲਈ ਪੈਸੇ ਦੀ ਲੋੜ ਹੈ, ਕੀ ਉਹ ਆਮ ਆਦਮੀ ਦੇ ਬਚਾਅ ਵਿੱਚ ਨਹੀਂ ਆ ਸਕਦੀ, ਭਾਵੇਂ ਇਹ ਦਖਲ ਅਸਥਾਈ ਆਧਾਰ ?ਤੇ ਉਦੋਂ ਤੱਕ ਚਾਹੀਦਾ ਹੈ, ਜਦੋਂ ਤੱਕ ਕਿ ਕੌਮਾਂਤਰੀ ਕੀਮਤਾਂ ਸਥਿਰ ਤੇ ਰੁਪਿਆ ਮਜ਼ਬੂਤ ਨਹੀਂ ਹੋ ਜਾਂਦਾ। ਇਸ ਦਾ ਕੀ ਸਪੱਸ਼ਟੀਕਰਨ ਸੀ ਕਿ ਜਦੋਂ ਕੱਚੇ ਤੇਲ ਦੀਆਂ ਕੌਮਾਂਤਰੀ ਕੀਮਤਾਂ ਅੱਜ ਦੀਆਂ ਕੀਮਤਾਂ ਦੇ ਮੁਕਾਬਲੇ ਲਗਭਗ ਅੱਧੀਆਂ ਸਨ ਤਾਂ ਸਰਕਾਰ ਨੇ ਪ੍ਰਚੂਨ ਕੀਮਤਾਂ ਨਹੀਂ ਘਟਾਈਆਂ ਸਨ। ਅਸਲ ਵਿੱਚ ਉਸ ਸਮੇਂ ਸਰਕਾਰ ਨੇ ਡਿਊਟੀ ਤੇ ਟੈਕਸ ਵਧਾ ਦਿੱਤੇ ਸਨ ਅਤੇ ਲਾਭਾਂ ਨੂੰ ਲੋਕਾਂ ਤੱਕ ਨਹੀਂ ਪਹੁੰਚਾਇਆ ਸੀ। ਸਰਕਾਰੀ ਰਿਕਾਰਡ ਅਨੁਸਾਰ ਮੌਜੂਦਾ ਨਰਿੰਦਰ ਮੋਦੀ ਸਰਕਾਰ ਦੇ ਹੇਠ ਪੈਟਰੋਲ ?ਤੇ ਡਿਊਟੀ ਲਗਭਗ 105 ਫੀਸਦੀ ਅਤੇ ਡੀਜ਼ਲ ?ਤੇ ਲਗਭਗ 331 ਫੀਸਦੀ ਵਧਾਈ ਗਈ। ਕਈ ਸੂਬਾ ਸਰਕਾਰਾਂ ਦੇ ਮੁੱਲ ਵਰਧਕ ਟੈਕਸਾਂ ਦਾ ਪੱਧਰ ਉਚਾ ਹੋਣ ਦੇ ਸਿੱਟੇ ਵਜੋਂ ਦੇਸ਼ ਭਰ ਵਿੱਚ ਕੀਮਤਾਂ ?ਚ ਫਰਕ ਹੁੰਦਾ ਹੈ।

ਕੇਂਦਰ ਨੂੰ ਜ਼ਰੂਰੀ ਤੌਰ ?ਤੇ ਅੱਗੇ ਵਧ ਕੇ ਟੈਕਸਾਂ ਵਿੱਚ ਵੱਡੀ ਕਟੌਤੀ ਦਾ ਐਲਾਨ ਕਰਨਾ ਚਾਹੀਦਾ ਹੈ। ਭਾਜਪਾ ਨੂੰ ਆਪਣੀ ਪਾਰਟੀ ਵਾਲੇ ਰਾਜਾਂ ਨੂੰ ਇਹ ਨਿਰਦੇਸ਼ ਦੇਣਾ ਚਾਹੀਦਾ ਹੈ ਅਤੇ ਇਹ ਕਰਨ ਲਈ ਇਸ ਦਾ 20 ਤੋਂ ਵੱਧ ਸੂਬਿਆਂ ?ਤੇ ਸ਼ਾਸਨ ਹੈ। ਇਸ ਨਾਲ ਨਾ ਸਿਰਫ ਆਮ ਲੋਕਾਂ ਨੂੰ ਮਦਦ ਮਿਲੇਗੀ, ਸਗੋਂ ਅਰਥ ਵਿਵਸਥਾ ਨੂੰ ਵੀ ਬੜ੍ਹਾਵਾ ਮਿਲੇਗਾ।

# ਆਧੁਨਿਕਤਾ ਦੀ ਦੌੜ ਵਿੱਚ ਗੁਆਚਦਾ ਬਚਪਨ

'ਨਾ ਕੁਛ ਪਾਨੇ ਕੀ ਕੋਸ਼ਿਸ਼,
ਨਾ ਕੁਛ ਖੋਨੇ ਕਾ ਡਰ,
ਬਸ ਅਪਨੀ ਹੀ ਧੁਨ,
ਬਸ ਅਪਨੇ ਸਪਨੋਂ ਕਾ ਘਰ,
ਕਾਸ਼! ਮਿਲ ਜਾਏ ਫਿਰ ਮੁਝੇ
ਵੋ ਬਚਪਨ ਕਾ ਪਹਿਰ।'

ਬਚਪਨ ਇੱਕ ਅਜਿਹਾ ਮਧੁਰ ਤੇ ਰਹੱਸਮਈ ਸ਼ਬਦ ਹੈ, ਜਿਸ ਨੂੰ ਸੁਣਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਜਦੋਂ ਫੁਰਸਤ ਦੇ ਪਲਾਂ ਵਿੱਚ ਅਸੀਂ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਗੁਆਚਦੇ ਹਾਂ ਤਾਂ ਚਾਹੁੰਦੇ ਹੋਏ ਵੀ ਉਨ੍ਹਾਂ ?ਚੋਂ ਬਾਹਰ ਨਹੀਂ ਆਉਣਾ ਚਾਹੰਦੇ। ਇੰਝ ਲੱਗਦਾ ਹੈ ਜਿਵੇਂ ਬੀਤੇ ਪਲਾਂ ਦੀ ਭਿੰਨੀ-ਭਿੰਨੀ ਖੁਸ਼ਬੂ ਨੇ ਮਨ ਨੂੰ ਭਾਵੁਕ ਬਣਾ ਦਿੱਤਾ ਜਾਵੇ।

ਅੱਜ ਆਧੁਨਿਕਤਾ ਦੀ ਦੌੜ ਵਿੱਚ ਮੁਕਾਬਲੇਬਾਜ਼ੀ ਦਾ ਜ਼ੋਰ ਇੰਨਾ ਵੱਧ ਗਿਆ ਹੈ ਕਿ ਤਾਜ਼ਾ ਹਵਾ, ਬਾਗ-ਬਗੀਚੇ, ਦਾਦੀ-ਨਾਨੀ ਦਾ ਘਰ, ਮੌਜਮਸਤੀ, ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ, ਰੁੱਖਾਂ ?ਤੇ ਚੜ੍ਹ ਕੇ ਫਲ ਤੋੜਨਾ ਤੇ ਫੜੇ ਜਾਣ ਦੇ ਡਰੋਂ ਭੱਜ ਨਿਕਲਣਾ-ਇਨ੍ਹਾਂ ਦੀ ਜਗ੍ਹਾ ਮੋਬਾਈਲ, ਟੀ ਵੀ ਤੇ ਲੈਪਟਾਪ ਨੇ ਕਦੋਂ ਲੈ ਲਈ, ਪਤਾ ਹੀ ਨਹੀਂ ਲੱਗਾ।

ਮੈਨੂੰ ਅੱਜ ਵੀ ਯਾਦ ਹੈ ਕਿ ਗਰਮੀਆਂ ਦੀਆਂ ਛੁੱਟੀਆਂ ਹੋ ਜਾਣ ?ਤੇ ਕਈ ਜਗ੍ਹਾ ਘੁੰਮਣ ਜਾਣ ਲਈ ਪ੍ਰੋਗਰਾਮ ਬਣਾਏ ਜਾਂਦੇ, ਪਰ ਨਾਨੀ ਦੇ ਘਰ ਜਾਣ ਨੂੰ ਪਹਿਲ ਦਿੱਤੀ ਜਾਂਦੀ। ਇਸ ਦੀ ਵਜ੍ਹਾ ਸੀ ਉਥੇ ਮਿਲਣ ਵਾਲੀ ਆਜ਼ਾਦੀ।

ਅੱਜ ਵੀ ਯਾਦ ਹੈ ਸਾਉਣ ਦਾ ਮਹੀਨਾ, ਮੀਂਹ ਦੇ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਛੱਡਣਾ ਤੇ ਉਨ੍ਹਾਂ ਦੇ ਪਿੱਛੇ ਪਿੱਛੇ ਜਾਣਾ। ਇਹ ਸਭ ਸੋਚ ਕੇ ਮਨ ਆਨੰਦਿਤ ਹੋ ਜਾਂਦਾ ਹੈ।

'ਕੋਈ ਮੁਝੇ ਲੋਟਾ ਦੇ ਵੋ ਬਚਪਨ ਕਾ ਸਾਵਨ,
ਵੋ ਕਾਗਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ।'

ਅੱਜ ਵੀ ਬਾਂਦਰ-ਕਿੱਲਾ, ਛੂਹਣ-ਛੁਪਾਈ, ਪੋਸ਼ਣ-ਪਾ, ਊਚ-ਨੀਚ ਕਾ ਪਾਪੜਾ, ਸਟਾਪੂ ਆਦਿ ਖੇਡਾਂ ਯਾਦ ਕਰ ਕੇ ਮਨ ਖੁਸ਼ ਹੋ ਜਾਂਦਾ ਹੈ। ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਦਾਦੇ-ਦਾਦੀ ਦਾ ਗੀਤ, ਰਾਮਾਇਣ, ਮਹਾਭਾਰਤ ਅਤੇ ਅਲਿਫ ਲੈਲਾ ਵਰਗੇ ਟੀ ਵੀ ਲੜੀਵਾਰਾਂ ?ਚੋਂ ਮਿਸਾਲਾਂ ਦੇਣਾ ਅਤੇ ਉਨ੍ਹਾਂ ਤੋਂ ਜਾਦੂਈ ਕਹਾਣੀਆਂ ਸੁਣਦੇ-ਸੁਣਦੇ ਸੌਂ ਜਾਣਾ। ਉਦੋਂ ਨੀਂਦ ਦਾ ਵੀ ਆਪਣਾ ਹੀ ਇੱਕ ਵੱਖਰਾ ਆਨੰਦ ਸੀ।

ਏਕ ਹਾਥੀ, ਏਕ ਰਾਜਾ, ਏਕ ਰਾਨੀ ਕੇ ਬਗੈਰ,
ਨੀਂਦ ਬੱਚੋਂ ਕੋ ਨਹੀਂ ਆਤੀ ਥੀ ਕਹਾਨੀ ਕੇ ਬਗੈਰ।'

ਕੀ ਅਸੀਂ ਕਦੇ ਸੋਚਿਆ ਹੈ ਕਿ ਅੱਜ ਸਾਡੇ ਬੱਚਿਆਂ ਦਾ ਬੇਖੌਫ ਬਚਪਨ ਕਿਤੇ ਗੁਆਚ ਗਿਆ ਹੈ ? ਮੁਸਕੁਰਾਹਟ ਦੀ ਬਜਾਏ ਅੱਜ ਇਨ੍ਹਾਂ ਨੰਨ੍ਹੇ ਚਿਹਰਿਆਂ ?ਤੇ ਉਦਾਸੀ ਤੇ ਤਣਾਅ ਕਿਉਂ ਛਾਇਆ ਰਹਿੰਦਾ ਹੈ ? ਆਪਣੀ ਛੋਟੀ ਜਿਹੀ ਉਮਰ ਵਿੱਚ ਪਾਪਾ ਤੇ ਦਾਦੇ ਦੇ ਮੋਢਿਆਂ ?ਤੇ ਸਵਾਰੀ ਕਰਨ ਵਾਲੇ ਬੱਚੇ ਅੱਜ ਆਪਣੇ ਮੋਢਿਆਂ ?ਤੇ ਸਕੂਲ ਦਾ ਭਾਰੀ ਬਸਤਾ ਟੰਗੀ ਬੱਸਾਂ ਵਿੱਚ ਸਫਰ ਕਰਦੇ ਹਨ।

ਅੱਜ ਸਮਾਂ ਬਦਲ ਗਿਆ ਹੈ। ਨਾ ਤਾਂ ਖੇਡਣ ਵਾਲੇ ਉਹ ਗਲੀ ਮੁਹੱਲੇ ਰਹੇ ਅਤੇ ਨਾ ਹੀ ਉਹ ਰੁੱਖ-ਮੈਦਾਨ। ਜੇ ਕੁਝ ਬਾਕੀ ਰਹਿ ਗਿਆ ਹੈ ਤਾਂ ਉਹ ਹਨ ਪੁਰਾਣੀਆਂ ਯਾਦਾਂ। ਮਾਪੇ ਬੱਚਿਆਂ ਨੂੰ ਕੈਰਮ ਬੋਰਡ, ਬੈਟ-ਬਾਲ, ਫੁੱਟਬਾਲ ਦੀ ਜਗ੍ਹਾ ਵੀਡੀਓ ਗੇਮ ਤੇ ਮੋਬਾਈਲ ਫੜਾ ਰਹੇ ਹਨ। ਬੱਚੇ ਖੁਦ ਵੀ ਮੋਬਾਈਲ ?ਤੇ ਗੇਮਾਂ ਖੇਡ ਕੇ ਆਪਣਾ ਸਮਾਂ ਬਿਤਾਉਣਾ ਪਸੰਦ ਕਰਦੇ ਹਨ, ਜਿਸ ਕਰ ਕੇ ਉਨ੍ਹਾਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ।ਸਮਾਜ ਵਿੱਚ ਆਪਣੇ ਆਪ ਨੂੰ ਕਾਬਿਲ ਸਿੱਧ ਕਰਨ ਦੀ ਦੌੜ ਲੱਗੀ ਹੋਈ ਹੈ। ਇਸ ਵਿੱਚ ਰਿਐਲਿਟੀ ਪ੍ਰੋਗਰਾਮਾਂ ਦੀ ਭੂਮਿਕਾ ਅਹਿਮ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇਕੱਠੇ ਪੜ੍ਹਨ ਵਾਲੇ ਬੱਚੇ ਅੱਜ ਇੱਕ ਦੂਜੇ ਨੂੰ ਹਰਾ ਕੇ ਚੋਟੀ ਦਾ ਸਥਾਨ ਹਾਸਲ ਕਰਨਾ ਚਾਹੁੰਦੇ ਹਨ। ਇਹ ਉਹੀ ਬੱਚੇ ਹਨ, ਜੋ ਸਕੂਲ ਦੇ ਸਮੇਂ ਇੱਕ ਦੂਜੇ ਦੇ ਸਹਿਪਾਠੀ ਸਹਿਯੋਗੀ ਸਨ ਅਤੇ ਅੱਜ ਇੱਕ ਦੂਜੇ ਦੇ ਮੁਕਾਬਲੇਬਾਜ਼ ਬਣ ਗਏ ਹਨ। ਮੁਕਾਬਲਾ ਜਿੱਤਣ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਹਰੇਕ ਮਾਂ-ਪਿਓ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਵੱਡਾ ਹੋ ਕੇ ਡਾਕਟਰ, ਇੰਜੀਨੀਅਰ ਜਾਂ ਕੋਈ ਵੱਡਾ ਅਫਸਰ ਬਣੇ। ਪੜ੍ਹਾਈ-ਲਿਖਾਈ ਜ਼ਰੂਰੀ ਹੈ ਤੇ ਇਸ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ, ਪਰ ਬਚਪਨ ਦੁਬਾਰਾ ਪਰਤ ਕੇ ਕਿੱਥੇ ਆਉਣ ਵਾਲਾ ਹੈ ? ਬੱਚੇ ਤਾਂ ਕੱਚੀ ਮਿੱਟੀ ਵਰਗੇ ਹਨ, ਉਨ੍ਹਾਂ ਨੂੰ ਜਿਵੇਂ ਚਾਹੋ, ਢਾਲ ਲਓ। ਇਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਭਰਪੂਰ ਆਨੰਦ ਲੈਣ ਦੇਣ ਤਾਂ ਕਿ ਬੱਚੇ ਆਪਣਾ ਬਚਪਨ ਸਕੂਨ ਅਤੇ ਬੇਫਿਕਰੀ ਨਾਲ ਬਿਤਾ ਸਕਣ।

'ਹੈਂ ਗ਼ਮ ਭੀ ਬਹੁਤ, ਪ੍ਰੇਸ਼ਾਨੀਆਂ ਭੀ ਬਹੁਤ ਹੈਂ,
ਵਕਤ ਕੀ ਦੀ ਹੂਈ ਨਿਸ਼ਾਨੀਆਂ ਭੀ ਬਹੁਤ ਹੈਂ।
ਸਾਥ ਮੇਂ ਹੈਂ ਦਰਦ ਕਈ, ਉਨਕੋ ਭੂਲਨੇ ਬੈਠਾ ਹੂੰ,
ਫੁਰਸਤ ਕੇ ਕੁਛ ਲਮਹੋਂ ਮੇਂ ਬਚਪਨ ਕੋ ਢੂੰਡਨੇ ਬੈਠਾ ਹੂੰ।'

ਬੱਚਿਆਂ ਦੀ ਇਸ ਦਿਸ਼ਾ, ਬੋਝ ਭਰੀ ਜ਼ਿੰਦਗੀ ਦੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ, ਜੋ ਆਧੁਨਿਕਤਾ ਦੀ ਦੌੜ ਵਿੱਚ ਕਿਤੇ ਪਿੱਛੇ ਰਹਿ ਗਿਆ ਹੈ ਤੇ ਵਾਪਸ ਆਉਂਦਾ ਦਿਖਾਈ ਨਹੀਂ ਦੇ ਰਿਹਾ।

ਪੰਜਾਬੀ ਦੁਨੀਆ

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
(A Division of Media Partners Capital , Inc.)

**Address :**
**P.O Box 7005 Hicksville New York 11801**

Phone: 917 612 3158 TelFax : 516 342 1076
editor@thesouthasianinsider.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ

ਲਓ ਬਈ ਭਰਾਓ, ਆਪਾਂ ਪੱਕਾ ਫੈਸਲਾ ਕਰ ਲਿਆ ਹੈ ਕਿ ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ। ਚਾਹੇ ਕੁਝ ਹੋ ਜਾਵੇ, ਆਪਾਂ ਪਿੰਡ ਦਾ ਸਰਪੰਚ ਬਣਨੈ ਹੀ ਬਣਨੈ। ਤਦੇ ਤਾਂ ਪੰਜਾਹ ਲੱਖ ਰੁਪਏ ਆਪਾਂ ਸਰਪੰਚੀ ਲਈ ਇੱਕ ਪਾਸੇ ਕਰ ਕੇ ਰੱਖ ਦਿੱਤੇ ਹਨ। ਮੰਤਰੀ ਜੀ ਦਾ ਪੀ ਏ ਕਹਿੰਦਾ ਸੀ, ਅਖੇ ਇਹ ਪੰਜਾਹ ਲੱਖ ਰੁਪਏ ਤੂੰ ਸਾਡੇ ਸਪੁਰਦ ਕਰ, ਸਰਪੰਚੀ ਤੈਨੂੰ ਘਰ ਬੈਠੇ ਨੂੰ ਦੇ ਦਿਆਂਗੇ, ਐਨ ਥਾਲੀ ਵਿੱਚ ਪਰੋਸ ਕੇ, ਪਰ ਆਪਾਂ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਬੰਦੇ ਹਾਂ, ਇਸ ਕਰ ਕੇ ਆਪਾਂ ਪੀ ਏ ਸਾਹਿਬ ਨੂੰ ਕੋਰਾ ਜਵਾਬ ਦੇ ਦਿੱਤਾ। ਨਾਲੇ ਜਦੋਂ ਜਿੱਤਣ ਦੀ ਪੂਰੀ ਸਮਰੱਥਾ ਰੱਖਦੇ ਹਾਂ ਤਾਂ ਨਾਜਾਇਜ਼ ਕੰਮ ਕਿਉਂ ਕਰੀਏ। ਆਪਣੀ ਜਿੱਤ ਯਕੀਨੀ ਬਣਾਉਣ ਲਈ ਅਸੀਂ ਅੱਜ ਤੋਂ ਹੀ ਪਿੰਡ ਦੇ ਸਾਰੇ ਲੋਕਾਂ ਨਾਲ ਰਾਬਤਾ ਬਣਾ ਕੇ ਰੱਖ ਰਹੇ ਹਾਂ। ਹਰੇਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਹਾਂ ਤੇ ਲੋੜ ਸਮੇਂ ਉਨ੍ਹਾਂ ਦੀ ਮਦਦ ਵੀ ਕਰਦੇ ਹਾਂ। ਪਿਛਲੇ ਮਹੀਨੇ ਇੱਕ ਗਰੀਬ ਦੀ ਬੇਟੀ ਦਾ ਵਿਆਹ ਸੀ। ਉਸ ਬੇਟੀ ਨੂੰ ਪੰਜ ਸੂਟ, ਇੱਕ ਬੈੱਡ, ਦੋ ਕੁਰਸੀਆਂ, ਇੱਕ ਮੇਜ਼, ਘਰੇਲੂ ਵਰਤੋਂ ਦੇ ਭਾਂਡੇ ਅਤੇ ਕੁੜੀਆਂ-ਕੱਤਰੀਆਂ ਦਾ ਸਾਰਾ ਜ਼ਰੂਰੀ ਸਾਮਾਨ ਆਪਾਂ ਲੈ ਦਿੱਤਾ ਹੈ। ਕੁੜੀ ਵਾਲੇ ਬਾਗੋ-ਬਾਗ ਹੋ ਗਏ। ਪਿਛਲੇ ਹਫਤੇ ਦੋ ਵਿਦਿਆਰਥੀਆਂ ਨੂੰ ਆਪਾਂ ਨਵੀਆਂ-ਨਕੋਰ ਸਕੂਲੀ ਵਰਦੀਆਂ ਬਣਵਾ ਦਿੱਤੀਆਂ ਹਨ। ਪਰਸੋਂ ਪਿੰਡ ਦੇ ਇੱਕ ਗਰੀਬ ਦਾ ਚੰਗੇ ਡਾਕਟਰ ਤੋਂ ਇਲਾਜ ਕਰਵਾਇਆ, ਵਿਚਾਰਾ ਹਫਤੇ ਤੋਂ ਬੁਖਾਰ ਨਾਲ ਮੰਜੇ ?ਤੇ ਪਿਆ ਚੂਕੀ ਜਾਂਦਾ ਸੀ। ਅੱਜ ਪਿੰਡ ਦੇ ਦੋ ਸਕੇ ਭਰਾਵਾਂ ਦਾ ਰਾਜ਼ੀਨਾਮਾ ਕਰਾਇਆ ਹੈ। ਪਿਛਲੇ ਦਿਨੀਂ ਪਾਣੀ ਦੀ ਵਾਰੀ ?ਤੇ ਦੋਵੇਂ ਭਰਾ ਡਾਂਗੋ-ਡਾਂਗੀ ਹੋ ਗਏ ਸਨ।

ਗੱਲ ਮੁਕਾਓ ਜੀ, ਜਿਹੜਾ ਲੋੜਵੰਦ ਸਾਡੇ ਦਰ ?ਤੇ ਉਮੀਦ ਲੈ ਕੇ ਆਉਂਦਾ ਹੈ, ਅਸੀਂ ਉਸ ਨੂੰ ਖਾਲੀ ਨਹੀਂ ਮੋੜਦੇ। ਇਸ ਪਿੱਛੇ ਮੂਲ ਕਾਰਨ ਦਾ ਤਾਂ ਤੁਹਾਨੂੰ ਪਤਾ ਹੀ ਐ ਕਿ ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ।

ਆਪਣੇ ਵਿਰੋਧੀਆਂ ਨੂੰ ਮਾਤ ਦੇਣ ਲਈ ਅਸੀਂ ਕੋਈ ਕਸਰ ਨਹੀਂ ਛੱਡਣੀ ਚਾਹੁੰਦੇ, ਤਦੇ ਆਪਾਂ ਪਿੰਡ ਵਿੱਚ ਸੈਂਕੜੇ ਜਾਅਲੀ ਵੋਟਾਂ ਬਣਾ ਲਈਆਂ ਹਨ। ਇਹ ਵੋਟਾਂ ਚੋਣ ਅਮਲੇ ਦੀ ਯੋਗ ਮਦਦ ਦੇ ਨਾਲ ਆਪਾਂ ਜ਼ਰੂਰ ਭੁਗਤਾ ਲਵਾਂਗੇ। ਥਾਣਾ ਮੁਖੀ ਨਾਲ ਆਪਾਂ ਪੂਰੇ ਸੁਖਾਵੇਂ ਸੰਬੰਧ ਬਣਾ ਰੱਖੇ ਹਨ। ਗਾਹੇ-ਬ-ਗਾਹੇ ਆਪਾਂ ਉਨ੍ਹਾਂ ਨੂੰ ਪ੍ਰੀਤੀ-ਭੋਜ ਛਕਾਉਂਦੇ ਰਹਿੰਦੇ ਹਾਂ ਅਤੇ ਉਨ੍ਹਾਂ ਦੀਆਂ ਨਿੱਕੀਆਂ-ਮੋਟੀਆਂ ਵਗਾਰਾਂ ਪੂਰੀਆਂ ਕਰਦੇ ਰਹਿੰਦੇ ਹਾਂ।

ਵੈਸੇ ਆਪਾਂ ਮੰਤਰੀ ਜੀ ਨੂੰ ਵੀ ਚੋਣਾਂ ਸਮੇਂ 'ਪਾਰਟੀ ਫੰਡ' ਦਾ ਮੋਟਾ ਗੱਫਾ ਦੇ ਚੁੱਕੇ ਹਾਂ। ਇਸ ਕਰ ਕੇ ਉਹ ਵੀ ਆਪਣੇ ?ਤੇ ਮਿਹਰ ਭਰਿਆ ਹੱਥ ਰੱਖਣਗੇ। ਪਿੰਡ ਦੀਆਂ ਸਾਰੀਆਂ ਵਿਕਾਊ ਵੋਟਾਂ ਦੀ ਆਪਾਂ ਲਿਸਟ ਤਿਆਰ ਕਰ ਲਈ ਹੈ ਅਤੇ ਉਨ੍ਹਾਂ ਦੇ ਰੇਟ ਫਿਕਸ ਕਰਨ ਲਈ ਗੁਪਤ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਇਹ ਗੱਲ ਆਪਾਂ ਮਨ ਵਿੱਚ ਧਾਰ ਲਈ ਹੈ ਕਿ ਵੋਟਰ ਜੋ ਵੀ ਕੀਮਤ ਮੂੰਹੋਂ ਮੰਗਣਗੇ, ਆਪਾਂ ਖਿੜੇ ਮੱਥੇ ਅਦਾ ਕਰ ਦਿਆਂਗੇ। ਨਾਲੇ ਆਪਾਂ ਦ੍ਰਿੜ੍ਹ ਫੈਸਲਾ ਕਰ ਲਿਆ ਹੈ ਕਿ ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ। ਜਿਸ ਦਿਨ ਤੋਂ ਪੰਚਾਇਤੀ ਚੋਣਾਂ ਦਾ ਐਲਾਨ ਹੋਇਆ ਹੈ, ਆਪਾਂ ਉਸ ਦਿਨ ਤੋਂ ਨਿਆਈਂ ਵਾਲੇ ਖੇਤ ਰੂੜੀ ਮਾਰਕਾ ਸ਼ਰਾਬ ਕੱਢਣ ਦੇ ਨੇਕ ਕਾਰਜ ਵਿੱਚ ਜੁੱਟ ਗਏ ਹਾਂ। ਮੁਰਗੀਖਾਨੇ ਵਾਲਾ ਰਮਨ ਵਰਮਾ ਆਪਣੇ ਘਰ ਦਾ ਮੁੰਡਾ ਹੈ। ਉਸ ਨੂੰ ਜਿੰਨੇ ਮੁਰਗਿਆਂ ਦਾ ਆਰਡਰ ਕਰਦੇ ਹਾਂ, ਉਹ ਤੁਰੰਤ ਭੇਜ ਦਿੰਦਾ ਹੈ। ਰੋਜ਼ ਸ਼ਾਮ ਨੂੰ ਆਪਣੇ ਘਰ ਵਿਆਹ ਵਰਗਾ ਮਾਹੌਲ ਹੁੰਦਾ ਹੈ। ਅੱਧਾ ਪਿੰਡ ਆਪਣੇ ਘਰੋਂ ਰੂੜੀ ਮਾਰਕਾ ਸ਼ਰਾਬ ਨਾਲ ਡੱਕ ਕੇ ਜਾਂਦਾ ਹੈ।

ਪਿੰਡ ਦੇ ਅਮਲੀਆਂ ਦੀ ਯੋਗ ਸੇਵਾ ਲਈ ਅਸੀਂ ਚੰਗੀ ਅਫੀਮ ਦਾ ਕੋਟਾ ਗੁਪਤ ਮੰਗਵਾ ਲਿਆ ਹੈ। ਰਾਤ-ਬਰਾਤੇ ਜਦੋਂ ਵੀ ਉਨ੍ਹਾਂ ਨੂੰ ਨਸ਼ੇ ਦੀ ਤੋੜ ਲੱਗਦੀ ਹੈ ਤਾਂ ਉਨ੍ਹਾਂ ਨੂੰ ਪੂਰੀ ਖੁੱਲ੍ਹ ਹੈ ਕਿ ਉਹ ਕਿਸੇ ਸਮੇਂ ਵੀ ਆ ਕੇ ਸਾਡੀਆਂ 'ਅਮਲੀ ਭਲਾਈ ਸੇਵਾਵਾਂ' ਦਾ ਭਰਪੂਰ ਲਾਭ ਉਠਾ ਸਕਦੇ ਹਨ। ਏ-ਕਲਾਸ ਡੋਡਿਆਂ ਦਾ ਭਰਿਆ ਇੱਕ ਕੈਂਟਰ ਵੋਟਰਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਅਸੀਂ ਵਿਸ਼ੇਸ਼ ਤੌਰ ?ਤੇ ਮੰਗਵਾਇਆ ਹੈ, ਜੋ ਲੋੜਵੰਦਾਂ ਨੂੰ ਨਿਰਵਿਘਨ ਸਪਲਾਈ ਕੀਤਾ ਜਾਂਦਾ ਹੈ। ਨਾਲੇ ਮਿੱਤਰ ਪਿਆਰਿਓ, ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ, ਚਾਹੇ ਵੋਟਰਾਂ ਦੀ ਖਾਤਿਰ ਆਪਾਂ ਨੂੰ ਕੁਝ ਵੀ ਕਰਨਾ ਪਵੇ। ਤੁਹਾਡੇ ਮਨ ਵਿੱਚ ਇਹ ਗੱਲ ਆ ਸਕਦੀ ਹੈ ਕਿ ਇਹ ਭਲਾਮਾਣਸ ਸਰਪੰਚੀ ?ਤੇ ਪੰਜਾਹ ਲੱਖ ਰੁਪਏ ਕਿਉਂ ਖਰਚ ਰਿਹਾ ਹੈ। ਆਖਿਰ ਇਸ ਨੂੰ ਸਰਪੰਚੀ ਵਿੱਚੋਂ ਕੀ ਦਿਸਦਾ ਹੈ ? ਭਰਾ ਮੇਰਿਓ, ਸਾਨੂੰ ਸਰਪੰਚੀ ਵਿੱਚੋਂ ਬਹੁਤ ਕੁਝ ਦਿਸਦੈ ਮਸਲਨ ਸਾਨੂੰ ਪੰਚਾਇਤ ਦੀ ਸੱਠ ਕਿੱਲੇ ਝੋਟੇ ਦੇ ਸਿਰ ਵਰਗੀ ਜ਼ਮੀਨ ਦਿਸਦੀ ਹੈ। ਸਰਪੰਚ ਬਣਨ ਉਪਰੰਤ ਆਪਾਂ ਇਹ ਜ਼ਮੀਨ ਠੇਕੇ ?ਤੇ ਦਿਆ ਕਰਾਂਗੇ ਤੇ ਬੇਝਿਜਕ ਹੋ ਕੇ ਇਹ ਠੇਕਾ ਛਕਿਆ ਕਰਾਂਗੇ। ਜੇ ਮੰਤਰੀ ਜੀ ਨਾਲ ਮਿਲ ਮਿਲਾ ਕੇ ਪੰਦਰਾਂ ਵੀਹ ਕਿੱਲਿਆਂ ?ਤੇ ਪੱਕਾ ਕਬਜ਼ਾ ਹੋ ਜਾਵੇ, ਫੇਰ ਆਪਣੀਆਂ ਪੰਜੇ ਹੀ ਘਿਓ ?ਚ ਹੋ ਜਾਣਗੀਆਂ। ਸਾਨੂੰ ਸਰਕਾਰ ਵੱਲੋਂ ਆਉਂਦੀਆਂ ਗਰਾਂਟਾਂ ਦਿਸਦੀਆਂ ਹਨ, ਜਿਸ ?ਚੋਂ ਬੁਰਕੀ ਕੁ ਪੰਚਾਇਤ ਸੈਕਟਰੀ ਨੂੰ, ਬੁਰਕੀ ਕੁ ਪੰਚਾਇਤ ਅਫਸਰ ਨੂੰ, ਡੇਢ ਕੁ ਬੁਰਕੀ ਐੱਮ ਐੱਲ ਏ ਸਾਬ੍ਹ ਨੂੰ ਦੇ ਕੇ ਬਾਕੀ ਸਾਰੀ ਗਰਾਂਟ ਆਪਾਂ ਡਕਾਰ ਜਾਇਆ ਕਰਾਂਗੇ। ਸਾਨੂੰ ਪਿੰਡ ਦਾ ਪੰਦਰਾਂ ਕਿੱਲਿਆਂ ਵਾਲਾ ਵਿਸ਼ਾਲ ਛੱਪੜ ਦਿਸਦਾ ਹੈ। ਇਸ ਵਿੱਚ ਆਪਾਂ ਚੰਗੀ ਨਸਲ ਦੀਆਂ ਮੱਛੀਆਂ ਪਾਲਿਆ ਕਰਾਂਗੇ ਤੇ ਵਾਧੂ ਨੋਟ ਛਾਪਿਆ ਕਰਾਂਗੇ। ਸਾਡਾ ਪਿੰਡ ਸੁੱਖ ਨਾਲ ਬਹੁਤ ਵੱਡਾ ਹੈ। ਓਸ ਹਿਸਾਬ ਨਾਲ ਇਥੇ ਬੁਢਾਪਾ ਪੈਨਸ਼ਨਾਂ ਵੀ ਆਉਂਦੀਆਂ ਹੋਣਗੀਆਂ। ਬਜ਼ੁਰਗਾਂ ਦੇ ਕਾਗਜ਼ਾਂ ?ਤੇ ਅੰਗੂਠੇ ਲੁਆ ਉਨ੍ਹਾਂ ਦੀ ਅੱਧ-ਪਚੱਧੀ ਪੈਨਸ਼ਨ ਆਪਾਂ ਹਜ਼ਮ ਕਰਿਆ ਕਰਾਂਗੇ। ਸਰਕਾਰੀ ਸਕੂਲਾਂ ਵਿੱਚ ਵੀ ਚੰਗੀਆਂ ਗਰਾਂਟਾਂ ਆ ਜਾਂਦੀਆਂ ਹਨ। ਸਕੂਲ ਕਮੇਟੀ ਦਾ ਧੱਕੇ ਨਾਲ ਚੇਅਰਮੈਨ ਬਣ ਕੇ ਨਾਲੇ 'ਚੇਅਰਮੈਨ ? ਵਾਲੀ ਲਾਲ ਪਲੇਟ ਆਪਣੀ ਗੱਡੀ ਅੱਗੇ ਲਾਵਾਂਗੇ ਤੇ ਨਾਲੇ ਅਧਿਆਪਕਾਂ ਨੂੰ ਦਬਕੇ ਮਾਰ ਸਕੂਲ ਦੀ ਗਰਾਂਟ ਛਕਾਂਗੇ। ਨਰੇਗਾ ?ਚੋਂ ਵੀ ਕਦੇ ਕਦਾਈਂ ਆਪਾਂ ਦਾਅ ਮਾਰ ਲਿਆ ਕਰਾਂਗੇ। ਨਾਲੇ ਇਥੇ ਕੌਣ ਪੁੱਛਦੈ- ਅੰਨ੍ਹੀ ਪੀਂਹਦੀ ਐ ਤੇ ਕੁੱਤੇ ਚੱਟੀ ਜਾਂਦੇ ਐ। ਤਾਹੀਂ ਆਪਾਂ ਮੁੱਠੀਆਂ ਵਿੱਚ ਥੁੱਕੀ ਫਿਰਦੇ ਹਾਂ ਕਿ ਐਤਕੀਂ ਆਪਾਂ ਸਰਪੰਚੀ ਨਹੀਂ ਛੱਡਣੀ- ਸਰੀਰ ਭਾਵੇਂ ਛੱਡ ਦੇਈਏ।

# ਡੰਡੇ ਵਾਲੇ ਨੂੰ ਟੱਕਰਿਆ ਡਾਂਗ ਵਾਲਾ

ਹਰਕੀਰਤ ਕੌਰ ਚਹਿਲ ਜੂਨ 2018 ਤੋਂ ਪਹਿਲਾਂ ਮੇਰੇ ਲਈ ਕਿਸੇ ਅਜਨਬੀ ਵਾਂਗ ਹੀ ਸੀ। ਇਸ ਨਾਮ ਵਾਲੀ ਕਿਸੇ ਕਹਾਣੀਕਾਰਾ/ਨਾਵਲਕਾਰਾਂ ਬਾਰੇ ਮੈਨੂੰ ਬਿਲਕੁਲ ਇਲਮ ਨਹੀਂ ਸੀ। ਉਸ ਨਾਲ ਪਹਿਲੀ ਮੁਲਾਕਾਤ ਕੈਨੇਡਾ ਗਿਆਂ ਸਰੀ ਦੇ ਪੰਜਾਬ ਭਵਨ ਵਿੱਚ ਇੱਕ ਸਮਾਗਮ ਵਿੱਚ ਹੋਈ। ਆਪਣਾ ਨਾਵਲ 'ਥੋਹਰਾਂ ਦੇ ਫੁੱਲ' ਉਸ ਭੇਂਟ ਕੀਤਾ ਤਾ ਕੈਨੇਡਾ ਤੋਂ ਵਾਪਸੀ ਉਡਾਣ ਵੇਲੇ ਇਹ ਵੀ ਮੇਰੇ ਨਾਲ ਹੀ ਵਾਪਸ ਉੱਡ ਆਇਆ। ਸਿਰਫ ਸਤਿਕਾਰ ਵਜੋਂ ,ਕਿਉਂਕਿ ਮੈਂ ਜਾਣਦਾ ਹਾਂ ਕਿ ਕੈਨੇਡਾ ਵਰਗੇ ਦੇਸ਼ ਦੀ ਅੱਤ ਰੁੱਝੀ ਜਿੰਦਗੀ ਵਿੱਚ ਨਾਵਲ ਵਰਗੀ ਵਿਧਾ ਨੂੰ ਹੱਥ ਪਾਉਣਾ ਲੋਹੇ ਦੇ ਚਨੇ ਚੱਬਣ ਵਾਲੀ ਗੱਲ ਹੈ। ਤਿੰਨ ਸੌ ਪੰਨਿਆਂ ਦੇ ਨਾਵਲ ਨੂੰ ਪੂਰੀ ਰੂਹ ਨਾਲ ਪੜ੍ਹਣ ਲਈ ਢੁਕਵੇਂ ਮਨ ਮੌਸਮ ਦੀ ਤਲਾਸ਼ ਵਿੱਚ ਜੁੱਟ ਗਿਆ। ਫਿਰ ਇਹ ਮੌਕਾ ਮਿਲਿਆ ਤਾਂ ਦੋ ਦਿਨ ਵਿੱਚ ਹੀ ਪੂਰਾ ਨਾਵਲ ਡੀਕ ਲਿਆ। ਨਾਵਲ ਕੁਝ ਹੈ ਈ ਐਸਾ ਸੀ ਕਿ ਇਹ ਡੀਕ ਲਾ ਕੇ ਪੀਣ ਵਾਲੀ ਚੀਜ਼ ਜਾਪੀ। ਲੁਧਿਆਣੇ ਜਿਲ੍ਹੇ ਦੇ ਛਪਾਰ ਦੇ ਇਲਾਕੇ ਦੇ ਆਸ ਪਾਸ ਦੇ ਪਿੰਡਾਂ( ਗੋਪਾਲਪੁਰ,ਰਸ਼ੀਨ,ਪੋਹੀੜ ਆਦਿ) ਦੀ ਸ਼ਬਦ ਯਾਤਰਾ ਕਰਦਿਆਂ ਹੌਲੀ ਇਹ ਪੂਰਾ ਭੂ-ਖੰਡ ਅੱਖਾਂ ਅੱਗੇ ਸਾਕਾਰ ਹੋਣਾ ਸ਼ੁਰੂ ਹੋ ਗਿਆ। ਇਸ ਖਿੱਤੇ ਵਿੱਚਲੀ ਪਿਛਲੀ ਸਦੀ ਦੇ ਪਿਛਲੇ ਅੱਧ ਦੀ ਜਿੰਦਗੀ ਦਾ ਚੱਲ ਚਿੱਤਰ ਚੱਲਣਾ ਸ਼ੁਰੂ ਹੋ ਗਿਆ। ਉਹ ਚਿੱਤਰ ਜਿਸ ਵਿੱਚ ਇੱਕ ਬਾਂਝ ਔਰਤ ਕਥਾ ਦੇ ਧਰਾਤਲ ਤੇ ਛਾਈ ਹੋਈ ਆਪਣੀ ਊਣੀ ਜਿੰਦਗੀ ਦੀਆਂ ਸਭ ਦੁਸ਼ਵਾਰੀਆਂ ਨਾਲ ਲੜਦੀ,ਭਿੜਦੀ ਇਸ ਨੂੰ ਆਪਣੇ ਟੱਬਰ ਲਈ ਵੱਤਰ ਕਰਨ ਵਿੱਚ ਜੁੱਟੀ ਹੋਈ ਹੈ। ਆਪਣੇ ਬੱਚਾ ਨਹੀਂ ਹੁੰਦਾ ਤਾਂ ਆਪਣੀ ਭਤੀਜੀ ਨੂੰ ਗੋਦ ਪਵਾ ਕੇ ਸੰਸਾਰ ਨਾਲ ਨਾਤਾ ਜੋੜਨ ਦਾ ਆਹਰ ਕਰਦੀ ਹੈ। ਹਾਲਾਤ ਕੁਝ ਅਜਿਹੀ ਕਰਵਟ ਲੈਂਦੇ ਹਨ ਕਿ ਅਚਾਨਕ ਪਿੱਛੇ ਇਕਲੌਤੇ ਭਤੀਜੋ ਦੀ ਮੌਤ ਉਪਰੰਤ ਭਤੀਜੀ(ਜਿਸ ਨੂੰ ਧੀ ਬਣਾ ਚੁੱਕੀ ਹੈ) ਨੂੰ ਫਿਰ ਉਸਦੇ ਜੰਮਣ ਵਾਲਿਆ ਨੂੰ ਵਾਪਸ ਕਰਨ ਦਾ ਫੈਸਲਾ ਕਰਦੀ ਹੈ। ਸੰਸਾਰ ਨਾਲ ਘਰ ਦਾ ਨਾਤਾ ਗੰਢਣ ਲਈ ਪਤੀ ਨੂੰ ਇੱਕ ਹੌਰ ਵਿਆਹ ਕਰਵਾ ਲੈਣ ਲਈ ਮਨਾਉਂਦੀ ਹੈ। ਘਰ ਯੂ.ਪੀ. ਦੀ ਕੁਦੇਸਣ ਆਉਂਦੀ ਹੈ ਜਿਸ ਵਿੱਚੋਂ ਜੰਮੇ ਜਗਸੀਰ ਨਾਲ ਸਭ ਦਾ ਜੱਗ ਨਾਲ ਸੀਰ ਪੈਂਦਾ ਹੈ। ਇਹ ਸੀਰ, ਜਗਸੀਰ ਦਾ ਪੜ੍ਹਾਈ ਲਿਖਾਈ ਉਪਰੰਤ ਕੈਨੇਡਾ ਜਾਣਾ ਤੇ ਉਥੇ ਜਰਮਨ ਸਟੈਲਾ ਨਾਲ ਵਿਆਹ ਰਾਹੀਂ ਇੱਕ ਵੱਖਰੇ ਰੰਗ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਇਸ ਮੂਲ ਕਹਾਣੀ ਦੀ ਚਾਦਰ ਤੇ ਆਪਣੇ ਸ਼ਬਦਾਂ ਦੇ ਕਰੋਸ਼ੀਏ ਨਾਲ ਹਰਕੀਰਤ ਕੌਰ ਚਾਹਲ ਜਿਹੜੇ ਬਾਗ ਕੱਢਦੀ ਹੈ ਉਹ ਮਨ ਨੂੰ ਧੂਅ ਪਾਉਣ ਵਾਲੇ ਹਨ। ਇਸ ਬਾਗ ਵਿੱਚ ਮਲਵਈ ਜੀਵਨ ਵਿਚਲੇ ਔਰਤ ਮਰਦ ਵਿਸ਼ੇਸ਼ ਕਰ ਪਤੀ ਪਤਨੀ ਦੇ ਆਪਸੀ ਸੰਬੰਧ, ਸ਼ਰੀਕੇ ਭਾਈਚਾਰੇ ਤੇ ਕੋੜਮੇ ਕਬੀਲੇ ਨਾਲ ਟੁੱਟਦੇ ਜੁੜਦੇ ਰਿਸ਼ਤਿਆਂ ਦੀ ਬਾਤ, ਪੇਂਡੂ ਜੀਵਨ ਵਿਚਲੀਆਂ ਮੰਨਤਾ ਮਨੌਤਾਂ ਅਤੇ ਸੰਸਕਾਰਾਂ ਦੀ ਡੂੰਘੀ ਪੈਂਠ ਦੇ ਕਿਤੇ ਮਖਮਲੀ ਅਤੇ ਕਿਤੇ ਖੁਰਦੁਰੇ ਰੇਸ਼ਿਆਂ ਨੂੰ ਖੂਬਸੂਰਤੀ ਨਾਲ ਬੁਣਿਆ ਗਿਆ ਹੈ। ਇਨ੍ਹਾਂ ਮਹੀਨ ਰੇਸ਼ਿਆਂ ਨੂੰ ਜਦ ਉਹ ਵਿਆਹ ਜਾਂ ਘਰ ਵਿੱਚ ਰਖਾਏ ਪਾਠ ਵਰਗੇ ਦ੍ਰਿਸ਼ਾਂ ਦੀ ਪਿੱਠਭੂਮੀ ਵਿੱਚ ਬੁਣਦੀ ਹੈ ਤਾਂ ਇਹ ਰੰਗ ਹੋਰ ਵੀ ਸ਼ੋਖ ਹੋ ਕੇ ਖਿੜ ਪੈਂਦੇ ਹਨ। ਕਿਸਾਨੀ ਜੀਵਨ ਵਿਚਲੇ ਕੰਮਕਾਰ ਨਾਲ ਜੁੜੇ ਛੋਟੇ -ਛੋਟੇ ਪਰ ਗੁਆਚ ਰਹੇ ਵੇਰਵਿਆਂ ਨੂੰ ਜਦ ਉਹ ਕਥਾ ਵਿੱਚ ਬੁਣਦੀ ਹੈ ਤੇ ਇਸ ਨੂੰ ਆਪਣੀ ਕਾਵਿਕ ਮਲਵਈ ਬੋਲੀ ਵਿੱਚ ਪੇਸ਼ ਕਰਦੀ ਹੈ ਤਾਂ ਇਹ ਵਾਕ ਮਨ ਦੀ ਮਮਟੀ ਤੇ ਚਿਰਾਗਾਂ ਵਾਂਗ ਬਲਣ ਲੱਗਦੇ ਹਨ। ਵਿਸ਼ੇਸ਼ ਕਰ ਔਰਤ ਦੇ ਮਨ ਦੀਆਂ ਤਹਿਆਂ ਦੀ ਬਾਤ ਪਾਉਂਦਿਆਂ ਉਸ ਦੀ ਮਲਵਈ ਕਾਵਿਕਤਾ ਆਪਣੇ ਸਿਖਰ ਨੂੰ ਪੁੱਜ ਜਾਂਦੀ ਹੈ। ਕਹਾਣੀ ਦੇ ਕਥਾਰਸ ਵਿੱਚ ਗੁਆਚਾ ਪਾਠਕ ਅੱਗੇ ਤੋਂ ਅੱਗੇ ਰਿੜਿਆ ਤੁਰਿਆ ਜਾਂਦਾ ਹੈ। ਉਹ ਕਹਾਣੀ ਇਸ ਤਰ੍ਹਾਂ ਬੁਣਦੀ ਹੈ ਜਿਸ ਵਿੱਚ ਪਾਤਰਾਂ ਦੀ ਜਿੰਦਗੀ ਵਿੱਚ ਵੈਸੇ ਤਾਂ ਵੇਖਣ ਨੂੰ ਬਹੁਤ ਦੁਸ਼ਵਾਰੀਆਂ ਜਾਪਦੀਆਂ ਹਨ ਪਰ ਇਹ ਜਿੰਦਗੀ ਕਿਤੇ ਖੜ੍ਹਦੀ ਨਹੀਂ। ਲੇਖਕਾ ਦੀ ਉਂਗਲ ਫੜੀ, ਪਾਤਰ ਆਸ਼ਾਵਾਦ ਦਾ ਪਾਠ ਪੜ੍ਹਦੇ/ਪੜਾਉਂਦੇ, ਅੱਗੇ ਤੋਂ ਅੱਗੇ ਤੁਰੀ ਜਾਂਦੇ ਹਨ। ਖੰਘਰ ਜਿਹੀ ਜਿੰਦਗੀ ਨੂੰ ਇਓ ਮਖਮਲੀ ਚਾਦਰ ਵਿੱਚ ਲਪੇਟ ਕੇ ਲੇਖਕਾ ਪਾਤਰਾਂ ਤੇ ਪਾਠਕ ਨੂੰ ਦਬੱਲੀ ਅੱਗੇ ਤੋਂ ਅੱਗੇ ਤੁਰੀ ਜਾਂਦੀ ਹੈ। ਪਾਤਰਾਂ ਦੀ 'ਸਿਆਣਪ' ਨਾਲ ਜਿੰਦਗੀ ਦੀਆਂ ਸਿਲਵੱਟਾਂ ਆਪਣੇ ਆਪ ਨਿੱਕਲਦੀਆਂ ਤੁਰੀਆਂ ਜਾਂਦੀਆਂ ਹਨ ਤੇ ਜਿੰਦਗੀ ਜਿਊਣ ਜੋਗੀ ਤੇ ਮੋਹ ਭਰੀ ਜਾਪਣ ਲੱਗਦੀ ਹੈ। ਇਹ ਪਾਤਰ ਏਨੇ ਸਿਆਣੇ ਹਨ ਜਿਸ ਵਿੱਚ ਇੱਕ ਔਰਤ ਦੂਜੀ ਸੌਕਣ ਔਰਤ ਨਾਲ ਮੁਹੱਬਤ ਵਿੱਚ ਭਿੱਝੀ ਪਈ ਹੈ। ਪਤੀ ਪਤਨੀ ਵਿੱਚ ਕਿਤੇ ਤਕਰਾਰ ਵਾਲੀ ਗੱਲ ਨਹੀਂ। ਕੁਦੇਸਣ ਔਰਤ/ ਮਾਂ ਵੀ ਕਿਤੇ ਬਹੁਤਾ ਡੱਸਦੀ ਨਹੀਂ। ਸਗੋਂ ਜਿਆਦਾਤਰ ਆਦਰਸ਼ਕ ਰੂਪ ਵਿੱਚ ਪ੍ਰਵਾਨ ਚੜ੍ਹਦੀ ਹੈ। ਪੰਜਾਬ ਤੋਂ ਗਏ ਪ੍ਰਵਾਸੀ ਮੁੰਡੇ ਨਾਲ ਕੈਨੇਡਾ ਰਹਿੰਦੀ ਜਰਮਨ ਮੂਲ ਦੀ ਸਟੈਲਾ ਵੀ ਪਿਆਰ ਵਿੱਚ ਗੜੁੱਚ ਹੋ ਕੇ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੈ। ਇਸ ਚਿੱਤਰਪਟ ਵਿੱਚ ਹੀ ਕੈਨੇਡਾ ਪਾਠਕ ਦੇ ਮਨ ਉੱਪਰ ਧੁਆਂਖੇ ਪੰਜਾਬ ਦੀ ਹਿੱਕ ਤੇ ਸਵਰਗ ਦੇ ਟੁਕੜੇ ਵਾਂਗ ਉੱਭਰਦਾ ਹੈ। ਇਵੇਂ ਵਾਪਰਦਿਆਂ ਜਿੰਦਗੀ ਦੇ ਬਹੁਤੇ ਵਲ ਵਿੰਗ ,ਅੰਤਰ-ਭੇੜ ਅਤੇ ਤਨਾਓ ਕਥਾ-ਰਸ ਦੇ ਸ਼ੂਕਦੇ ਸਮੁੰਦਰ ਵਿੱਚ ਕਿਤੇ ਗਹਿਰੇ ਦਫਨ ਹੋ ਜਾਂਦੇ ਹਨ। 'ਥੋਹਰਾਂ ਦੇ ਫੁੱਲ' 'ਸੂਰਜਮੁਖੀ ਦੇ ਫੁੱਲਾਂ' ਵਾਂਗ ਖਿੜੇ ਮਹਿਸੂਸ ਹੁੰਦੇ ਹਨ। ਉਸ ਦੀ ਕਲਾ ਇਸ ਗੱਲ ਵਿੱਚ ਹੈ ਕਿ ਪਾਠਕ ਨੂੰ ਉਸਦੇ 'ਸੂਰਜਮੁਖੀ' ਵੀ ਨਿਆਰੇ ਤੇ ਪਿਆਰੇ ਪ੍ਰਤੀਤ ਹੁੰਦੇ ਹਨ। ਹਰਕੀਰਤ ਕੌਰ ਚਾਹਲ ਕੋਲ ਕਥਾ ਗੁੰਦਣ ਅਤੇ ਇਸ ਨੂੰ ਦਮਦਾਰ ਭਾਸ਼ਾ ਵਿੱਚ ਬਿਆਨਣ ਦਾ ਚੰਗਾ ਹੁਨਰ ਹੈ। ਉਸ ਦੀ ਕਥਾਕਾਰੀ ਵਿੱਚ ਨਾਨਕ ਸਿੰਘ,ਜਸਵੰਤ ਸਿੰਘ ਕੰਵਲ ਅਤੇ ਰਾਮ ਸਰੂਪ ਅਣਖੀ ਘੁਲੇ-ਮਿਲੇ ਜਾਪਦੇ ਹਨ। ਇਹ ਹੁਣ ਉਸ ਤੇ ਹੈ ਕਿ ਉਸ ਨੇ ਇਨ੍ਹਾਂ ਪੈੜ੍ਹਾਂ ਤੇ ਚੱਲਦਿਆਂ ਇਨ੍ਹਾਂ ਨੂੰ ਡੂੰਘੇਰਾ ਅਤੇ ਲੰਮੇਰਾ ਕਰਨਾ ਹੈ ਜਾਂ ਆਪਣੀਆਂ ਪੈੜ੍ਹਾਂ ਖੁਦ ਉਲੀਕਣੀਆਂ ਹਨ। ਫਿਲਹਾਲ ਮੈਨੂੰ ਇੱਕ ਦਮਦਾਰ ਪ੍ਰਵਾਸੀ ਗਲਪ ਲੇਖਕਾ ਦੀ ਆਹਟ ਸੁਣਾਈ ਦੇ ਰਹੀ ਹੈ।

**ਸੁਖਪਾਲ ਸਿੰਘ ਥਿੰਦ**






# ਹਾਲੀਵੁੱਡ ਅਭਿਨੇਤਰੀਆਂ ਦੀਆਂ ਨਿਊਡ ਫੋਟੋਆਂ ਸ਼ੇਅਰ ਕਰਨ ਵਾਲੇ ਸ਼ਖਸ ਨੂੰ 8 ਮਹੀਨੇ ਦੀ ਜੇਲ

ਵਾਸ਼ਿੰਗਟਨ — ਹਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਜੈਨੀਫਰ ਲਾਰੈਂਸ, ਕ੍ਰਿਸਟਨ ਡੰਸਟ, ਕੇਟ ਅਪਟਨ ਸਮੇਤ ਕਈ ਅਦਾਕਾਰਾਂ ਦੀਆਂ ਨਿਊਡ ਤਸਵੀਰਾਂ ਸ਼ੇਅਰ ਕਰਨ ਵਾਲੇ ਵਿਅਕਤੀ ਨੂੰ ਫੈਡਰਲ ਕੋਰਟ ਨੇ 8 ਮਹੀਨੇ ਦੀ ਸਜ਼ਾ ਸੁਣਾਈ ਹੈ। ਫੈਡਰਲ ਅਦਾਲਤ ਨੇ ਦੋਸ਼ੀ ਜਾਰਜ ਗਾਰੋਫਾਨੋ ਨੂੰ 8 ਮਹੀਨੇ ਦੀ ਜੇਲ ਅਤੇ ਉਸ 'ਤੇ 3 ਸਾਲ ਤੱਕ ਨਜ਼ਰ ਰੱਖਣ ਦਾ ਆਦੇਸ਼ ਦਿੱਤਾ। ਨਾਲ ਹੀ ਕੋਰਟ ਨੇ ਆਖਿਆ ਕਿ ਦੋਸ਼ੀ ਨੂੰ 60 ਘੰਟੇ ਤੱਕ ਦੀ ਕਮਿਊਨਿਟੀ ਦੀ ਸੇਵਾ ਵੀ ਦੇਣੀ ਹੋਵੇਗੀ।ਮੀਡੀਆ ਰਿਪੋਰਟ ਮੁਤਾਬਕ ਦੋਸ਼ੀ 'ਤੇ ਦੋਸ਼ ਹਨ ਕਿ ਉਸ ਨੇ 200 ਤੋਂ ਜ਼ਿਆਦਾ ਹਾਲੀਵੁੱਡ ਸਿਤਾਰਿਆਂ ਦੇ ਆਈ ਕਲਾਉਡ ਹੈਕ ਕੀਤੇ। 2014 'ਚ ਹੈਕਿੰਗ ਕਾਂਡ 'ਚ ਕੁਲ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਨ੍ਹਾਂ 'ਚੋਂ ਇਕ ਜਾਰਜ ਗਾਰੋਫਾਨੋ ਨੂੰ ਕੋਰਟ ਨੇ ਸਜ਼ਾ ਸੁਣਾਈ ਹੈ। ਇਹ ਗੈਂਗ ਸਿਤਾਰਿਆਂ ਦੀ ਨਿੱਜੀ ਅਤੇ ਨਿਊਡ ਫੋਟੋਆਂ ਚੋਰੀ ਕਰਕੇ ਜਨਤਕ ਕਰਦੇ ਸਨ। ਇਸ ਗਿਰੋਹ ਨੇ ਜੈਨੀਫਰ ਲਾਰੈਂਸ, ਕ੍ਰਿਸਟਨ ਡੰਸਟ, ਕੇਟ ਅਪਟਨ ਸਮੇਤ ਕਈ ਸਿਤਾਰਿਆਂ ਦੀਆਂ ਫੋਟੋਆਂ ਚੋਰੀ ਕਰ ਉਨ੍ਹਾਂ ਦਾ ਗਲਤ ਇਸਤੇਮਾਲ ਕੀਤਾ।ਜਾਰਜ ਤੋਂ ਇਲਾਵਾ ਹੋਰ ਤਿੰਨ ਦੋਸ਼ੀਆਂ ਨੂੰ ਪਹਿਲਾਂ ਹੀ ਕੋਰਟ ਸਜ਼ਾ ਸੁਣਾ ਚੁੱਕੀ ਹੈ। ਜਿਨ੍ਹਾਂ ਨੂੰ 9-12 ਮਹੀਨਿਆਂ ਤੱਕ ਦੀ ਸਜ਼ਾ ਹੋਈ ਸੀ। ਮੁੱਖ ਦੋਸ਼ੀ ਜਾਰਜ ਗਾਰੋਫਾਨੋ ਨੇ ਬੀਤੇ ਅਪ੍ਰੈਲ 'ਚ ਆਪਣਾ ਦੋਸ਼ ਕਬੂਲ ਕੀਤਾ ਸੀ। ਇਹ ਹੈਕਰ ਹਾਲੀਵੁੱਡ ਸਿਤਾਰਿਆਂ ਦੀਆਂ ਫੋਟੋਆਂ ਚੋਰੀ ਕਰ ਇਕ ਫ੍ਰਾਡ ਵੈੱਬਪੇਜ ਬਣਾ ਕੇ ਉਸ 'ਤੇ ਇਨ੍ਹਾਂ ਤਸਵੀਰਾਂ ਨੂੰ ਛਾਪਦੇ ਸਨ। ਜਿਸ ਤੋਂ ਬਾਅਦ ਉਹ ਐਪਲ ਸਕਿਓਰਿਟੀ ਅਕਾਊਂਟ ਜ਼ਰੀਏ ਮੇਲ ਭੇਜਦੇ ਸਨ। ਕੋਰਟ 'ਚ ਦੋਸ਼ੀ ਨੇ ਘੱਟ ਸਜ਼ਾ ਦੀ ਗੁਹਾਰ ਲਾਈ ਅਤੇ ਇਸ ਮਾਮਲੇ 'ਚ ਮੁਆਫੀ ਵੀ ਮੰਗੀ।




# ਲੁਪਤ ਹੁੰਦੀ ਜਾ ਰਹੀ ਪ੍ਰਜਾਤੀ ਦੇ 300 ਤੋਂ ਵਧੇਰੇ ਕਛੂਕੰਮੇ ਮ੍ਰਿਤਕ ਅਵਸਥਾ ਵਿਚ ਮਿਲੇ



ਮੈਕਸੀਕੋ — ਦੱਖਣੀ ਮੈਕਸੀਕੋ ਦੇ ਤੱਟ 'ਤੇ ਲੁਪਤ ਹੁੰਦੀ ਜਾ ਰਹੀ ਪ੍ਰਜਾਤੀ ਦੇ 300 ਤੋਂ ਵਧੇਰੇ ਕਛੂਕੰਮੇ ਮ੍ਰਿਤਕ ਅਵਸਥਾ ਵਿਚ ਮਿਲੇ। ਵਾਤਾਵਰਣ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਕਿ ਇਹ ਕਛੂਕੰਮੇ ਮੱਛੀ ਫੜਨ ਵਾਲੇ ਉਸ ਕਿਸਮ ਦੇ ਜਾਲ ਵਿਚ ਫਸੇ ਹੋਏ ਸਨ, ਜਿਸ ਦੀ ਵਰਤੋਂ ਕਰਨ 'ਤੇ ਪਾਬੰਦੀ ਹੈ। ਮੈਕਸੀਕੋ ਦੇ ਤੱਟ 'ਤੇ ਬੀਤੇ ਕੁਝ ਹਫਤਿਆਂ ਵਿਚ ਇਹ ਦੂਜੀ ਵਾਰ ਹੈ ਜਦੋਂ ਇੰਨੀ ਵੱਡੀ ਗਿਣਤੀ ਵਿਚ ਕਛੂਕੰਮੇ ਮ੍ਰਿਤਕ ਮਿਲੇ ਹਨ। ਇਹ ਕਛੂਕੰਮੇ ਲੁਪਤ ਹੁੰਦੀ ਜਾ ਰਹੀ ਪੈਸੀਫਿਕ ਰਿਡਲੇ ਟਰਟਲ ਪ੍ਰਜਾਤੀ ਦੇ ਹਨ। ਇਹ ਕਛੂਕੰਮੇ ਓਕਸਾਕਾ ਸੂਬੇ ਦੇ ਪੁਏਰਟੋ ਐਸਕੋਂਡਿਡੋ ਤੱਟ 'ਤੇ ਮਿਲੇ। ਵਾਤਾਵਰਣ ਨਾਲ ਜੁੜੇ ਇਕ ਅਧਿਕਾਰੀ ਨੇ ਦੱਸਿਆ, "ਇਹ ਸਾਰੇ ਕਛੂਕੰਮੇ 8 ਦਿਨ ਪਹਿਲਾਂ 120 ਮੀਟਰ ਲੰਬੇ ਮੱਛੀ ਦੇ ਜਾਲ ਵਿਚ ਫਸ ਕੇ ਡੁੱਬ ਗਏ ਸਨ।" ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ 17 ਅਗਸਤ ਨੂੰ 122 ਸਮੁੰਦਰੀ ਕਛੂਕੰਮੇ ਗੁਆਂਢੀ ਰਾਜ ਚਿਆਪਾਸ ਵਿਚ ਤੱਟ 'ਤੇ ਮ੍ਰਿਤਕ ਮਿਲੇ ਸਨ। ਉਨ੍ਹਾਂ ਵਿਚੋਂ ਵੀ ਜ਼ਿਆਦਾਤਰ ਲੱਗਭਗ ਇਸੇ ਪ੍ਰਜਾਤੀ ਦੇ ਸਨ। ਕੁਝ ਕਛੂਕੰਮਿਆਂ ਦੇ ਸ਼ੈੱਲ ਅਤੇ ਸਿਰ 'ਤੇ ਜ਼ਖਮ ਦੇ ਨਿਸ਼ਾਨ ਸਨ।

## ਅਮਰੀਕਾ 'ਚ ਸਾਬਕਾ ਨਿਰਦੇਸ਼ਕ ਸਰੀਰਕ ਸ਼ੋਸ਼ਣ ਮਾਮਲੇ 'ਚ ਗ੍ਰਿਫ਼ਤਾਰ

ਨਿਊਯਾਰਕ—ਅਮਰੀਕਾ ਦੇ ਰੋਗ ਕੰਟਰੋਲਰ ਅਤੇ ਰੋਕਥਾਮ ਕੇਂਦਰ (ਸੀ. ਡੀ. ਸੀ.) ਦੇ ਸਾਬਕਾ ਨਿਰਦੇਸ਼ਕ ਥਾਮਸ ਫਰਾਇਡਨ ਨੂੰ ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਪੱਛਮੀ ਅਫਰੀਕਾ ਵਿਚ 4 ਸਾਲ ਪਹਿਲਾਂ ਇਕ ਬੀਮਾਰੀ ਨੂੰ ਰੋਕਣ ਵਿਚ ਮਦਦ ਕੀਤੀ ਸੀ। ਨਿਊਯਾਰਕ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਥਾਮਸ ਫਰਾਇਡਨ ਨਾਮੀ ਉਕਤ ਸਿਹਤ ਨਿਰਦੇਸ਼ਕ ਵਿਰੁੱਧ 55 ਸਾਲ ਦੀ ਇਕ ਔਰਤ ਨੇ ਮਾਮਲਾ ਦਰਜ ਕਰਵਾਇਆ ਸੀ। ਔਰਤ ਨੇ ਦੋਸ਼ ਲਗਾਇਆ ਕਿ ਥਾਮਸ ਨੇ ਬਰੁਕਲਿਨ ਸਥਿਤ ਅਪਾਰਮੈਂਟ 'ਚ ਪਿਛਲੇ ਸਾਲ ਅਕਤੂਬਰ ਮਹੀਨੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ।ਬੁਲਾਰੇ ਨੇ ਕਿਹਾ ਕਿ 57 ਸਾਲਾ ਥਾਮਸ ਆਪ ਬਰੁਕਲਿਨ ਥਾਣੇ ਪੁੱਜਾ, ਜਿੱਥੇ ਸਰੀਰਕ ਸ਼ੋਸ਼ਣ ਦੇ ਦੋਸ਼ 'ਚ ਉਸ ਨੂੰ ਹਿਰਾਸਤ 'ਚ ਲਿਆ ਗਿਆ। ਨਿਊਯਾਰਕ ਸ਼ਹਿਰ ਦੀ ਅਪਰਾਧਕ ਅਦਾਲਤ 'ਚ ਜੱਜ ਮਾਈਕ ਯਾਵਿਨਸਕੀ ਦੇ ਸਾਹਮਣੇ ਸ਼ੁੱਕਰਵਾਰ ਨੂੰ ਉਸ ਨੂੰ ਪੇਸ਼ ਕੀਤਾ ਗਿਆ।

## ਅਮਰੀਕਾ 'ਚ ਲੱਭੀ ਗਈ ਲੁਕੀ ਹੋਈ ਕੋਰਲ ਰੀਫ

ਵਾਸ਼ਿੰਗਟਨ— ਵਿਗਿਆਨੀਆਂ ਨੇ ਅਮਰੀਕਾ ਦੇ ਤਟੀ ਸੂਬੇ ਸਾਊਥ ਕੈਰੋਲਿਨਾ ਨੇ ਨਾਲ ਲੱਗਦੇ ਸਮੁੰਦਰ ਵਿਚ ਇਕ ਵਿਸ਼ਾਲ ਡੂੰਘੇ ਸਮੁੰਦਰੀ ਕੋਰਲ ਰੀਫ ਦੀ ਖੋਜ ਕੀਤੀ ਹੈ। ਸੀ. ਐੱਨ. ਐੱਨ. ਦੀ ਖਬਰ ਮੁਤਾਬਕ ਅਮਰੀਕਾ ਦੇ ਦੱਖਣ-ਪੂਰਬੀ ਤਟ ਵਰਜੀਨੀਆ ਤੋਂ ਜਾਰਜੀਆ ਤੱਕ ਡੂੰਘੇ ਮਹਾਸਾਗਰ ਦੇ ਕੁਦਰਤੀ ਸੋਮਿਆਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਡੀਪ ਸਰਚ 2018 ਨੂੰ ਇਸ ਲਈ ਬਣਾਇਆ ਗਿਆ ਹੈ ਤਾਂ ਕਿ ਡੂੰਘੇ ਸਾਗਰ ਦੀ ਹਾਲਾਤੀ ਪ੍ਰਣਾਲੀ ਬਾਰੇ ਵਧੇਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਇਸ ਯੋਜਨਾ ਵਿਚ ਨੈਸ਼ਨਲ ਆਸ਼ਨਿਕ ਐਂਡ ਐਟਮੋਸਫੀਅਰਿਕ ਐਡਮਨਿਸਟ੍ਰੇਸ਼ਨ, ਦਿ ਬਿਊਰੋ ਆਫ ਆਸ਼ਨ ਐਨਰਜੀ ਮੈਨੇਜਮੈਂਟ ਅਤੇ ਯੂ. ਐੱਸ. ਜਿਓਲਾਜੀਕਲ ਸਰਵੇ ਦੇ ਵਿਗਿਆਨੀ ਸ਼ਾਮਲ ਹਨ। ਇਹ ਯੋਜਨਾ ਖੋਜ ਜਹਾਜ਼ ਅਟਲਾਂਟਿਸ 'ਤੇ 15 ਦਿਨਾਂ ਦੀ ਸਮੁੰਦਰੀ ਯਾਤਰਾ ਦੇ ਅੰਤ ਦੇ ਨੇੜੇ ਹੈ। ਐਲਵਿਨ ਨਾਂ ਦੀ ਪਣਡੁੱਬੀ ਵਿਚ ਗੋਤਾਖੋਰਾਂ ਦੇ ਇਕ ਜੋੜੇ ਨੇ ਕੋਰਲ ਰੀਫ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ ਅਤੇ ਨਿਗਰਾਨੀ ਦੇ ਆਧਾਰ 'ਤੇ ਖੋਜਕਾਰਾਂ ਦਾ ਅਨੁਮਾਨ ਹੈ ਕਿ ਕੋਰਲ ਰੀਫ ਘੱਟ ਤੋਂ ਘੱਟ 85 ਮੀਲ ਲੰਬੀ ਹੈ। ਮੁਹਿੰਮ ਦੇ ਪ੍ਰਮੁੱਖ ਵਿਗਿਆਨੀ ਐਰਿਕ ਕਾਰਡਸ ਨੇ ਸੋਮਵਾਰ ਨੂੰ ਮੀਡੀਆ ਨੂੰ ਦੱਸਿਆ ਕਿ ਇਹ ਇਕ ਵਿਸ਼ਾਲ ਆਕ੍ਰਿਤੀ ਹੈ। ਉਨ੍ਹਾਂ ਕਿਹਾ ਕਿ ਇਸ 'ਤੇ ਭਰੋਸਾ ਕਰਨਾ ਔਖਾ ਸੀ ਕਿ ਇਹ ਇੰਨੇ ਲੰਬੇ ਸਮੇਂ ਤੱਕ ਅਮਰੀਕਾ ਦੇ ਪੂਰਬੀ ਤਟ 'ਤੇ ਲੁਕੀ ਰਹੀ। ਕਾਰਡਸ ਨੇ ਕਿਹਾ ਕਿ ਅਜਿਹਾ ਉਨ੍ਹਾਂ ਨੇ ਅੱਜ ਤੱਕ ਨਹੀਂ ਦੇਖਿਆ, ਜਿਸ ਵਿਚ ਕੋਰਲ ਰੀਫ ਦੇ ਪਹਾੜ ਹੋਣ।

## ਸਮੇਂ ਤੋਂ ਪਹਿਲਾਂ ਮੌਤ ਦਾ ਸੰਕੇਤ ਦਿੰਦੀਆਂ ਹਨ ਮੱਥੇ ਦੀਆਂ ਲਕੀਰਾਂ

ਵਾਸ਼ਿੰਗਟਨ— ਮੱਥੇ ਦੀਆਂ ਲਕੀਰਾਂ ਨਾ ਸਿਰਫ ਵਧਦੀ ਉਮਰ ਦਾ ਸੰਕੇਤ ਹਨ, ਸਗੋਂ ਤੁਹਾਡੀ ਖੂਬਸੂਰਤੀ ਵਿਚ ਵੀ ਸ਼ਰਾਪ ਵਾਂਗ ਮੰਨੀਆਂ ਜਾਂਦੀਆਂ ਹਨ ਪਰ ਹੁਣ ਅਸੀਂ ਤੁਹਾਨੂੰ ਜੋ ਦੱਸਣ ਜਾ ਰਹੇ ਹਾਂ ਉਹ ਸੁਣ ਕੇ ਤੁਹਾਡੀ ਪ੍ਰੇਸ਼ਾਨੀ ਹੋਰ ਵਧ ਜਾਵੇਗੀ। ਜੇ ਛੋਟੀ ਉਮਰ ਵਿਚ ਹੀ ਤੁਹਾਡੇ ਮੱਥੇ 'ਤੇ ਲਕੀਰਾਂ ਜਿਸ ਨੂੰ ਕਈ ਲੋਕ ਝੁਰੜੀਆਂ ਵੀ ਕਹਿੰਦੇ ਹਨ, ਦਿਖਾਈ ਦੇ ਰਹੀਆਂ ਹਨ ਤਾਂ ਸਾਵਧਾਨ ਹੋ ਜਾਓ ਕਿਉਂਕਿ ਇਹ ਲਕੀਰਾਂ ਦਿਲ ਦੇ ਰੋਗ ਕਾਰਨ ਸਮੇਂ ਤੋਂ ਪਹਿਲਾਂ ਹੋਣ ਵਾਲੀ ਮੌਤ ਦਾ ਸੰਕੇਤ ਹੋ ਸਕਦੀਆਂ ਹਨ। ਮਿਊਨਿਕ ਵਿਚ ਹੋਈ ਸਾਲਾਨਾ ਯੂਰਪੀਅਨ ਸੋਸਾਇਟੀ ਆਫ ਕਾਰਡੀਆਲੋਜੀ 2018 ਵਿਚ ਪੇਸ਼ ਕੀਤੀ ਗਈ ਨਵੀਂ ਖੋਜ ਮੁਤਾਬਕ ਮੱਥੇ 'ਤੇ ਪੈਣ ਵਾਲੀਆਂ ਝੁਰੜੀਆਂ ਅਥੇਰੋਸਲੇਰਾਸਿਸ ਬੀਮਾਰੀ (ਜਿਸ ਵਿਚ ਧਮਨੀਆਂ ਸਖਤ ਹੋ ਜਾਂਦੀਆਂ ਹਨ) ਕਾਰਨ ਹੋਣ ਵਾਲੀ ਸਮੇਂ ਤੋਂ ਪਹਿਲਾਂ ਮੌਤ ਦੇ ਖਤਰੇ ਦਾ ਸੰਕੇਤ ਦਿੰਦੀਆਂ ਹਨ। ਖੋਜਕਾਰਾਂ ਨੇ ਇਸ ਪੂਰੀ ਸਥਿਤੀ ਨੂੰ ਸਮਝਾਉਂਦੇ ਹੋਏ ਦੱਸਿਆ ਕਿ ਮੱਥੇ ਵਿਚ ਮੌਜੂਦ ਖੂਨ ਦੀਆਂ ਨਾੜੀਆਂ ਪਲੇਕ ਬਣਨ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ ਕਿਉਂਕਿ ਉਹ ਬੇਹੱਦ ਛੋਟੀਆਂ ਹੁੰਦੀਆਂ ਹਨ। ਨਤੀਜੇ ਵਜੋਂ ਇਹ ਖੂਨ ਦੀਆਂ ਨਾੜੀਆਂ ਦੀ ਵਧਦੀ ਉਮਰ ਦਾ ਸੰਕੇਤ ਵੀ ਹਨ। ਇਸ ਤੋਂ ਇਲਾਵਾ ਕੋਲਾਜਨ ਪ੍ਰੋਟੀਨ ਅਤੇ ਆਕਸੀਡੇਟਿਵ ਸਟ੍ਰੈਸ ਕਾਰਨ ਵੀ ਅਥੇਰੋਸਲੇਰਾਸਿਸ ਹੋ ਸਕਦਾ ਹੈ, ਜਿਸ ਨਾਲ ਮੱਥੇ 'ਤੇ ਲਕੀਰਾਂ ਪੈ ਜਾਂਦੀਆਂ ਹਨ।

# ਕੁੜੀ ਨੇ ਡੇਟ 'ਤੇ ਇਕੱਠੇ ਸੱਦ ਲਏ 200 ਬੁਆਏਫਰੈਂਡ, ਟੁੱਟੇ ਕਈਆਂ ਦੇ ਦਿਲ

ਵਾਸ਼ਿੰਗਟਨ — ਕਿਸੇ ਕੁੜੀ ਦੇ ਇਕ ਜਾਂ ਵੱਧ ਤੋਂ ਵੱਧ ਦੋ ਬੁਆਏਫਰੈਂਡ ਹੋ ਸਕਦੇ ਹਨ ਪਰ ਕੀ ਤੁਸੀਂ ਕਦੇ ਸੁਣਿਆ ਹੈ ਕਿਸੇ ਕੁੜੀ ਨੇ ਆਪਣੇ 200 ਬੁਆਏਫਰੈਂਡਸ ਨੂੰ ਇਕੱਠਿਆਂ ਡੇਟ 'ਤੇ ਬੁਲਾਇਆ ਹੋਵੇ। ਇਹ ਸੱਚ ਹੈ ਅਮਰੀਕਾ ਵਿਚ ਇਕ ਲੜਕੀ ਨੇ 200 ਬੁਆਏਫਰੈਂਡਸ ਨੂੰ ਇਕੱਠਿਆਂ ਡੇਟ 'ਤੇ ਬੁਲਾ ਲਿਆ। ਫਿਰ ਇਸ ਡੇਟ ਦਾ ਅੰਜਾਮ ਕੀ ਹੋਇਆ ਉਸ ਦਾ ਹਾਲ ਇਕ ਟਵਿੱਟਰ ਯੂਜ਼ਰ ਨੇ ਬਿਆਨ ਕੀਤਾ ਹੈ। ਇਹ ਟਵਿੱਟਰ ਯੂਜ਼ਰ ਖੁਦ ਉਸ ਲੜਕੀ ਨਾਲ ਡੇਟ ਕਰਨ ਲਈ ਪਹੁੰਚਿਆ ਸੀ। ਇਸ ਟਵਿੱਟਰ ਯੂਜ਼ਰ ਨਾਲ ਪਹਿਲੀ ਡੇਟ 'ਤੇ ਜੋ ਹੋਇਆ, ਉਸ ਦੇ ਬਾਅਦ ਉਸ ਨੇ ਹਮੇਸ਼ਾ ਲਈ ਡੇਟ 'ਤੇ ਨਾ ਜਾਣ ਦੀ ਸਹੁੰ ਖਾ ਲਈ ਹੈ। ਟਵਿੱਟਰ ਯੂਜ਼ਰ ਨੇ ਟਿੰਡਰ ਦਾ ਡਰਾਉਣਾ ਅਨੁਭਵ ਸ਼ੇਅਰ ਕੀਤਾ ਹੈ। ਸਪੇਂਸਰ ਨਾਮ ਦੇ ਇਸ ਸ਼ਖਸ ਨੇ ਟਵੀਟ ਕਰ ਕੇ ਜਦੋਂ ਆਪਣੀ ਕਹਾਣੀ ਸੁਣਾਈ ਤਾਂ ਉਹ ਤੇਜ਼ੀ ਨਾਲ ਵਾਇਰਲ ਹੋ ਗਈ। ਅਸਲ ਵਿਚ ਸਪੇਂਸਰ ਦੀ ਟਿੰਡਰ 'ਤੇ ਇਕ ਲੜਕੀ ਨਾਲ ਮੁਲਾਕਾਤ ਹੋਈ ਸੀ। ਉਨ੍ਹਾਂ ਦੋਹਾਂ ਨੇ ਇਕ-ਦੂਜੇ ਦਾ ਨੰਬਰ ਵੀ ਲਿਆ। ਇਸ ਮਗਰੋਂ ਲੜਕੀ ਨੇ ਸਪੇਂਸਰ ਨੂੰ ਕਾਲ ਕੀਤੀ ਅਤੇ ਡੇਟ ਲਈ ਪੁੱਛਿਆ ਤਾਂ ਸਪੇਂਸਰ ਨੇ ਵੀ ਹਾਂ ਕਰ ਦਿੱਤੀ। ਜਦੋਂ ਇਹ ਸ਼ਖਸ ਮਹਿਲਾ ਦੇ ਦੱਸੇ ਪਤੇ ਮੁਤਾਬਕ ਨਿਊਯਾਰਕ ਸਿਟੀ ਦੇ ਯੂਨੀਅਨ ਸਕਵਾਇਰ ਪਾਰਕ ਪਹੁੰਚਿਆ ਤਾਂ ਉਸ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ। ਉਸ ਨੇ ਦੇਖਿਆ ਕਿ ਉਸ ਵਰਗੇ ਉੱਥੇ 200 ਮੁੰਡੇ ਖੜ੍ਹੇ ਸਨ। ਇਹ 200 ਮੁੰਡੇ ਉਸੇ ਲੜਕੀ ਨਾਲ ਡੇਟ ਕਰਨ ਲਈ ਪਹੁੰਚੇ ਹੋਏ ਸਨ। ਸਪੇਂਸਰ ਦਾ ਟਵੀਟ ਵਾਇਰਲ ਹੋਣ ਮਗਰੋਂ ਇਸ ਲੜਕੀ ਦੀ ਪਛਾਣ ਨਤਾਸ਼ਾ ਏਪੋਟੇ ਦੇ ਤੌਰ 'ਤੇ ਹੋਈ ਹੈ। ਇਸਟਾਗ੍ਰਾਮ 'ਤੇ ਨਤਾਸ਼ਾ ਖੁਦ ਨੂੰ ਸੈਲੀਬ੍ਰਿਟੀ ਅਤੇ ਮਾਡਲ ਦੱਸਦੀ ਹੈ। ਨਤਾਸ਼ਾ ਨੇ ਕਿਹਾ ਕਿ ਉਸ ਦੇ ਨਾਲ ਡੇਟ ਕਰਨ ਲਈ ਸਾਰੇ ਮੁੰਡਿਆਂ ਨੂੰ ਇਕ-ਦੂਜੇ ਨਾਲ ਮੁਕਾਬਲਾ ਕਰਨਾ ਹੋਵੇਗਾ। ਸਪੇਂਸਰ ਨੇ ਦੱਸਿਆ ਕਿ ਇਹ ਸ਼ਰਤ ਸੁਣਨ ਮਗਰੋਂ ਉਹ ਪਿੱਛੇ ਹਟ ਗਿਆ। ਪਰ ਕੁਝ ਮੁੰਡੇ ਆਪਸ ਵਿਚ ਮੁਕਾਬਲਾ ਕਰਨ ਲਈ ਤਿਆਰ ਹੋ ਗਏ। ਕੁਝ ਮੁੰਡਿਆਂ ਨੇ ਪੁਸ਼ਅੱਪਸ ਲਗਾਏ ਤਾਂ ਕੁਝ ਨੇ ਦੌੜ ਲਗਾਈ। ਕੁਝ ਨੇ ਦੱਸਿਆ ਕਿ ਉਹ ਨਤਾਸ਼ਾ ਨਾਲ ਡੇਟ ਕਿਉਂ ਕਰਨਾ ਚਾਹੁੰਦੇ ਹਨ। ਉੱਥੇ ਰੁਕੇ ਇਕ ਸ਼ਖਸ ਨੇ ਦੱਸਿਆ ਕਿ ਉਸ ਲੜਕੀ ਨੇ ਉਨ੍ਹਾਂ ਚੀਜ਼ਾਂ ਦੀ ਗਿਣਤੀ ਕਰਵਾਉਣੀ ਸ਼ੁਰੂ ਕੀਤੀ ਜੋ ਉਸ ਨੂੰ ਮੁੰਡਿਆਂ ਵਿਚ ਪਸੰਦ ਨਹੀਂ ਹਨ। ਨਤਾਸ਼ਾ ਨੇ ਕਿਹਾ ਕਿ ਜਿਹੜੇ ਮੁੰਡੇ ਉਸ ਦੇ ਦੱਸੇ ਗਏ ਸਾਂਚੇ ਵਿਚ ਫਿੱਟ ਨਹੀਂ ਬੈਠਦੇ ਉਹ ਉੱਥੋਂ ਚਲੇ ਜਾਣ। ਜ਼ਿਆਦਾਤਰ ਮੁੰਡੇ ਇਹ ਸੁਣ ਕੇ ਹੈਰਾਨ ਰਹਿ ਗਏ ਅਤੇ ਨਿਰਾਸ਼ ਹੋ ਕੇ ਉੱਥੋਂ ਚਲੇ ਗਏ। ਪਰ ਕੁਝ ਮੁੰਡਿਆਂ ਨੇ ਨਤਾਸ਼ਾ ਨੂੰ ਡੇਟ ਕਰਨ ਲਈ ਮੁਕਾਬਲੇ ਵਿਚ ਹਿੱਸਾ ਲਿਆ। ਇਹ ਪਤਾ ਨਹੀਂ ਚੱਲ ਪਾਇਆ ਕਿ ਇਸ ਲੜਕੀ ਨੂੰ ਕੋਈ ਡੇਟ ਕਰਨ ਵਾਲਾ ਮਿਲਿਆ ਜਾਂ ਨਹੀਂ ਪਰ ਉਸ ਦੀ ਇਸ ਹਰਕਤ ਨਾਲ ਕਈ ਮੁੰਡਿਆਂ ਦੇ ਦਿਲ ਜ਼ਰੂਰ ਟੁੱਟ ਗਏ।




# ਚੀਨ ਸਰਕਾਰ ਦਾ ਅਨੋਖਾ ਫਰਮਾਨ, ਧਰਮ ਨੂੰ ਮੰਨਣ ਵਾਲੇ ਮੈਂਬਰ ਛੱਡਣ ਪਾਰਟੀ

ਬੀਜਿੰਗ — ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਨੇ ਆਪਣੇ ਮੈਂਬਰਾਂ ਦੇ ਵਿਵਹਾਰ ਨੂੰ ਕੰਟਰੋਲ ਕਰਨ ਲਈ ਇਕ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ ਵਿਚ ਸਿਆਸੀ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਸਖਤ ਸਜ਼ਾ ਦੇਣ ਅਤੇ ਧਰਮ ਜਾਂ ਕਿਸੇ ਵੀ ਤਰ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਮੰਨਣ ਵਾਲੇ ਮੈਂਬਰਾਂ ਨੂੰ ਪਾਰਟੀ ਛੱਡ ਦੇਣ ਲਈ ਕਿਹਾ ਗਿਆ ਹੈ। ਇਨ੍ਹਾਂ ਨਵੇਂ ਨਿਯਮਾਂ ਵਿਚ ਪਾਰਟੀ ਮੈਂਬਰਾਂ ਨੂੰ ਸਰਕਾਰੀ ਨੀਤੀਆਂ ਵਿਰੁੱਧ ਬੋਲਣ ਅਤੇ ਪਾਰਟੀ ਦੀ ਏਕਤਾ ਨੂੰ ਨੁਕਸਾਨ ਪਹੁੰਚਾਉਣ 'ਤੇ ਸਜ਼ਾ ਦੇਣ ਦੀ ਗੱਲ ਕਹੀ ਗਈ ਹੈ। ਇੱਥੇ ਦੱਸ ਦਈਏ ਕਿ ਜਦੋਂ ਤੋਂ ਸ਼ੀ ਜਿਨਪਿੰਗ ਅਣਮਿੱਥੇ ਸਮੇਂ ਲਈ ਚੀਨ ਦੇ ਰਾਸ਼ਟਰਪਤੀ ਬਣੇ ਹਨ, ਉਦੋਂ ਤੋਂ ਭ੍ਰਿਸ਼ਟਾਚਾਰੀਆਂ 'ਤੇ ਲਗਾਮ ਲਗਾਉਣ ਲਈ ਦੇਸ਼ ਵਿਚ ਕਾਰਵਾਈ ਹੋਰ ਜ਼ਿਆਦਾ ਤੇਜ਼ ਹੋ ਗਈ ਹੈ। ਸ਼ੀ ਜਿਨਪਿੰਗ ਨੇ ਚੀਨ ਵਿਚ 6 ਸਾਲ ਪਹਿਲਾਂ ਭ੍ਰਿਸ਼ਟਾਚਾਰੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਆਪਣੇ ਪਾਰਟੀ ਮੈਂਬਰਾਂ ਨੂੰ ਵਫਾਦਾਰ, ਅਨੁਸ਼ਾਸਿਤ, ਈਮਾਨਦਾਰ ਰਹਿਣ ਦੀ ਚਿਤਾਵਨੀ ਦਿੱਤੀ ਹੈ। ਚੀਨ ਵਿਚ ਅਨੁਸ਼ਾਸਨ ਨਿਰੀਖਣ ਲਈ ਕੇਂਦਰੀ ਕਮਿਸ਼ਨ ਦੀ ਭ੍ਰਿਸ਼ਟਾਚਾਰ ਨਿਗਰਾਨੀ ਕਮੇਟੀ ਨੇ ਐਤਵਾਰ ਦੇਰ ਰਾਤ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਇਸ ਵਿਚ 18 ਅਗਸਤ ਤੋਂ ਪ੍ਰਭਾਵੀ ਰੂਪ ਨਾਲ ਲਿਖਤੀ ਰੂਪ ਵਿਚ ਕਈ ਆਦੇਸ਼ ਦਿੱਤੇ ਗਏ ਹਨ, ਜੋ ਪਹਿਲਾਂ ਹੀ ਲਾਗੂ ਹੋ ਚੁੱਕੇ ਹਨ। ਇਸ ਵਿਚ ਕਿਹਾ ਗਿਆ ਹੈ ਕਾਨੂੰਨ ਤੋੜਨ ਵਾਲੇ ਪਾਰਟੀ ਮੈਂਬਰਾਂ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕਈ ਮਾਮਲਿਆਂ ਵਿਚ ਪਾਰਟੀ ਮੈਂਬਰਾਂ ਨੂੰ ਬਾਹਰ ਵੀ ਕੱਢਿਆ ਜਾ ਸਕਦਾ ਹੈ। ਪਾਰਟੀ ਵੱਲੋਂ ਜਾਰੀ ਨੋਟਿਸ ਵਿਚ ਇਕ ਜਗ੍ਹਾ ਕਿਹਾ ਗਿਆ ਹੈ ਕਿ ਮੈਂਬਰਾਂ ਅਤੇ ਅਧਿਕਾਰੀਆਂ ਨੂੰ ਦਿੱਤੀ ਗਈ ਸ਼ਕਤੀ ਦੀ ਵਰਤੋਂ ਸਹੀ ਤਰੀਕੇ ਨਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਨਿਰਪੱਖ ਅਤੇ ਈਮਾਨਦਾਰ ਹੋਣਾ ਚਾਹੀਦਾ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਦੇਸ਼ ਦਾ ਸੰਵਿਧਾਨ ਧਰਮ ਦੀ ਆਜ਼ਾਦੀ ਦੀ ਗਾਰੰਟੀ ਤਾਂ ਦਿੰਦਾ ਹੈ ਪਰ ਪਾਰਟੀ ਅਧਿਕਾਰਕ ਤੌਰ 'ਤੇ ਨਾਸਤਿਕ ਹੈ ਇਸ ਲਈ ਪਾਰਟੀ ਦੇ ਮੈਂਬਰਾਂ ਨੂੰ ਵੀ ਨਾਸਤਿਕ ਹੋਣਾ ਚਾਹੀਦਾ ਹੈ।



## ਦੂਜੀ ਵਿਸ਼ਵ ਜੰਗ ਦੌਰਾਨ ਗੁਆਚਾ ਬਟੂਆ ਮਿਲਿਆ



ਨਿਊਯਾਰਕ— ਕੋਈ ਗੁਆਚੀ ਹੋਈ ਚੀਜ਼ ਮਿਲ ਜਾਵੇ ਤਾਂ ਬਹੁਤ ਖੁਸ਼ੀ ਹੁੰਦੀ ਹੈ ਪਰ ਜਿਹੜੀ ਗੁਆਚੀ ਚੀਜ਼ ਦੇ ਮਿਲਣ ਦੀ ਉਮੀਦ ਹੀ ਨਾ ਹੋਵੇ ਅਤੇ ਉਹ ਮਿਲ ਜਾਵੇ ਤਾਂ ਫਿਰ ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਰਹਿੰਦਾ। ਅਮਰੀਕਾ ਦੇ ਜਾਰਜੀਆ ਵਿਖੇ ਰਹਿਣ ਵਾਲੇ ਰਾਏ ਰੋਡਸ ਨਾਲ ਵੀ ਕੁਝ ਇੰਝ ਹੀ ਵਾਪਰਿਆ ਹੈ। 77 ਸਾਲ ਪਹਿਲਾਂ ਉਨ੍ਹਾਂ ਦਾ ਇਕ ਜਿਹੜਾ ਬਟੂਆ ਦੂਜੀ ਵਿਸ਼ਵ ਜੰਗ ਦੌਰਾਨ ਗੁਆਚ ਗਿਆ ਸੀ, ਹੁਣ ਉਨ੍ਹਾਂ ਨੂੰ ਮਿਲ ਗਿਆ ਹੈ। ਬਟੂਏ ਵਿਚ 77 ਸਾਲ ਪੁਰਾਣੇ ਵੱਖ-ਵੱਖ ਦਸਤਾਵੇਜ਼ ਪਏ ਹਨ। ਇਸ ਸਮੇਂ 100 ਸਾਲ ਦੀ ਉਮਰ ਪਾਰ ਕਰ ਚੁੱਕੇ ਰਾਏ ਨੇ ਦੱਸਿਆ ਕਿ ਮੈਂ ਇਲੈਕਟ੍ਰੀਕਲ ਇੰਸਪੈਕਟਰ ਸੀ। ਮੇਰਾ ਕੰਮ ਹਵਾਈ ਜਹਾਜ਼ਾਂ ਦੀ ਜਾਂਚ ਕਰਨਾ ਹੁੰਦਾ ਸੀ।

# ਕਰਤਾਰਪੁਰ ਲਾਂਘਾ

# ਪਾਕਿਸਤਾਨ ਦੀ ਹਾਮੀ ਪਿੱਛੋਂ ਹੁਣ ਨਜ਼ਰਾਂ ਮੋਦੀ ਸਰਕਾਰ ਵੱਲ

ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਲਈ ਪਾਕਿਸਤਾਨ ਨੇ ਹਾਮੀ ਭਰ ਦਿੱਤੀ ਹੈ ਤੇ ਹੁਣ ਸਿੱਖਾਂ ਦੀਆਂ ਨਜ਼ਰਾਂ ਮੋਦੀ ਸਰਕਾਰ ਵੱਲ ਹਨ। ਅਗਲੇ ਵਰ੍ਹੇ ਭਾਰਤ ਵਿਚ ਲੋਕ ਸਭਾ ਚੋਣਾਂ ਹਨ ਤੇ ਇਸ ਲਈ ਇਹ ਤੈਅ ਹੈ ਕਿ ਮੋਦੀ ਸਰਕਾਰ ਸਿੱਖਾਂ ਦੀ ਨਾਰਾਜ਼ਗੀ ਨਹੀਂ ਸਹੇੜੇਗੀ। ਇਸ ਲਈ ਪੂਰੀ ਉਮੀਦ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਵਰ੍ਹੇ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਕੌਮ ਲਈ ਵੱਡੀ ਖ਼ੁਸ਼ਖ਼ਬਰੀ ਛੇਤੀ ਹੀ ਆਉਣ ਵਾਲੀ ਹੈ।

ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਸਿਰਫ ਪੌਣੇ ਦੋ ਮੀਲ ਦੇ ਸਫਰ ਲਈ ਪੌਣੀ ਸਦੀ ਦੀ ਉਡੀਕ ਕਿਉਂ ਕਰਨੀ ਪਈ ? ਸਿੱਖਾਂ ਨੂੰ ਭਾਰਤ ਤੋਂ ਸਿਰਫ ਪੌਣੇ ਦੋ ਮੀਲ ਦੀ ਦੂਰੀ ਉਤੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰੇ ਦੇ ਦਰਸ਼ਨਾਂ ਲਈ ਦੂਰਬੀਨ ਦੀ ਮਦਦ ਲੈਣੀ ਪਈ। ਅਸਲ ਵਿਚ, ਇਸ ਵਿਚ ਕੋਈ ਕਾਨੂੰਨੀ ਅੜਿੱਕਾ ਜਾਂ ਕਿਸੇ ਦੇਸ਼ ਦੀ ਕੌਮੀ ਸੁਰੱਖਿਆ ਨੂੰ ਢਾਹ ਲੱਗਣਾ ਦਾ ਸਵਾਲ ਨਹੀਂ ਸੀ, ਇਹ ਸਭ ਦੋਵਾਂ ਦੇਸ਼ਾਂ ਦੀਆਂ ਸਿਆਸੀ ਧਿਰਾਂ ਦੀ ਹੈਂਕੜ ਸੀ। ਪਰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਤੇ ਇਥੋਂ ਦੇ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਮੁਲਾਕਾਤ ਨੇ ਇਸ ਮਸਲੇ ਨੂੰ ਨਵਾਂ ਮੋੜ ਦਿੱਤਾ। ਪਾਕਿਸਤਾਨ ਨੇ ਇਸ ਮੁਲਾਕਾਤ ਦੌਰਾਨ ਹਾਂ ਪੱਖੀ ਹੁੰਗਾਰਾ ਭਰਿਆ ਤੇ ਬਾਅਦ ਵਿਚ ਪੰਜਾਬ ਵਿਧਾਨ ਸਭਾ 'ਚ ਇਸ ਸਬੰਧੀ ਪ੍ਰਸਤਾਵ ਵੀ ਪਾਸ ਕੀਤਾ ਗਿਆ ਹੈ। ਪਰ ਇਹ ਲਾਂਘਾ ਖੁੱਲ੍ਹਣ ਦਾ ਇਕੋ ਇਕ ਪ੍ਰੈਕਟੀਕਲ (ਵਿਹਾਰਕ) ਹੱਲ ਇਹ ਸੀ ਕਿ ਸਭ ਤੋਂ ਪਹਿਲਾਂ ਦੋਵੇਂ ਪਾਸੇ ਦੀਆਂ ਸਰਕਾਰਾਂ ਆਪਸ ਵਿਚ 'ਮੈਮੋਰੰਡਮ ਆਫ ਅੰਡਰਸਟੈਡਿੰਗ' ਭਾਵ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਕਰਨ।

ਪਾਕਿ ਸਰਕਾਰ ਇਸ ਸਾਂਝੇ ਲਾਂਘੇ ਨੂੰ ਲੈ ਕੇ ਇਸ ਤੋਂ ਪਹਿਲਾਂ ਵੀ ਕਈ ਵਾਰ ਆਪਣੀ ਸਹਿਮਤੀ ਜ਼ਾਹਿਰ ਕਰ ਚੁੱਕੀ ਹੈ ਅਤੇ ਇਧਰ ਭਾਰਤ ਸਰਕਾਰ ਵੀ ਲੰਮੇ ਅਰਸੇ ਤੋਂ ਇਸ ਲਾਂਘੇ ਲਈ ਹਾਂ-ਪੱਖੀ ਹੁੰਗਾਰਾ ਭਰਦੀ ਆ ਰਹੀ ਹੈ। ਇਸ ਦੇ ਬਾਵਜੂਦ ਦੋਵੇਂ ਪਾਸੇ ਦੀਆਂ ਸਰਕਾਰਾਂ ਵੱਲੋਂ ਅਜੇ ਤੱਕ ਇਸ ਸਾਂਝੇ ਲਾਂਘੇ ਨੂੰ ਲੈ ਕੇ ਆਪਸੀ ਲਿਖਤੀ ਸਮਝੌਤਾ ਨਾ ਕੀਤੇ ਜਾਣ ਕਾਰਨ ਇਹ ਅਤਿ ਜ਼ਰੂਰੀ ਅਤੇ ਮਹੱਤਵਪੂਰਨ ਕਾਰਜ ਸਿਰੇ ਨਹੀਂ ਚੜ੍ਹ ਸਕਿਆ ਹੈ। ਹੁਣ ਅਗਲੇ ਵਰ੍ਹੇ ਲੋਕ ਸਭਾ ਚੋਣਾਂ ਹਨ ਤੇ ਇਸ ਤੋਂ ਕੁਝ ਮਹੀਨੇ ਪਹਿਲਾਂ ਜਿਸ ਤਰ੍ਹਾਂ ਪਾਕਿਸਤਾਨ ਨੇ ਹਾਮੀ ਭਰੀ ਹੈ, ਇਸ ਪਿੱਛੋਂ ਭਾਰਤ ਸਰਕਾਰ ਕੋਲ ਵੀ"ਹਾਂ' ਤੋਂ ਬਿਨਾਂ ਕੋਈ ਰਾਹ ਨਹੀਂ। ਸਿਆਸੀ ਮਾਹਿਰ ਭਾਰਤ ਵੱਲੋਂ ਕੀਤੀ ਜਾ ਰਹੀ ਦੇਰੀ ਪਿੱਛੇ ਇਹ ਤਰਕ ਵੀ ਦੇ ਰਹੇ ਹਨ ਕਿ ਜੇਕਰ ਮੋਦੀ ਸਰਕਾਰ ਹੁਣ ਇਕਦਮ 'ਹਾਂ' ਕਰਦੀ ਹੈ ਤਾਂ ਸਾਰਾ ਸਿਹਰਾ ਕਾਂਗਰਸ ਸਰਕਾਰ ਨੂੰ ਜਾਵੇਗਾ। ਇਸ ਲਈ ਭਾਰਤ ਵਿਚ ਇਸ ਸਬੰਧੀ ਵੱਡੇ ਪੱਧਰ ਉਥੇ ਰਣਨੀਤੀ ਤਿਆਰ ਕਰਨ ਦੀਆਂ ਦੀ ਕੋਸ਼ਿਸ਼ਾਂ ਦੀ ਚਰਚਾ ਹੈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਉਹ ਮੁਕੱਦਸ ਅਸਥਾਨ ਹੈ, ਜਿਥੋਂ ਜਾਤ-ਪਾਤ ਅਤੇ ਊਚ-ਨੀਚ ਦੇ ਹਨੇਰੇ ਵਿਚ ਡੁੱਬੇ ਇਸ ਸੰਸਾਰ ਨੂੰ ਚਾਨਣ ਦੀ ਰਾਹ ਵਿਖਾ ਕੇ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਪਾਸ ਪ੍ਰਸਥਾਨ ਕੀਤਾ। ਇਸ ਆਜ਼ਾਦ ਤੇ ਸਾਂਝੇ ਲਾਂਘੇ ਲਈ ਕੌਮਾਂਤਰੀ ਪੱਧਰ 'ਤੇ ਪਹਿਲੀ ਵਾਰ ਸਾਲ 1999 ਵਿਚ ਇਹ ਮੁੱਦਾ ਉਦੋਂ ਉਭਰਿਆ ਜਦੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ 'ਤੇ ਭਾਰਤ ਦੇ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਦੌਰੇ ਉਤੇ ਗਏ। ਨਵੰਬਰ 2000 'ਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਉਤੇ ਲਾਹੌਰ 'ਚ ਹੋਏ ਸੈਮੀਨਾਰ 'ਚ ਐਲਾਨ ਕੀਤਾ ਗਿਆ ਕਿ ਪਾਕਿ ਸਰਕਾਰ ਸ੍ਰੀ ਕਰਤਾਰਪੁਰ ਸਾਹਿਬ ਤਰਫੋਂ ਡੇਰਾ ਬਾਬਾ ਨਾਨਕ ਲਈ ਸਾਂਝਾ ਲਾਂਘਾ ਬਣਾਉਣ ਲਈ ਤਿਆਰ ਹੈ, ਪਰ ਇਹ ਕਾਰਜ ਭਾਰਤ ਸਰਕਾਰ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਣ 'ਤੇ ਹੀ ਸੰਭਵ ਹੋ ਸਕੇਗਾ।



## ਸਿੱਧੂ ਨੇ ਮੰਗਿਆ ਵਿਦੇਸ਼ ਮੰਤਰੀ ਸੁਸ਼ਮਾ ਤੋਂ ਦਖਲ

ਚੰਡੀਗੜ੍ਹ: ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਲਾਂਘਾ ਖੋਲ੍ਹਣ ਲਈ ਕੇਂਦਰੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਦੇ ਦਖਲ ਦੀ ਮੰਗ ਕਰਦਿਆਂ ਉਨ੍ਹਾਂ ਨੂੰ ਪੱਤਰ ਲਿਖਿਆ ਹੈ। ਸ੍ਰੀ ਸਿੱਧੂ ਨੇ ਵਿਦੇਸ਼ ਮੰਤਰੀ ਨੂੰ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਭਰੇ ਹੁੰਗਾਰੇ ਦਾ ਹਾਂ-ਪੱਖੀ ਜਵਾਬ ਦਿੰਦਿਆਂ ਇਸ ਕਾਰਜ ਨੂੰ ਸਿਰੇ ਚਾੜ੍ਹ ਕੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵੰਡ ਸਮੇਂ ਪਾਕਿਸਤਾਨ ਵਿਚ ਰਹਿ ਗਏ ਇਤਿਹਾਸਿਕ ਗੁਰਦੁਆਰਿਆਂ ਵਿਚੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਉਹ ਅਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਨੇ ਆਪਣੀ ਜ਼ਿੰਦਗੀ ਦੇ ਲਗਭਗ 18 ਸਾਲ ਬਿਤਾਏ। ਗੁਰਦੁਆਰਾ ਸਾਹਿਬ ਕੌਮਾਂਤਰੀ ਸਰਹੱਦ ਦੇ ਬਹੁਤ ਨਜ਼ਦੀਕ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਲਾਂਘਾ ਤਿਆਰ ਕਰਨ ਦੀ ਪੇਸ਼ਕਸ਼

ਅੰਮ੍ਰਿਤਸਰ: ਪਾਕਿਸਤਾਨ ਦੀ ਨਵੀਂ ਬਣੀ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਾਸਤੇ ਲਾਂਘਾ ਖੋਲ੍ਹਣ ਦੀ ਦਿੱਤੀ ਸਹਿਮਤੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਲਈ ਰਜ਼ਾਮੰਦ ਹੁੰਦੀਆਂ ਹਨ ਤਾਂ ਸ਼੍ਰੋਮਣੀ ਕਮੇਟੀ ਇਹ ਲਾਂਘਾ ਬਣਾਉਣ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਸੰਗਤ ਦੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਇਸ ਮੰਗ ਨੂੰ ਸੰਜੀਦਗੀ ਨਾਲ ਲੈਂਦਿਆਂ ਇਸ ਲਾਂਘੇ ਨੂੰ ਬਿਨਾਂ ਵੀਜ਼ਾ ਮਨਜ਼ੂਰੀ ਦਿੱਤੀ ਜਾਵੇ। ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ, ਸਗੋਂ ਇਸ ਕਾਰਜ ਲਈ ਸਿਆਸਤ ਤੋਂ ਉਪਰ ਉਠ ਕੇ ਸਾਂਝੇ ਯਤਨ ਹੋਣੇ ਚਾਹੀਦੇ ਹਨ।





# The Association of Indians in America, Inc

*Proudly Celebrates* *(NY Chapter)*

# 31st Deepavali




## Sunday October 7, 2018

**South Street Seaport, NY**

200 Water Street, New York NY 10038

12:30 PM to 7 PM

(Subway 2 3 4 5 J M Z to Fulton Street)

**FREE ADMISSION**

Sponsored by:

cheapOair.com QATAR AIRWAYS

www. theaiany.org theaiany

## Jaz Dhami LIVE








*Come Celebrate Over*
30 years of Deepavali
50 years of AIA




*Register NOW: naachinferno@gmail.com*

**VENDORS: EARLY BIRD DISCOUNT - FOOD & RETAIL**

**ALL WELCOME! PLEASE REGISTER NOW**

i'm lovin' it · pepsi · NEW YORK LIFE · SONY ENTERTAINMENT TELEVISION HD · kotak · NAVIKA GROUP OF COMPANIES · HAB BANK · PARIKH WORLDWIDE MEDIA · ITV GOLD · India Abroad · 8K Radio · 8K Miles Media · jus punjabi · The South Asian Times · TV ASIA HD · The INDIAN PANORAMA · The Indian EXPRESS · The South Asian INSIDER · #desi in nyc · PTC PUNJABI · RADIO DIL

**ATTRACTIONS:**

Art Exhibition
Health Kiosk
Children's Fair
Corporate Fair
Performances
Shopping Bonanza
Delicious Food
Free Gifts & Raffles

EXCLUSIVE FASHION SHOW

**SPONSORSHIPS:**

GOBIND MUNJAL - 646.209.8244
PRESIDENT@THEAIANY.ORG
PRESIDENT: GOBIND MUNJAL
DEEPAVALI CHAIR: HARISH THAKKAR - 917.301.9333
MEDIA CHAIR: SHYAM GAJWANI - 646.541.5859

**VENDOR CONTACTS: FOOD & RETAIL | WWW.THEAIANY.ORG**

USHA KAPOOR - 914.826.5376
GITANJLI ANAND - 631.747.5681
AVINASH SURI - 631.269.7247
ANITA THAKKAR - 347.804.7119
GOBIND BATHIJA - 631.748.9333
SUMAN MUNJAL - 917.371.2777
VIMAL GOYAL - 516.978.7125

**CULTURAL/ PERFORMERS:**

INDU GAJWANI - 646.620.0074
NEELAM MODI - 516.484.8561
SWATI VAISHNAV - 516.395.1209
JYOTI GUPTA - 516.984.5220
BROCHURE: BEENA KOTHARI - 631.586.1579

# ਬਾਦਲ ਪਰਿਵਾਰ ਅਜੋਕਾ ਸੰਕਟ ਅਤੇ ਅਕਾਲੀ ਦਲ

ਇਸ ਵਿੱਚ ਹੋਏ ਇੱਕ ਅਹਿਮ ਇੰਕਸਾਫ਼ ਤੋਂ ਬਿਨਾਂ ਇਹ ਰਿਪੋਰਟ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਵੇਰਵਾ ਮਾਤਰ ਹੀ ਹੈ, ਜਿਨ੍ਹਾਂ ਬਾਰੇ ਲੋਕ ਪਹਿਲਾਂ ਹੀ ਜਾਣਦੇ ਸਨ।

ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਉੱਤੇ ਸੱਤ ਘੰਟੇ ਲੰਮੀ ਚੱਲੀ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਬਹਿਸ ਦੌਰਾਨ ਬਾਦਲ ਦੀ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਸਿਆਸਤ ਕਾਰਨ ਉਸ ਦੀ ਸਭ ਤੋਂ ਪਹਿਲੀ ਸਰਕਾਰ ਦੌਰਾਨ ਸੂਬੇ ਵਿੱਚ ਸ਼ੁਰੂ ਹੋਏ ਝੂਠੇ ਪੁਲੀਸ ਮੁਕਾਬਲਿਆਂ ਦਾ ਜ਼ਿਕਰ ਵੀ ਹੋਇਆ। ਵਰਨਣਯੋਗ ਹੈ ਕਿ ਗ਼ਦਰ ਪਾਰਟੀ ਦੇ 80 ਸਾਲਾ ਬਜ਼ੁਰਗ ਇਨਕਲਾਬੀ ਬਾਬਾ ਬੂਝਾ ਸਿੰਘ ਨੂੰ 28 ਜੁਲਾਈ 1970 ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਨੇ 27 ਮਾਰਚ 1970 ਨੂੰ ਪਹਿਲੀ ਦਫ਼ਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ।

ਅਕਾਲੀ ਦਲ ਦੇ ਇਤਿਹਾਸ ਵਿੱਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਆਗੂਆਂ ਨੂੰ ਵੀ ਕਿਸੇ ਨਾ ਕਿਸੇ ਸਮੇਂ ਜਨਤਕ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ; ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਿਆ ਹੈ। ਸ਼ਾਇਦ ਇਸੇ ਅਹਿਸਾਸ ਕਰਕੇ ਹੀ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰੀ 9 ਸਤੰਬਰ ਨੂੰ ਅਬੋਹਰ ਰੈਲੀ ਨੂੰ ਸੰਬੋਧਿਤ ਹੋਏ ਪਰ ਇਸੇ ਸਿਲਸਿਲੇ ਵਿੱਚ ਉਹ ਹੋਰ ਵੱਡੀਆਂ ਗ਼ਲਤੀਆਂ ਕਰ ਬੈਠੇ ਅਤੇ ਇਨ੍ਹਾਂ ਵਿੱਚ ਸਭ ਤੋਂ ਉਘੜਵੀਂ ਇਹ ਸੀ ਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਖਾੜਕੂਵਾਦ ਪੈਦਾ ਕੀਤਾ ਅਤੇ ਫਿਰ ਇਸ ਨੂੰ ਸ਼ਹਿ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਸ ਨੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸੰਤ ਭਿੰਡਰਾਂਵਾਲੇ ਦੀ ਯਾਦਗਾਰ ਬਣਾਉਣ ਦੀ ਇਜਾਜ਼ਤ ਕਿਉਂ ਦਿੱਤੀ?

ਪੰਜਾਬ ਵਿੱਚ ਤਕਰੀਬਨ ਡੇਢ ਦਹਾਕੇ ਤੱਕ ਝੁੱਲੀ ਖਾੜਕੂਵਾਦ ਦੀ ਹਨੇਰੀ ਦੀਆਂ ਜੜ੍ਹਾਂ ਅੰਮ੍ਰਿਤਸਰ ਵਿੱਚ 13 ਅਪਰੈਲ 1978 ਨੂੰ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਵਾਪਰੀ ਖ਼ੂਨੀ ਝੜਪ ਵਿੱਚ ਹਨ। ਇਸ ਘਟਨਾ ਨੇ ਸੰਤ ਜਰਨੈਲ ਸਿੰਘ ਨੂੰ ਪੰਜਾਬ ਦੇ ਧਾਰਮਿਕ ਤੇ ਸਿਆਸੀ ਸੀਨ ‘ਤੇ ਲਿਆਂਦਾ। ਉਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸਨ। ਸੰਤ ਜਰਨੈਲ ਸਿੰਘ ਨੇ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਜਦੋਂ ਸੇਵਾ ਸੰਭਾਲੀ, ਉਸ ਸਮੇਂ ਕਾਂਗਰਸ ਕੇਂਦਰ ਦੀ ਸੱਤਾ ਤੋਂ ਬਾਹਰ ਹੋ ਚੁੱਕੀ ਸੀ। ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੇ ਗਾਂਧੀ ਨੂੰ ਆਪਣੀ ਸਿਆਸੀ ਤੇ ਨਿੱਜੀ ਹੋਂਦ ਬਚਾਉਣ ਦੇ ਲਾਲੇ ਪਏ ਹੋਏ ਸਨ। ਕੀ ਉਸ ਸਮੇਂ ਇਹ ਦੋਵੇਂ ਮਾਂ-ਪੁੱਤ ਅਕਾਲੀਆਂ ਦੇ ਟਾਕਰੇ ਲਈ ਸੰਤ ਜਰਨੈਲ ਸਿੰਘ ਨੂੰ ਖੜ੍ਹਾ ਕਰ ਸਕਦੇ ਸਨ? ਕਦੇ ਵੀ ਨਹੀਂ। ਸੰਤ ਕਰਤਾਰ ਸਿੰਘ ਦੇ ਦੇਹਾਂਤ ਤੋਂ ਬਾਅਦ ਦਮਦਮੀ ਟਕਸਾਲ ਦੋ ਧੜਿਆਂ ਵਿੱਚ ਵੰਡੀ ਗਈ। ਇੱਕ ਧੜੇ ਨੇ ਜਦੋਂ ਸੰਤ ਜਰਨੈਲ ਸਿੰਘ ਨੂੰ ਆਪਣਾ ਮੁਖੀ ਥਾਪਣ ਦੀ ਰਸਮ ਅਦਾ ਕੀਤੀ ਤਾਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਅਕਾਲੀ ਆਗੂਆਂ ਵਿੱਚ ਸ਼ਾਮਿਲ ਸਨ, ਜਿਨ੍ਹਾਂ ਨੇ ਇਸ ਸਮਾਗਮ ਵਿੱਚ ਭਾਗ ਲਿਆ ਅਤੇ ਸੰਤ ਜਰਨੈਲ ਸਿੰਘ ਨੂੰ ਸਿਰੋਪਾਓ ਦੇ ਕੇ ਦਮਦਮੀ ਟਕਸਾਲ ਦੇ ਮੁਖੀ ਵਜੋਂ ਪ੍ਰਵਾਨਗੀ ਦਿੱਤੀ।

ਸਿੱਖ ਖਾੜਕੂ ਸਿਆਸਤ ਨਾਲ ਜੁੜਿਆ ਪਹਿਲਾ ਕਤਲ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸੀ। ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦੀ 20 ਅਗਸਤ 1980 ਨੂੰ ਹੋਈ ਮੀਟਿੰਗ ਵਿੱਚ ਇਸ ਕਤਲ ਦੀ ਸ਼ਲਾਘਾ ਕਰਕੇ ਹਿੰਸਾ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸੰਦ ਵਜੋਂ ਵਰਤਣ ਨੂੰ ਵਾਜਬੀਅਤ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਇਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਿਲ ਸੀ। ਉਸ ਨੇ ਖਾਲਿਸਤਾਨ ਦੀ ਮੰਗ ਕਰਨ ਵਾਲੇ ਉਸ ਮੈਮੋਰੰਡਮ ਉੱਤੇ ਵੀ ਦਸਤਖ਼ਤ ਕੀਤੇ ਹੋਏ ਹਨ, ਜਿਹੜਾ 22 ਅਪਰੈਲ 1992 ਨੂੰ ਯੂਐੱਨਓ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਸਿੱਖ ਆਗੂਆਂ ਵਲੋਂ ਦਿੱਤਾ ਗਿਆ ਸੀ।

ਇਸ ਸਿਆਸੀ ਸੰਕਟ ਦੀ ਇੱਕ ਪਰਤ ਇਹ ਵੀ ਹੈ ਕਿ ਬਾਦਲ ਦਲ ਵੱਲੋਂ ਫਿਰਕੂ ਇਕਸੁਰਤਾ ਅਤੇ ਭਾਈਚਾਰਕ ਸਾਂਝ ਨੂੰ ਖ਼ਤਰਾ ਖੜ੍ਹਾ ਹੋਣ ਦਾ ਪਾਇਆ ਜਾ ਰਿਹਾ ਰੌਲਾ ਹੈ। ਅਜੋਕਾ ਵਾਵਰੋਲਾ ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਖੜ੍ਹਾ ਹੋਇਆ ਹੈ, ਜਿਸ ਦਾ ਹਿੰਦੂ-ਸਿੱਖ ਸਬੰਧਾਂ ਤੇ ਸਾਂਝ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਬੋਹਰ ਵਿੱਚ ਹੋਈ ਪਾਰਟੀ ਰੈਲੀ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਨ ਦੌਰਾਨ ਦੋ ਹੀ ਨੁਕਤੇ ਉਭਾਰੇ- ਇੱਕ ਸੂਬੇ ਵਿੱਚ ਭਾਈਚਾਰਕ ਸਾਂਝ ਨੂੰ ਖ਼ਤਰਾ ਅਤੇ ਦੂਜਾ ਕਾਂਗਰਸ ਪਾਰਟੀ ਹੀ ਪੰਜਾਬ ਵਿੱਚ ਪੈਦਾ ਹੋਏ ਖਾੜਕੂਵਾਦ ਦੀ ਜਨਮਦਾਤੀ ਹੈ। ਅਸਲੀਅਤ ਅਤੇ ਤੱਥ ਇਨ੍ਹਾਂ ਦੋਨਾਂ ਹੀ ਦਲੀਲਾਂ ਨੂੰ ਝੁਠਲਾਉਂਦੇ ਹਨ।

ਸਭ ਨੂੰ ਪਤਾ ਹੈ ਕਿ ਬਾਦਲ ਪਰਿਵਾਰ ਵੱਲੋਂ ਫਰੀਦਕੋਟ ਦੀ ਥਾਂ ਬਠਿੰਡਾ ਲੋਕ ਸਭਾ ਸੀਟ ਅਪਣਾਉਣ ਤੋਂ ਬਾਅਦ ਉਹ ਡੇਰਾ ਮੁਖੀ ਨਾਲ ਲੈਣ-ਦੇਣ ਕਰਦਾ ਰਿਹਾ ਹੈ। ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ 2009 ਵਿੱਚ ਪਹਿਲੀ ਵਾਰ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜੀ ਸੀ ਅਤੇ ਹੁਣ ਤੱਕ ਇਸੇ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਸੁਖਬੀਰ ਨੇ 2009 ਦੀ ਇਸ ਚੋਣ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਝੌਤਾ ਕਰ ਲਿਆ ਸੀ। ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਇਸ ਡੇਰੇ ਦੇ ਪੈਰੋਕਾਰ ਹੀ ਨਿਕਲੇ ਅਤੇ ਫੜ ਵੀ ਲਏ ਗਏ ਹਨ।

ਇਸ ਡੇਰੇ ਦੇ ਮੁਖੀ ਨੂੰ 2015 ਵਿੱਚ ਮੁਆਫੀ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਵਰਗੀਆਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਪਰ ਇਸ ਮੁਆਫ਼ੀ ਵਿਰੁੱਧ ਪੈਦਾ ਹੋਏ ਰੋਸ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲ ਤਖ਼ਤ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ। ਉਂਝ, ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਸ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ 97 ਲੱਖ ਰੁਪਏ ਇਸ਼ਤਿਹਾਰਬਾਜ਼ੀ ਉੱਤੇ ਖਰਚ ਦਿੱਤੇ ਸਨ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਨੂੰ ਹਮੇਸ਼ਾ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਦੀ ਲੋੜ ਰਹਿੰਦੀ ਹੈ, ਜਿਹੜਾ ਅਕਾਲੀ ਦਲ ਅਤੇ ਇਨ੍ਹਾਂ ਪੰਥਕ ਸੰਸਥਾਵਾਂ ਦੌਰਾਨ ਕੜੀ ਦਾ ਕੰਮ ਕਰਦਾ ਸੀ। ਮੂਲੋਂ ਹੀ ਹੌਲੇ ਵਿਅਕਤੀਆਂ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਕੇ ਇਸ ਅਹਿਮ ਕੜੀ ਨੂੰ ਖਤਮ ਕਰਨ ਦੀ ਬਾਦਲਾਂ ਨੂੰ ਹੁਣ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਅਜੋਕੇ ਸੰਕਟ ਵਿੱਚ ਅਸਲ ਖ਼ਤਰਾ ਸੂਬੇ ਵਿਚਲੀ ਫਿਰਕੂ ਇਕਸੁਰਤਾ ਜਾਂ ਭਾਈਚਾਰਕ ਸਾਂਝ ਨੂੰ ਨਹੀਂ, ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਨੂੰ ਹੈ।

**ਜਗਤਾਰ ਸਿੰਘ**
**×ਲੇਖਕ ਸੀਨੀਅਰ ਪੱਤਰਕਾਰ ਹੈ।**
**ਸੰਪਰਕ: 97797-11201**

## ਪੰਜਾਬ ਦੇ ਅਮਨ ਲਈ ਕੁਰਬਾਨੀ ਦੇਣ ਨੂੰ ਮੈਂ, ਸੁਖਬੀਰ ਦੋਵੇਂ ਜਣੇ ਤਿਆਰ: ਬਾਦਲ

ਫ਼ਰੀਦਕੋਟ (ਐਨ ਜ਼ੈਡ ਤਸਵੀਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਇਸ ਰਿਆਸਤੀ ਸ਼ਹਿਰ ਵਿੱਚ ਕੀਤੀ ਗਈ ਪ੍ਰਭਾਵਸ਼ਾਲੀ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਹੀ ਬਾਕੀ ਸਮੁੱਚੀ ਅਕਾਲੀ ਲੀਡਰਸ਼ਿਪ ਵੀ ਹਾਜ਼ਰ ਰਹੀ, ਜਿੱਥੇ ਕਾਂਗਰਸ ਪਾਰਟੀ, ਪੰਜਾਬ ਦੀ ਕਾਂਗਰਸ ਸਰਕਾਰ ਦੇ ਨਾਲ ਮੰਤਰੀ ਨਵਜੋਤ ਸਿੰਘ ਸਿੱਧੂ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੰਤ ਬਲਜੀਤ ਸਿੰਘ ਦਾਦੂਵਾਲ ਦੇ ਖਿਲਾਫ ਸਾਰਿਆਂ ਤੋਂ ਵੱਧ ਭਾਸ਼ਣਬਾਜ਼ੀ ਹੋਈ। ਨਵਜੋਤ ਸਿੰਘ ਸਿੱਧੂ ਨੂੰ ਇੱਕ ਸਾਬਕਾ ਮੰਤਰੀ ਨੇ ‘ਮਾਮਾ’ ਕਹਿ ਕੇ ਚੋਖੀ ਝਾੜ-ਝੰਬ ਵੀ ਕੀਤੀ, ਪਰ ਮੁੱਖ ਮੰਤਰੀ ਅਮਰਿੰਦਰ ਸਿੰਘ ਬਾਰੇ ਓਨੀ ਚਾਂਦਮਾਰੀ ਨਹੀਂ ਕੀਤੀ ਗਈ।

ਅੱਜ ਦੀ ‘ਪੋਲ ਖੋਲ੍ਹ ਰੈਲੀ’ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਨੇ ਕਿਹਾ ਕਿ ਉਹ ਪੰਜਾਬ ਦੀ ਸ਼ਾਂਤੀ ਅਤੇ ਫਿਰਕੂ ਭਾਈਚਾਰੇ ਨੂੰ ਬਚਾਈ ਰੱਖਣ ਲਈ ਆਪਣੀ ਅਤੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਜਾਨ ਵੀ ਕੁਰਬਾਨ ਕਰਨ ਨੂੰ ਤਿਆਰ ਹਨ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਸਿੱਖ ਕੱਟੜਪੰਥੀ ਉਨ੍ਹਾਂ ਨੂੰ ਅੱਜ ਦੀ ਰੈਲੀ ਵਿੱਚ ਮਾਰਨ ਲਈ ਆਏ ਸਨ ਤੇ ਸੂਚਨਾ ਹੈ ਕਿ ਇਕ ਵਿਅਕਤੀ ਨੂੰ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਬਕਾ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਇਨ੍ਹਾਂ ਰਿਪੋਰਟਾਂ ਜਾਂ ਧਮਕੀਆਂ ਤੋਂ ਉਹ ਡਰਨ ਤੇ ਘਬਰਾਉਣ ਵਾਲੇ ਨਹੀਂ ਹਨ। ਉਨ੍ਹਾ ਕਿਹਾ ਕਿ ਕਾਂਗਰਸ ਤੇ ਖਾਲਸਾ ਪੰਥ ਦੇ ਨਕਾਰੇ ਹੋਏ ਕੁਝ ਅਨਸਰ ਪੰਜਾਬ ਨੂੰ 1980 ਦੇ ਦਹਾਕੇ ਵਾਲੇ ਕਾਲੇ ਦੌਰ ਵਿੱਚ ਧੱਕਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਬਾਦਲ ਕਿਹਾ ਕਿ ਕਾਂਗਰਸ ਦੇ ਸੱਤਾ ‘ਚ ਆਉਣ ਪਿੱਛੋਂ ਬੇਅਦਬੀ ਦੀਆਂ 73 ਘਟਨਾਵਾਂ ਵਾਪਰੀਆਂ ਹਨ ਤੇ ਇਸ ਪਾਰਟੀ ਵੱਲੋਂ ਸਿੱਖ ਗੁਰਧਾਮਾਂ ਤੇ ਸ੍ਰੋਮਣੀ ਕਮੇਟੀ ਉੱਤੇ ਕਬਜ਼ੇ ਕਰਨ ਦੇ ਲਈ ‘ਪਾੜੋ ਅਤੇ ਰਾਜ ਕਰੋ’ ਦਾ ਪੁਰਾਣਾ ਫਾਰਮੂਲਾ ਵਰਤਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਪੇਸ਼ ਹੋਈ ਬਰਗਾੜੀ ਦੇ ਬੇਦਅਬੀ ਕਾਂਡ ਦੇ ਵੇਲੇ ਦੀਆਂ ਘਟਨਾਵਾਂ ਦੀ ਰਿਪੋਰਟ ਨਾਲ ਬੁਰੀ ਤਰ੍ਹਾਂ ਵਿਵਾਦਾਂ ‘ਚ ਘਿਰੇ ਅਕਾਲੀ ਦਲ ਨੇ ਆਪਣਾ ਸਿਆਸੀ ਆਧਾਰ ਬਚਾਉਣ ਲਈ ਅੱਜ ਇਹ ਰੈਲੀ ਰੱਖੀ ਸੀ, ਜਿਸ ਦੇ ਵਿਰੁੱਧ ਗਰਮ ਧੜੇ ਦੇ ਤਿੰਨ ਸੌ ਤੋਂ ਵੱਧ ਲੋਕਾਂ ਨੇ ਕਾਲੇ ਝੰਡੇ ਚੁੱਕ ਕੇ ਬਰਗਾੜੀ ਤੋਂ ਫਰੀਦਕੋਟ ਤੱਕ ਰੋਸ ਮਾਰਚ ਕੀਤਾ। ਪੁਲੀਸ ਨੇ ਉਨ੍ਹਾਂ ਨੂੰ ਕਰੀਬ ਦੋ ਘੰਟੇ ਰੋਕੀ ਰੱਖਿਆ, ਪਰ ਸੁਖਬੀਰ ਸਿੰਘ ਬਾਦਲ ਦਾ ਭਾਸ਼ਣ ਸ਼ੁਰੂ ਹੋਣ ਵੇਲੇ ਇਨ੍ਹਾਂ ਲੋਕਾਂ ਨੇ ਆਖਰੀ ਬੈਰੀਕੇਡ ਵੀ ਪੁੱਟ ਦਿੱਤਾ ਅਤੇ ਰੈਲੀ ਵੱਲ ਵਧਣ ਲੱਗੇ। ਹਥਿਆਰਾਂ ਨਾਲ ਲੈਸ ਇਨ੍ਹਾਂ ਲੋਕਾਂ ਨੇ ਸ਼ਹਿਰ ਵਿੱਚ ਲੱਗੇ ਅਕਾਲੀ ਰੈਲੀ ਦੇ ਬੋਰਡ ਵੀ ਪਾੜ ਦਿੱਤੇ। ਰੈਲੀ ਖਤਮ ਹੋਣ ਪਿੱਛੋਂ ਅਕਾਲੀ ਵਰਕਰ ਤੇ ਆਗੂ ਜਦੋਂ ਵਾਪਸ ਜਾਣ ਲੱਗੇ ਤਾਂ ਗਰਮ ਦਲੀਆਂ ਨੇ ਜੁਬਲੀ ਸਿਨੇਮਾ ਚੌਕ ਤੇ ਰੇਲਵੇ ਸਟੇਸ਼ਨ ਨੇੜੇ ਦੋ ਬੱਸਾਂ ਭੰਨੀਆਂ ਤੇ ਕੋਤਵਾਲੀ ਨੇੜੇ ਇੱਕ ਕਾਰ ਤੋੜੀ।

## ਅਮਰੀਕਾ ਨੇ ਚੀਨੀ ਸਮਾਨ ‘ਤੇ 200 ਬਿਲੀਅਨ ਡਾਲਰ ਦਾ ਹੋਰ ਟੈਕਸ ਲਾਇਆ




“ਸਾਨੂੰ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਕਿਸ ਤਰ੍ਹਾਂ ਦੇ ਬਦਲਾਅ ਕੀਤੇ ਜਾਣ ਦੀ ਲੋੜ ਹੈ ਅਤੇ ਅਸੀਂ ਚੀਨ ਨੂੰ ਹਰ ਮੌਕਾ ਦਿੱਤਾ ਹੈ ਕਿ ਉਹ ਸਾਡੀ ਨਾਲ ਚੰਗੀ ਤਰ੍ਹਾਂ ਪੇਸ਼ ਆਉਣ। ਉਨ੍ਹਾਂ ਕਿਹਾ, “ਪਰ ਹਾਲੇ ਤੱਕ ਚੀਨ ਕੋਈ ਵੀ ਕਾਰਵਾਈ ਬਦਲਣ ਲਈ ਤਿਆਰ ਹੀ ਨਹੀਂ ਹੈ।“ ਟਰੰਪ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇ ਚੀਨ ਵਿਰੋਧ ਕਰੇਗਾ ਤਾਂ ਅਮਰੀਕਾ ਤੁਰੰਤ ਤੀਜ਼ੇ ਗੇੜ ਵੱਲ ਵਧੇਗਾ। ਇਸ ਦਾ ਮਤਲਬ ਹੋਏਗਾ ਹੋਰ ਟੈਕਸ ਲਾਉਣਾ ਜੋ ਕਿ 267 ਬਿਲੀਅਨ ਡਾਲਰ ਹੋਵੇਗਾ। ਇਸ ਤਰ੍ਹਾਂ ਚੀਨ ਦੇ ਬਰਾਮਦ ਤੇ ਵਾਧੂ ਟੈਕਸ ਲੱਗ ਜਾਏਗਾ।

**ਕਿਨ੍ਹਾਂ ਚੀਜ਼ਾਂ ‘ਤੇ ਲਗਿਆ ਟੈਕਸ ?**

ਅਫਸਰਾਂ ਦਾ ਕਹਿਣਾ ਹੈ ਕਿ ਰੋਜ਼ ਦੀਆਂ ਜ਼ਰੂਰਤ ਦੀਆਂ ਚੀਜ਼ਾਂ ਨੂੰ ਟੈਕਸ ਤੋਂ ਬਚਾਇਆ ਜਾਵੇਗਾ। ਸੂਟਕਾਸ, ਹੈਂਡਬੈਗ, ਟੌਏਲੇਟ ਪੇਪਰ ਅਤੇ ਊਨ ਤੇ ਟੈਕਸ ਵਧਾਇਆ ਗਿਆ ਹੈ। ਲਿਸਟ ਵਿੱਚ ਖਾਣ ਦੀਆਂ ਚੀਜ਼ਾਂ ਵੀ ਹਨ ਜਿਵੇਂ ਮੀਟ, ਮੱਛੀ, ਫਲ ਅਤੇ ਚੌਲ।

**ਚੀਨ ਨੇ ਕੀ ਕੀਤਾ ਹੈ ?**

ਅਮਰੀਕਾ ਦੇ ਪਹਿਲੀ ਵਾਰ ਟੈਕਸ ਚੀਨ ਤੇ ਟੈਕਸ ਲਗਾਏ ਜਾਣ ਤੋਂ ਬਾਅਦ, ਜਵਾਬ ਵਿੱਚ ਚੀਨ ਨੇ ਪਹਿਲਾਂ ਅਮਰੀਕੀ ਸਮਾਨ ‘ਤੇ 50 ਬਿਲੀਅਨ ਡਾਲਰ ਦੇ ਟੈਰਿਫ ਲਗਾਏ ਸਨ। ਇਹ ਟੈਰਿਫ ਉਨ੍ਹਾਂ ‘ਤੇ ਲਗਾਏ ਗਏ ਜੋ ਅਮਰੀਕੀ ਰਾਸ਼ਟਰਪਤੀ ਦੇ ਵੋਟਰ ਹਨ ਜਿਵੇਂ ਕਿਸਨ।

**ਭਾਰਤ ਨੇ ਕੀ ਕੀਤਾ ਸੀ ?**

ਜਦੋਂ ਅਮਰੀਕਾ ਨੇ ਸਟੀਲ ਦੀ ਦਰਾਮਦਗੀ ਉੱਤੇ ਟੈਰਿਫ਼ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਹੈ ਤਾਂ ਭਾਰਤ ਨੇ ਫ਼ੈਸਲਾ ਲਿਆ ਕਿ ਹੁਣ ਵੱਡਾ ਸੁਨੇਹਾ ਦੇਣ ਦਾ ਸਮਾਂ ਹੈ। ਭਾਰਤ ਨੇ ਵੀ ਕੁਝ ਉਤਪਾਦਾਂ ‘ਤੇ ਦਰਾਮਦ ਟੈਕਸ ‘ਚ ਵਾਧਾ ਕਰਨ ਦਾ ਫੈਸਲਾ ਕੀਤਾ ਸੀ। ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਮੁਤਾਬਕ ‘ਹਾਲਾਤ ਨੂੰ ਵੇਖਦਿਆਂ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ’। ਭਾਰਤ ਨੇ ਖਾਣ ਦੀਆਂ ਕੁਝ ਚੀਜ਼ਾਂ ਅਤੇ ਸਟੀਲ ਉਤਪਾਦਾਂ ਦੀ ਦਰਾਮਦ ਉੱਤੇ ਡਿਊਟੀ ਦੀ ਦਰ ਵਧਾ ਦਿੱਤੀ। ਇਨ੍ਹਾਂ ਵਿੱਚ ਸੇਬ, ਬਦਾਮ, ਅਖਰੋਟ, ਛੋਲੇ ਅਤੇ ਸਮੁੰਦਰੀ ਖਾਣਾ ਸ਼ਾਮਿਲ ਹਨ।ਦਰਾਮਦ ਉੱਤੇ ਡਿਊਟੀ ਦੀ ਦਰ 20 ਫੀਸਦ ਤੋਂ ਲੈ ਕੇ 90 ਫੀਸਦ ਤੱਕ ਹੈ। ਜਿਹੜੇ ਬਦਾਮ ‘ਤੇ ਪਹਿਲਾਂ ਟੈਕਸ 35 ਰੁਪਏ ਪ੍ਰਤੀ ਕਿੱਲੋ ਸੀ ਹੁਣ ਇਹ ਟੈਕਸ 42 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਹੈ। ਜਿਹੜੇ ਬਦਾਮ ਉੱਤੇ ਪਹਿਲਾਂ 100 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਟੈਕਸ ਲੱਗਦਾ ਸੀ, ਉਸ ‘ਤੇ ਹੁਣ ਇਹ ਟੈਕਸ 120 ਰੁਪਏ ਪ੍ਰਤੀ ਕਿੱਲੋ ਦੀ ਦਰ ਨਾਲ ਹੈ।

## ਦਾਜ ਵਾਲੇ ਕੇਸਾਂ ਵਿੱਚ ਸੁਪਰੀਮ ਕੋਰਟ ਨੇ ਆਪਣਾ ਪਿਛਲਾ ਫ਼ੈਸਲਾ ਪਲਟਿਆ

ਨਵੀਂ ਦਿੱਲੀ : ਦਾਜ ਖ਼ਾਤਰ ਤੰਗ ਕਰਨ ਨਾਲ ਸਬੰਧਤ ਆਪਣੇ ਜੁਲਾਈ 2017 ਦੇ ਇੱਕ ਫ਼ੈਸਲੇ ਨੂੰ ਸੁਪਰੀਮ ਕੋਰਟ ਨੇ ਅੱਜ ਸ਼ੁੱਕਰਵਾਰ ਨੂੰ ਪਲਟ ਦਿੱਤਾ ਹੈ। ਭਾਰਤ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ ਐੱਮ ਖਾਨਵਿਲਕਰ ਅਤੇ ਜਸਟਿਸ ਡੀ ਵਾਈ ਚੰਦਰਚੂੜ ਉੱਤੇ ਆਧਾਰਿਤ ਬੈਂਚ ਨੇ ਸੁਪਰੀਮ ਕੋਰਟ ਦੇ ਇੱਕ ਦੋ ਮੈਂਬਰੀ ਬੈਂਚ ਦੇ ਪਿਛਲੇ ਸਾਲ ਦੇ ਫ਼ੈਸਲੇ ਵਿੱਚ ਸੁਧਾਰ ਕਰਦਿਆਂ ਦਾਜ ਲਈ ਤੰਗ ਕਰਨ ਦੇ ਕੇਸਾਂ ਵਿੱਚ ਅਗੇਤੀ ਗ੍ਰਿਫ਼ਤਾਰੀ ਜਾਂ ਅਗਾਊਂ ਜ਼ਮਾਨਤ ਦੀ ਸ਼ਰਤ ਬਹਾਲ ਕਰ ਦਿੱਤੀ ਹੈ। ਇਸ ਤਿੰਨ ਮੈਂਬਰੀ ਬੈਂਚ ਨੇ ਪਟੀਸ਼ਨਾਂ ‘ਤੇ 23 ਅਪਰੈਲ ਨੂੰ ਸੁਣਵਾਈ ਕਰ ਕੇ ਕਿਹਾ ਸੀ ਕਿ ਫ਼ੈਸਲੇ ਨਾਲ ਦਾਜ ਵਿਰੋਧੀ ਕਾਨੂੰਨ ਦੀ ਸਖ਼ਤੀ ਨੂੰ ਘਟਾ ਦਿੱਤਾ ਗਿਆ ਹੈ ਤੇ ਇਨ੍ਹਾਂ ਦੀ ਨਜ਼ਰਸਾਨੀ ਦੀ ਲੋੜ ਹੈ। ਅੱਜ ਸੁਪਰੀਮ ਕੋਰਟ ਨੇ ਦੋ ਜੱਜਾਂ ਵਾਲੇ ਬੈਂਚ ਵੱਲੋਂ ਦਿੱਤੇ ਫ਼ੈਸਲੇ ਵਿੱਚ ਸੁਧਾਰ ਕਰ ਕੇ ਕਿਹਾ ਹੈ ਕਿ ਦੰਡਾਵਲੀ ਦੇ ਖੱਪਿਆਂ ਨੂੰ ਅਦਾਲਤਾਂ ਵੱਲੋਂ ਸੰਵਿਧਾਨਕ ਤੌਰ ‘ਤੇ ਭਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਦੋ ਮੈਂਬਰੀ ਬੈਂਚ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਦਾਜ ਲਈ ਪ੍ਰੇਸ਼ਾਨ ਕਰਨ ਦੀ ਸ਼ਿਕਾਇਤ ‘ਤੇ ਵਿਚਾਰ ਕਰਨ ਲਈ ਕਮੇਟੀ ਬਣਾਈ ਜਾਵੇ। ਓਦੋਂ ਇਸ ਬੈਂਚ ਨੇ ਧਾਰਾ 498-ਏ ਦੀ ਵਧ ਰਹੀ ਦੁਰਵਰਤੋਂ ਉੱਤੇ ਚਿੰਤਾ ਜ਼ਾਹਰ ਕਰਦਿਆਂ ਕਈ ਹਦਾਇਤਾਂ ਦਿੱਤੀਆਂ ਸਨ, ਜਿਸ ਵਿੱਚ ਇਹ ਸ਼ਾਮਲ ਸੀ ਕਿ ਦੋਸ਼ਾਂ ਦੀ ਪੁਸ਼ਟੀ ਬਗੈਰ ਗ੍ਰਿਫ਼ਤਾਰੀ ਨਹੀਂ ਕਰਨੀ ਚਾਹੀਦੀ, ਕਿਉਂਕਿ ਬੇਕਸੂਰ ਲੋਕਾਂ ਦੇ ਮਨੁੱਖੀ ਹੱਕਾਂ ਦੇ ਉਲੰਘਣ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅਦਾਲਤ ਦੀ ਇਸ ਹਦਾਇਤ ਦੇ ਵਿਰੁੱਧ ਅਹਿਮਦਨਗਰ ਦੀ ਮਹਿਲਾ ਵਕੀਲਾਂ ਦੀ ਗ਼ੈਰ ਸਰਕਾਰੀ ਜਥੇਬੰਦੀ ‘ਨਿਆਂਧਾਰ’ ਨੇ ਪਟੀਸ਼ਨ ਦਾਖ਼ਲ ਕੀਤੀ ਸੀ।

## ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਤਖਤ ਦਮਦਮਾ ਸਾਹਿਬ ਪੇਸ਼ ਹੋ ਕੇ ਤਨਖਾਹ ਲਵਾ ਲਈ

ਬਠਿੰਡਾ - ਮੈਂਬਰ ਪਾਰਲੀਮੈਂਟ ਤੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਤਖ਼ਤ ਦਮਦਮਾ ਸਾਹਿਬ ਤੋਂ ਤਿੰਨ ਦਿਨਾਂ ਦੀ ਧਾਰਮਿਕ ਸਜ਼ਾ ਲਾਈ ਗਈ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫ਼ੋਨ ਉੱਤੇ ਤਲਬ ਕੀਤਾ ਸੀ। ਇਸ ਪਿੱਛੋਂ ਬਲਵਿੰਦਰ ਸਿੰਘ ਭੂੰਦੜ ਨੇ ਸ਼ਾਮ ਨੂੰ ਕਰੀਬ ਸਾਢੇ ਛੇ ਵਜੇ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਬੋਹਰ ਰੈਲੀ ਵਿੱਚ ‘ਬਾਦਸ਼ਾਹ ਦਰਵੇਸ਼’ ਕਹਿਣ ਲਈ ਲਿਖਤੀ ਅਤੇ ਜ਼ੁਬਾਨੀ ਤੌਰ ‘ਤੇ ਆਪਣੀ ਗ਼ਲਤੀ ਦਾ ਅਹਿਸਾਸ ਕਰਦੇ ਹੋਏ ਮੁਆਫ਼ੀ ਮੰਗ ਲਈ। ਵਰਨਣ ਯੋਗ ਹੈ ਕਿ ਪਾਰਲੀਮੈਂਟ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਇਸ ਹਫਤੇ ਅਬੋਹਰ ਵਿੱਚ ਹੋਈ ਅਕਾਲੀ ਦਲ ਦੀ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਵਡਿਆਈ ਕਰਦਿਆਂ ਉਸ ਨੂੰ ‘ਬਾਦਸ਼ਾਹ ਦਰਵੇਸ਼’ ਕਹਿ ਦਿੱਤਾ ਸੀ। ਇਸ ਪਿੱਛੋਂ ਉਸ ਦੇ ਖ਼ਿਲਾਫ਼ ਬਾਜਾਖਾਨਾ ਤੇ ਸੋਹਾਣਾ ਦੇ ਥਾਣਿਆਂ ਵਿੱਚ ਸ਼ਿਕਾਇਤਾਂ ਵੀ ਦਰਜ ਹੋਈਆਂ ਸਨ। ਬਹੁਤ ਸਾਰੇ ਪੰਥਕ ਆਗੂਆਂ ਨੇ ਇਸ ਦੀ ਸਖ਼ਤ ਨੁਕਤਾਚੀਨੀ ਕੀਤੀ ਸੀ ਅਤੇ ਮਾਮਲਾ ਤੂਲ ਫੜਨ ਲੱਗਾ ਤਾਂ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਭੂੰਦੜ ਨੇ ਤਨਖਾਹ ਲਵਾ ਲਈ ਹੈ। ਅੱਜ ਤਖਤ ਸਾਹਿਬ ਵਿਖੇ ਪੇਸ਼ ਹੋਣ ਸਮੇਂ ਬਲਵਿੰਦਰ ਸਿੰਘ ਭੂੰਦੜ ਦੇ ਨਾਲ ਬਠਿੰਡਾ ਅਤੇ ਮਾਨਸਾ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰ ਵੀ ਮੌਜੂਦ ਸਨ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਉਹ ਅਕਸਰ ‘ਦਰਵੇਸ਼ ਸਿਆਸਤਦਾਨ’ ਕਹਿ ਕੇ ਸੰਬੋਧਨ ਕਰਦੇ ਹਨ, ਪ੍ਰੰਤੂ ਅਬੋਹਰ ਰੈਲੀ ਵਿੱਚ ਉਨ੍ਹਾਂ ਨੇ ਅਨਜਾਣੇ ਵਿੱਚ ਬਾਦਲ ਨੂੰ ‘ਬਾਦਸ਼ਾਹ ਦਰਵੇਸ਼’ ਕਹਿ ਦਿੱਤਾ ਸੀ, ਜਿਹੜਾ ਉਨ੍ਹਾਂ ਦੀ ਭੁੱਲ ਸੀ ਤੇ ਇੰਜ ਨਹੀਂ ਕਹਿਣਾ ਚਾਹੀਦਾ ਸੀ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਭੂੰਦੜ ਨੂੰ ਸਿੱਖ ਪ੍ਰੰਪਰਾ ਤੇ ਮਰਿਯਾਦਾ ਦੇ ਅਨੁਸਾਰ ਤਿੰਨ ਦਿਨ ਹੱਥੀਂ ਸੇਵਾ ਕਰਨ ਤੇ ਕੀਰਤਨ ਸੁਣਨ ਦੀ ਧਾਰਮਿਕ ਸੇਵਾ ਲਾਈ ਗਈ ਹੈ, ਜਿਸ ਮੁਤਾਬਕ ਉਹ ਤਿੰਨ ਦਿਨ ਰੋਜ਼ ਇੱਕ ਘੰਟਾ ਕੀਰਤਨ ਸੁਣਨਗੇ ਅਤੇ ਜੋੜਾ ਘਰ ਵਿੱਚ ਜਾ ਕੇ ਜੋੜੇ ਅਤੇ ਲੰਗਰ ਦੇ ਬਰਤਨ ਸਾਫ਼ ਕਰਨਗੇ ਤੇ ਰੋਜ਼ ਜਪੁਜੀ ਸਾਹਿਬ ਦੇ 11 ਪਾਠ ਕਰਨਗੇ। ਜਥੇਦਾਰ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਉਨ੍ਹਾਂ ਨੂੰ ਸੰਗਤ ਦੇ ਫ਼ੋਨ ਆ ਰਹੇ ਹੋਣ ਕਾਰਨ ਉਨ੍ਹਾਂ ਨੇ ਅੱਜ ਬਲਵਿੰਦਰ ਸਿੰਘ ਭੂੰਦੜ ਨੂੰ ਫ਼ੋਨ ਕਰਕੇ ਸਪੱਸ਼ਟੀਕਰਨ ਦੇਣ ਨੂੰ ਕਿਹਾ ਸੀ।



# ਭਾਰਤੀ ਸਿਆਸਤਦਾਨਾਂ ਦੇ ਇਸ਼ਕ ਦੇ ਚਰਚੇ ਅਤੇ ਦਿਲਚਸਪ ਕਿੱਸੇ







ਗਾਂਧੀ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ

ਭ੍ਰਿਸ਼ਟਾਚਾਰ, ਧੋਖਾਧੜੀ ਦੇ ਮੁੱਦੇ ਜਾਂ ਫਿਰ ਭਾਈ-ਭਤੀਜਾਵਾਦ ਦੇ ਮੁੱਦਿਆਂ 'ਤੇ ਭਾਵੇ ਆਮ ਲੋਕ ਜਾਂ ਮੀਡੀਆ ਬਹੁਤ ਸਖ਼ਤ ਹੋਣ ਪਰ ਨਿੱਜੀ ਜ਼ਿੰਦਗੀ ਦੇ ਕਥਿਤ 'ਸਕੈਂਡਲਜ਼' ਨੂੰ ਇਹ ਨਜ਼ਰਅੰਦਾਜ਼ ਹੀ ਕਰਦੇ ਹਨ।

ਟਾਈਮਜ਼ ਆਫ਼ ਇੰਡੀਆ ਦੇ ਸਾਬਕਾ ਸੰਪਾਦਕ ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਤਮਾਮ ਦੁਨੀਆਂ ਵਿੱਚ ਇਹ ਹੋ ਗਿਆ ਹੈ ਕਿ ਹਰ ਚੀਜ਼ ਖੁੱਲ੍ਹੀ ਹੈ, ਸੋਸ਼ਲ ਮੀਡੀਆ ਵੀ ਹੈ। ਅਖ਼ਬਾਰਾਂ ਵਿੱਚ ਨੇਤਾਵਾਂ ਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਛੱਪਦਾ ਸੀ। ਰੇਡੀਓ ਅਤੇ ਟੈਲੀਵਿਜ਼ਨ ਸਰਕਾਰ ਦੇ ਸੀ।"

ਇੰਦਰ ਮਲਹੋਤਰਾ ਨੇ ਕਿਹਾ, "ਹੁਣ ਪੰਡਿਤ ਨਹਿਰੂ ਨੂੰ ਹੀ ਲੈ ਲਵੋ। ਪੂਰੇ ਦੇਸ ਵਿੱਚ ਮੂੰਹ-ਜ਼ੁਬਾਨੀ ਹੀ ਇਹ ਚਰਚਾ ਹੁੰਦੀ ਸੀ ਕਿ ਉਨ੍ਹਾਂ ਦਾ ਲੇਡੀ ਮਾਊਂਟਬੇਟਨ ਨਾਲ ਸਬੰਧ ਹੈ। ਫਿਰ ਇਕ ਸ਼ਾਰਦਾ ਮਾਤਾ ਸੀ ਜਿਨ੍ਹਾਂ ਬਾਰੇ ਵੀ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਵੀ ਸੁਣਨ 'ਚ ਆਇਆ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਉੱਤੇ ਕਿਤਾਬ ਵੀ ਪ੍ਰਕਾਸ਼ਿਤ ਕੀਤੀ ਗਈ।"

"ਉਨ੍ਹਾਂ ਤੋਂ ਪਹਿਲਾਂ ਗਾਂਧੀ ਬਾਰੇ ਵੀ, ਜੋ ਕਦੇ ਕੁਝ ਛੁਪਾਉਂਦੇ ਨਹੀਂ ਸੀ, ਉਹਨਾਂ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਹੋਣ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ।"

ਇੰਦਰ ਮਲਹੋਤਰਾ ਦਾ ਕਹਿਣਾ ਹੈ, "ਸੰਭਵ ਹੈ ਕਿ ਨਿਰਮਲ ਕੁਮਾਰ ਬੋਸ ਦੀ ਕਿਤਾਬ ਛੱਪਣ ਤੋਂ ਪਹਿਲਾਂ 60 ਦੇ ਦਹਾਕੇ ਦੌਰਾਨ ਲੋਕਾਂ ਨੂੰ ਗਾਂਧੀ ਦੇ ਸੈਕਸ ਅਤੇ ਬ੍ਰਹਮਚਾਰੀ ਦੇ ਪ੍ਰਯੋਗਾਂ ਬਾਰੇ ਪਤਾ ਵੀ ਨਹੀਂ ਸੀ। ਇਸ ਤੋਂ ਪਹਿਲਾਂ ਇਸ ਵਿਸ਼ੇ 'ਤੇ ਲਿੱਖਣ ਦੀ ਲੋਕ ਕਲਪਨਾ ਵੀ ਨਹੀਂ ਕਰ ਸਕਦੇ ਸਨ।"



ਹਾਲ ਹੀ ਵਿੱਚ ਸੰਸਾਰ ਨੂੰ ਅਲਵਿਦਾ ਕਹਿ ਗਏ ਕੁਲਦੀਪ ਨਈਅਰ ਨੇ ਬੀਬੀਸੀ ਨੂੰ ਨਹਿਰੂ-ਐਡਵੀਨਾ (ਲੇਡੀ ਮਾਊਂਟਬੇਟਨ ਦੇ ਰਿਸ਼ਤੇ) ਬਾਰੇ ਇੱਕ ਦਿਲਚਸਪ ਗੱਲ ਦੱਸੀ ਸੀ ਕਿ ਜਦੋਂ ਉਹ ਬ੍ਰਿਟੇਨ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੀ, ਉਸ ਸਮੇਂ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ।

ਨਈਅਰ ਨੇ ਦੱਸਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ

ਐਡਵੀਨਾ ਵੀ ਉਨ੍ਹਾਂ ਦਾ ਜਵਾਬ ਦਿੰਦੀ ਸੀ ਅਤੇ ਹਾਈ ਕਮਿਸ਼ਨਰ ਦਾ ਆਦਮੀ ਏਅਰ ਇੰਡੀਆ ਦੇ ਜਹਾਜ਼ਾਂ ਤੱਕ ਇਹ ਪੱਤਰ ਪਹੁੰਚਾਉਂਦਾ ਸੀ।

ਨਈਅਰ ਨੇ ਇਕ ਵਾਰ ਐਡਵੀਨਾ ਦੇ ਦੋਹਤੇ ਲਾਰਡ ਰੈਮਸੇ ਨੂੰ ਪੁੱਛ ਹੀ ਲਿਆ ਕੀ ਉਸ ਦੀ ਨਾਨੀ ਅਤੇ ਨਹਿਰੂ ਦਾ ਇਸ਼ਕ ਸੀ ?" ਰੈਮਸੇ ਦਾ ਜਵਾਬ ਸੀ, "ਉਨ੍ਹਾਂ ਵਿਚ ਇਕ ਰੂਹਾਨੀ ਪਿਆਰ ਸੀ।"

ਇਸ ਤੋਂ ਬਾਅਦ ਨਈਅਰ ਨੇ ਉਨ੍ਹਾਂ ਨੂੰ ਨਹੀਂ ਕੁਰੇਦਿਆ। ਨਹਿਰੂ ਦੀਆਂ ਐਡਵੀਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ।

ਕੁਲਦੀਪ ਨਈਅਰ ਨੇ ਇਕ ਵਾਰ ਇੰਦਰਾ ਗਾਂਧੀ ਤੋਂ ਇਨ੍ਹਾਂ ਚਿੱਠੀਆਂ ਨੂੰ ਵੇਖਣ ਦੀ ਇਜ਼ਾਜਤ ਮੰਗੀ ਸੀ, ਪਰ ਉਨ੍ਹਾਂ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

**ਨਹਿਰੂ ਅਤੇ ਪਦਮਜਾ ਨਾਇਡੂ ਦਾ ਇਸ਼ਕ**

ਸਿਰਫ ਐਡਵੀਨਾ ਹੀ ਨਹੀਂ, ਸਰੋਜਿਨੀ ਨਾਇਡੂ ਦੀ ਕੁੜੀ ਪਦਮਾਜਾ ਨਾਇਡੂ ਲਈ ਵੀ ਨਹਿਰੂ ਦੇ ਦਿਲ ਵਿੱਚ ਸਾਫ਼ਟ ਕਾਰਨਰ ਸੀ।

ਕੈਥਰੀਨ ਫਰੈਂਕ ਇੰਦਰਾ ਗਾਂਧੀ ਦੀ ਜੀਵਨੀ ਵਿੱਚ ਲਿਖਦੀ ਹੈ ਕਿ ਵਿਜੈਲਕਸ਼ਮੀ ਪੰਡਿਤ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਨਹਿਰੂ ਅਤੇ ਪਦਮਾਜਾ ਦੇ 'ਇਸ਼ਕ' ਸਾਲਾਂ ਤੱਕ ਚੱਲਿਆ। ਨਹਿਰੂ ਨੇ ਉਸ ਨਾਲ ਇਸ ਲਈ ਵਿਆਹ ਨਹੀਂ ਕਰਵਾਇਆ ਕਿਉਂਕਿ ਉਹ ਆਪਣੀ ਕੁੜੀ ਇੰਦਰਾ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ।

ਨਹਿਰੂ ਦੇ ਜੀਵਨੀਕਾਰ ਐਸ. ਗੋਪਾਲ ਨਾਲ ਇੰਦਰਾ ਇਸ ਗੱਲ 'ਤੇ ਨਰਾਜ਼ ਵੀ ਹੋ ਗਈ ਸੀ ਕਿਉਂਕਿ ਨਹਿਰੂ ਦੇ 'ਸਿਲੈਕਟਡ ਵਰਕਸ' ਵਿੱਚ ਪਦਮਾਜਾ ਤੇ ਨਹਿਰੂ ਦੀਆਂ ਪ੍ਰੇਮ-ਚਿੱਠੀਆਂ ਨੂੰ ਛਾਪ ਦਿੱਤਾ ਸੀ।

1937 ਵਿਚ ਨਹਿਰੂ ਨੇ ਪਦਮਜਾ ਨੂੰ ਲਿਖਿਆ ਸੀ, "ਤੂੰ 19 ਸਾਲ ਦੀ ਹੈ (ਜਦਕਿ ਉਹ ਉਸ ਵੇਲੇ 37 ਸਾਲ ਦੀ ਸੀ)... ਅਤੇ ਮੈਂ 100 ਜਾਂ ਇਸ ਤੋਂ ਵੀ ਜ਼ਿਆਦਾ। ਕੀ ਕਦੇ ਮੈਨੂੰ ਪਤਾ ਲੱਗ ਸਕੇਗਾ ਕਿ ਤੂੰ ਮੈਨੂੰ ਕਿੰਨਾ ਪਿਆਰ ਕਰਦੀ ਹੈਂ।"

ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ

ਇੱਕ ਵਾਰ ਹੋਰ ਮਲਾਇਆ ਤੋਂ ਨਹਿਰੂ ਨੇ ਪਦਮਾਜਾ ਨੂੰ ਲਿਖਿਆ ਸੀ, "ਮੈਂ ਤੁਹਾਡੇ ਬਾਰੇ ਜਾਣਨ ਲਈ ਮਰ ਰਿਹਾ ਹਾਂ.. ਮੈਂ ਤੁਹਾਨੂੰ ਵੇਖਣ ਲਈ, ਤੈਨੂੰ ਆਪਣੀਆ ਬਾਹਵਾਂ ਵਿੱਚ ਲੈਣ ਲਈ ਅਤੇ ਤੇਰੀਆਂ ਅੱਖਾਂ ਵਿੱਚ ਦੇਖਣ ਲਈ ਤੜਫ਼ ਰਿਹਾ ਹਾਂ।" (ਸਿਲੈਕਟਡ ਵਰਕਸ ਆਫ਼ ਨਹਿਰੂ , ਸਰਵਪੱਲੀ ਗੋਪਾਲ, ਸਫ਼ਾ 694)

**ਇੰਦਰਾ ਫ਼ਿਰੋਜ਼ ਦੀ ਵਿਵਾਹਿਕ ਲੜਾਈ**

ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਫਿਰੋਜ਼ ਗਾਂਧੀ ਮੇਰੇ ਬਹੁਤ ਅਜ਼ੀਜ਼ ਦੋਸਤ ਸਨ। ਉਹ ਕਦੇ ਜ਼ਿਕਰ ਵੀ ਕਰ ਦਿੰਦੇ ਸਨ ਅਤੇ ਉਨ੍ਹਾਂ ਦੇ ਘਰ ਜਿਹੜੀਆਂ ਔਰਤਾਂ ਆਉਂਦੀਆਂ ਸੀ ਉਹ ਮੈਨੂੰ ਵੀ ਜਾਣਦੀਆਂ ਸੀ। ਉਨ੍ਹਾਂ ਦੀ ਦੋਸਤੀ ਹੱਮੀ ਨਾਮ ਦੀ ਇੱਕ ਬਹੁਤ ਹੀ ਖ਼ੁਬਸੂਰਤ ਔਰਤ ਨਾਲ ਸੀ ਜਿਨ੍ਹਾਂ ਦੇ ਪਿਤਾ ਉੱਤਰ ਪ੍ਰਦੇਸ਼ ਸਰਕਾਰ ਵਿਚ ਇਕ ਮੰਤਰੀ ਹੁੰਦੇ ਸਨ।"

"ਇੰਦਰਾ ਨਹਿਰੂ ਦੀ ਦੇਖਭਾਲ ਕਰਨ ਲਈ ਬੱਚਿਆ ਨੂੰ ਲੈ ਕੇ ਦਿੱਲੀ ਪ੍ਰਧਾਨ ਮੰਤਰੀ ਨਿਵਾਸ ਆ ਗਈ। ਉੱਥੋਂ ਹੀ ਫਿਰੋਜ਼ ਦਾ ਰੋਮਾਂਸ ਸ਼ੁਰੂ ਹੋਇਆ।" ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ।

ਇੰਦਰ ਮਲਹੋਤਰਾ ਨੇ ਇਸ ਸਬੰਧ 'ਚ ਕਿਹਾ ਹੈ, "ਜਦੋਂ ਫਿਰੋਜ਼ ਨਹੀਂ ਰਹੇ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਗਈ ਸੀ ਤਾਂ ਐਮਰਜੈਂਸੀ ਤੋਂ ਪਹਿਲਾਂ ਹੱਮੀ ਪ੍ਰਧਾਨ ਮੰਤਰੀ ਦਫਤਰ ਵਿਚ ਕਿਸੇ ਗੱਲ 'ਤੇ ਇੱਕ ਅਰਜ਼ੀ ਦੇਣ ਆਈ। ਜਦੋਂ ਉਹ ਪ੍ਰਧਾਨ ਮੰਤਰੀ ਦਫਤਰ ਤੋਂ ਬਾਹਰ ਜਾ ਰਹੀ ਸੀ, ਠੀਕ ਉਸੇ ਸਮੇਂ ਕਾਂਗਰਸ ਪ੍ਰਧਾਨ ਦੇਵਕਾਂਤ ਬਰੂਆ ਦਫ਼ਤਰ ਦੇ ਅੰਦਰ ਆ ਰਹੇ ਸੀ।"

"ਇੰਦਰਾ ਗਾਂਧੀ ਨੇ ਬਰੁਆ ਨੂੰ ਕਿਹਾ ਬਾਹਰ ਨਜ਼ਰ ਮਾਰੋ। ਜਿਸ ਔਰਤ ਨੂੰ ਤੁਸੀਂ ਦੇਖ ਰਹੇ ਹੋ, ਇਸ ਔਰਤ ਲਈ ਫਿਰੋਜ਼ ਨੇ ਸਾਡੀ ਸਾਰੀ ਜ਼ਿੰਦਗੀ ਖ਼ਰਾਬ ਕਰ ਦਿੱਤੀ।"

**ਰਾਜੀਵ-ਸੋਨੀਆ ਦੀ ਪ੍ਰੇਮ ਕਹਾਣੀ**

ਕੌਮੀ ਮੀਡੀਆ ਵਿਚ ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੇ ਪਿਆਰ ਬਾਰੇ ਵੀ ਬਹੁਤ ਘੱਟ ਚਰਚਾ ਹੋਈ ਹੈ। ਰਾਸ਼ੀਦ ਕਿਦਵਈ ਨੇ ਜ਼ਰੂਰ ਸੋਨੀਆ ਗਾਂਧੀ 'ਤੇ ਲਿਖੀ ਜੀਵਨੀ ਵਿਚ ਇਸ ਮੁੱਦੇ 'ਤੇ ਗੱਲ ਕੀਤੀ ਹੈ।

ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ

ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"

ਕਿਦਵਈ ਦੱਸਦੇ ਹਨ, "ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਨ੍ਹਾਂ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ।"

"ਫ਼ਿਰ ਰਾਜੀਵ ਨੇ ਉਨ੍ਹਾਂ ਨੂੰ ਇਕ ਕਵਿਤਾ ਲਿੱਖ ਕੇ ਭੇਜੀ। ਸੋਨੀਆ ਗਾਂਧੀ ਨੂੰ ਇਹ ਬਹੁਤ ਹੀ ਚੰਗਾ ਲੱਗਿਆ ਤੇ ਉਸ ਤੋਂ ਬਾਅਦ ਦੋਵਾਂ ਦਾ ਮਿਲਣਾ-ਜੁਲਣਾ ਸ਼ੁਰੂ ਹੋ ਗਿਆ। ਪਰ ਇਕ ਵਾਰ ਜਦੋਂ ਇੰਦਰਾ ਗਾਂਧੀ ਬ੍ਰਿਟੇਨ ਦੇ ਦੌਰੇ 'ਤੇ ਗਈ ਅਤੇ ਉਸ ਦੀ ਇਕ ਫੋਟੋ ਅਖ਼ਬਾਰ ਵਿਚ ਛਪੀ, ਤਾਂ ਉਹ ਡਰ ਗਈ।"

ਕਿਦਵਈ ਕਹਿੰਦੇ ਹਨ, "ਇੱਕ ਵਾਰ ਉਹ ਅੱਧੇ ਰਸਤੇ ਤੋਂ ਵਾਪਸ ਆ ਗਈ ਅਤੇ ਇੰਦਰਾ ਨੂੰ ਮਿਲਣ ਦੀ ਹਿੰਮਤ ਨਹੀਂ ਕਰ ਸਕੀ। ਜਦੋਂ ਉਸ ਦੀ ਇੰਦਰਾ ਨਾਲ ਪਹਿਲੀ ਮੁਲਾਕਾਤ ਹੋਈ ਉਸ ਸਮੇਂ ਸੋਨੀਆ ਨੇ ਇੰਦਰਾ ਨਾਲ ਫਰੈਂਚ ਭਾਸ਼ਾ ਵਿੱਚ ਗੱਲ ਕੀਤੀ ਕਿਉਂਕਿ ਇੰਦਰਾ ਫਰੈਂਚ ਤੋਂ ਵਾਕਫ ਸੀ ਪਰ ਸੋਨੀਆ ਦਾ ਅੰਗਰੇਜ਼ੀ ਵਿਚ ਹੱਥ ਤੰਗ ਸੀ।"

"ਬਾਅਦ ਵਿਚ ਜਦੋਂ ਸੋਨੀਆ ਦੇ ਪਿਤਾ ਨੂੰ ਪਤਾ ਲੱਗਾ ਕਿ ਉਹ ਰਾਜੀਵ ਨਾਲ ਵਿਆਹ ਕਰਨ ਜਾ ਰਹੀ ਹੈ ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ। "

ਉਹ ਕਹਿੰਦੇ ਹਨ, "ਜਦੋਂ ਰਾਜੀਵ ਗਾਂਧੀ ਸੋਨੀਆ ਦਾ ਹੱਥ ਮੰਗਣ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਇਹ ਦੇਖਣਾ ਚਾਹੁੰਦਾ ਹਾਂ ਤੁਹਾਡੇ ਦੋਵਾਂ ਵਿੱਚ ਕਿੰਨੀ ਮੁਹੱਬਤ ਹੈ। ਇਸ ਲਈ ਤੁਸੀਂ ਇੱਕ ਸਾਲ ਲਈ ਇਕ ਦੂਜੇ ਨੂੰ ਨਾ ਮਿਲੋ। ਇਕ ਸਾਲ ਬਾਅਦ, ਸੋਨੀਆ ਗਾਂਧੀ ਨੇ ਪਹਿਲ ਕੀਤੀ, ਪਰ ਹਾਲੇ ਵੀ ਉਨ੍ਹਾਂ ਦੇ ਪਿਤਾ ਇਸ ਵਿਆਹ ਲਈ ਤਿਆਰ ਨਹੀਂ ਸਨ ਅਤੇ ਉਹ ਦੋਵਾਂ ਦੇ ਵਿਆਹ ਵਿੱਚ ਸ਼ਾਮਲ ਵੀ ਨਹੀਂ ਹੋਏ।"

**ਸੰਜੇ ਅਤੇ ਰੁਖ਼ਸਾਨਾ ਸੁਲਤਾਨਾ**

ਰਾਜੀਵ ਦੇ ਛੋਟੇ ਭਰਾ ਸੰਜੇ ਗਾਂਧੀ ਦਾ ਵੀ ਬਹੁਤ ਸਾਰੀਆਂ ਔਰਤਾਂ ਨਾਲ ਨਾਮ ਜੋੜਿਆ ਗਿਆ। ਉਨ੍ਹਾਂ ਵਿਚੋਂ ਇਕ ਰੁਖ਼ਸਾਨਾ ਸੁਲਤਾਨਾ ਵੀ ਸੀ।

ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ

ਰਾਸ਼ਿਦ ਕਿਦਵਈ ਕਹਿੰਦੇ ਹਨ, "ਰੁਖ਼ਸਾਨਾ ਸੁਲਤਾਨਾ ਕੋਈ ਬਹੁਤ ਵੱਡੀ ਪਬਲਿਕ ਫਿਗਰ ਨਹੀਂ ਸੀ। ਪਰ ਸੰਜੇ ਗਾਧੀ ਨੇ ਉਸ ਨੂੰ ਅੱਗੇ ਵਧਾਇਆ। ਉਸ ਜ਼ਮਾਨੇ ਵਿਚ ਉਨ੍ਹਾਂ ਦਾ ਜੋ ਲਾਈਫ਼ਸਟਾਈਲ ਸੀ, ਉਹ ਮੇਕ-ਅੱਪ ਕਰਕੇ ਤੇ ਉੱਚੀ ਹੀਲ ਵਾਲੇ ਸੈਂਡਲ ਪਾ ਕੇ ਨਿਕਲਦੀ ਸੀ। ਉਸ ਦਾ ਇੱਕ ਡੌਮੀਨੇਟਿੰਗ ਚਰਿਤੱਰ ਸੀ।"

"ਕਾਂਗਰਸ ਦੇ ਲੋਕ ਕਹਿੰਦੇ ਸੀ ਕਿ ਉਹ ਸੰਜੇ 'ਤੇ ਆਪਣਾ ਹੱਕ ਜਮਾਉਂਦੀ ਸੀ ਅਤੇ ਇਹ ਅਜਿਹਾ ਹੱਕ ਸੀ, ਜਿਸ ਨੂੰ ਕਿਸੇ ਰਿਸ਼ਤੇ ਦਾ ਨਾਮ ਨਹੀਂ ਦਿੱਤਾ ਗਿਆ ਸੀ। ਸੰਜੇ ਦਾ ਕਈ ਕੁੜੀਆਂ ਨਾਲ ਉਠਣਾ ਬੈਠਣਾ ਸੀ। ਇਥੋਂ ਤੱਕ ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ।"

**ਰਾਜਕੁਮਾਰੀ ਕੌਲ ਨਾਲ ਰਹਿਣ ਵਾਲੇ ਵਾਜਪਾਈ**

ਸਾਬਕਾ ਪ੍ਰਧਾਨਮੰਤਰੀ ਅਟਲ ਬਿਹਾਰੀ ਵਾਜਪਾਈ ਦੇ 'ਪਰਿਵਾਰ' ਬਾਰੇ ਹੌਲੀ ਜ਼ੁਬਾਨ ਵਿੱਚ ਕੋਈ ਚਰਚਾ ਭਾਵੇਂ ਹੁੰਦੀ ਰਹੀ ਹੋਵੇ ਪਰ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਨਹੀਂ ਘਟੀ।

ਵਾਜਪਾਈ ਨੇ ਆਪਣੇ ਕਾਲਜ ਦੇ ਦਿਨਾਂ ਦੀ ਦੋਸਤ ਰਾਜਕੁਮਾਰੀ ਕੌਲ ਦੇ ਨਾਲ ਵਿਆਹ ਨਹੀਂ ਕੀਤਾ ਸੀ, ਪਰ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਉਨ੍ਹਾਂ ਦੇ ਪਤੀ ਦੇ ਘਰ ਰਹਿਣ ਲੱਗ ਗਏ ਸਨ।

ਰਾਜਕੁਮਾਰੀ ਕੌਲ ਅਟਲ ਬਿਹਾਰੀ ਵਾਜਪਾਈ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਦਾ ਧਿਆਨ ਰੱਖਦੀ ਸੀ

ਸੈਵੀ ਰਸਾਲੇ ਨਾਲ ਇੱਕ ਇੰਟਰਵਿਊ ਵਿੱਚ ਸ਼੍ਰੀਮਤੀ ਕੌਲ ਨੇ ਕਿਹਾ, "ਮੈਂ ਅਤੇ ਅਟਲ ਬਿਹਾਰੀ ਵਾਜਪਾਈ ਨੇ ਕਦੇ ਵੀ ਇਸ ਗੱਲ ਦੀ ਲੋੜ ਨਹੀਂ ਸਮਝੀ ਕਿ ਇਸ ਰਿਸ਼ਤੇ ਬਾਰੇ ਕੋਈ ਵੀ ਸਫ਼ਾਈ ਦਿੱਤੀ ਜਾਵੇ।"

ਕੁਝ ਦਿਨ ਪਹਿਲਾਂ ਸ਼੍ਰੀਮਤੀ ਕੌਲ ਦੀ ਮੌਤ ਹੋ ਗਈ ਸੀ ਪਰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕੌਮੀ ਮੀਡੀਆ ਵਿਚ ਕੋਈ ਚਰਚਾ ਨਹੀਂ ਹੋਈ ਸੀ ਕਿਉਂਕਿ ਲੋਕ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਸਨ। ਬੀਬੀਸੀ ਨੇ ਸ਼੍ਰੀਮਤੀ ਰਾਜਕੁਮਾਰੀ ਕੌਲ ਦੀ ਦੋਸਤ ਤਲਤ ਜ਼ਮੀਰ ਨਾਲ ਗੱਲ ਕੀਤੀ।

ਤਲਤ ਕਹਿੰਦੀ ਹੈ, "ਉਹ ਬਹੁਤ ਹੀ ਸੋਹਣੀ ਕਸ਼ਮੀਰੀ ਮਹਿਲਾ ਸੀ ... ਬਹੁਤ ਹੀ ਵਜ਼ਨਦਾਰ ਸੀ, ਬਹੁਤ ਮਿੱਠਾ ਬੋਲਦੀ ਸੀ। ਉਸ ਦੀ ਬਹੁਤ ਹੀ ਸਾਫ਼ ਉਰਦੂ ਜ਼ੁਬਾਨ ਸੀ। ਮੈਂ ਜਦੋਂ ਵੀ ਉਨ੍ਹਾਂ ਨੂੰ ਮਿਲਣ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਜਾਂਦੀ ਸੀ ਲੋਕ ਉਨ੍ਹਾਂ ਨੂੰ ਮਾਤਾ ਜੀ ਕਹਿ ਕੇ ਬੁਲਾਉਂਦੇ ਸਨ। ਅਟਲ ਜੀ ਦੇ ਖਾਣੇ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਸੀ। ਰਸੋਈਆ ਆ ਕੇ ਉਨ੍ਹਾਂ ਨੂੰ ਹੀ ਪੁੱਛਦਾ ਸੀ ਕਿ ਅੱਜ ਖਾਣੇ ਵਿੱਚ ਕੀ ਬਣਾਉਣਾ ਹੈ।"

ਉਹ ਕਹਿੰਦੀ ਹੈ, "ਉਨ੍ਹਾਂ ਨੂੰ ਟੈਲੀਵਿਜ਼ਨ ਦੇਖਣ ਦਾ ਬਹੁਤ ਸ਼ੌਕ ਸੀ ਅਤੇ ਸਾਰੇ ਸੀਰੀਅਲ ਡਿਸਕਸ ਕਰਦੇ ਹੁੰਦੇ ਸੀ। ਉਹ ਕਹਿੰਦੇ ਸਨ ਕਿ ਮਸ਼ਹੂਰ ਗੀਤਕਾਰ ਜਾਵੇਦ ਅਖ਼ਤਰ ਜਦੋਂ ਪੈਦਾ ਹੋਏ ਸੀ, ਉਸ ਸਮੇਂ ਉਹ ਉਨ੍ਹਾਂ ਨੂੰ ਦੇਖਣ ਹਸਪਤਾਲ ਗਈ ਸੀ ਕਿਉਂਕਿ ਉਹਨਾਂ ਦੇ ਪਿਤਾ ਜਾਨਿਸਾਰ ਅਖ਼ਤਰ ਉਨ੍ਹਾਂ ਨੂੰ ਗਵਾਲੀਅਰ ਦੇ ਵਿਕਟੋਰੀਆ ਕਾਲਜ ਵਿਚ ਪੜ੍ਹਾਉਂਦੇ ਸਨ। ਉਹ ਜਾਵੇਦ ਦੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦੀ ਸੀ। "

**ਫਰਨਾਂਡੀਸ ਅਤੇ ਜਯਾ ਜੇਤਲੀ ਦੀ ਦੋਸਤੀ**

ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੀਸ ਅਤੇ ਜਯਾ ਜੇਤਲੀ ਦੇ ਸਬੰਧਾਂ ਬਾਰੇ ਸਿਆਸੀ ਹਲਕਿਆ ਵਿੱਚ ਵੀ ਕਾਫ਼ੀ ਚਰਚਾ ਰਹੀ ਸੀ। ਉਨ੍ਹਾਂ ਦੇ ਰਿਸ਼ਤੇ ਉਦੋਂ ਮਜ਼ਬੂਤ ਹੋਏ ਜਦੋਂ ਜਾਰਜ ਤੇ ਉਨ੍ਹਾਂ ਦੀ ਪਤਨੀ ਲੈਲਾ ਕਬੀਰ ਦੇ ਰਿਸ਼ਤਿਆਂ ਵਿੱਚ ਖੱਟਾਸ ਪੈਦਾ ਹੋਈ ਸੀ।

ਜਾਰਜ ਫਰਨਾਂਡਿਸ ਅਤੇ ਜਯਾ ਜੇਤਲੀ

ਮੈਂ ਜਯਾ ਜੇਤਲੀ ਨੂੰ ਪੁੱਛਿਆ ਤੁਹਾਡੀ ਜੌਰਜ ਨਾਲ ਦੋਸਤੀ ਕਿਵੇਂ ਹੋਈ ? ਜੇਤਲੀ ਨੇ ਕਿਹਾ, "1979 ਵਿੱਚ, ਜਨਤਾ ਸਰਕਾਰ ਡਿੱਗਣ ਮਗਰੋਂ ਜਾਰਜ ਇਕੱਲੇ ਰਹਿ ਗਏ। ਉਨ੍ਹਾਂ ਦੇ ਸਮਾਜਵਾਦੀ ਪਾਰਟੀ ਦੇ ਦੋਸਤ ਸੋਚਦੇ ਸਨ ਕਿ ਉਨ੍ਹਾਂ ਨੇ ਮੋਰਾਰਜੀ ਦਾ ਸਮਰਥਨ ਕਰਨ ਤੋਂ ਬਾਅਦ ਉਸੇ ਦਿਨ ਉਨ੍ਹਾਂ ਦੀ ਸਰਕਾਰ ਦੇ ਖਿਲਾਫ ਵੋਟ ਦਿੱਤਾ ਸੀ।"

"ਉਨ੍ਹਾਂ ਦੀ ਪਤਨੀ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ਅਤੇ ਉਹ ਇੱਕ ਲੰਬੇ ਸਮੇਂ ਲਈ ਵਿਦੇਸ਼ ਚਲੀ ਜਾਂਦੀ ਸੀ। ਮੇਰੇ ਪਤੀ ਉਨ੍ਹਾਂ ਨਾਲ ਕੰਮ ਕਰਦੇ ਸਨ, ਇਸ ਲਈ ਸਾਡਾ ਉਨ੍ਹਾਂ ਦੇ ਘਰ ਆਉਣਾ-ਜਾਣਾ ਹੋ ਗਿਆ ਸੀ।"

ਉਨ੍ਹਾਂ ਦੱਸਿਆ, "ਜਾਰਜ ਨੂੰ ਕਈ ਵਾਰ ਦੌਰੇ 'ਤੇ ਬਾਹਰ ਜਾਣਾ ਪੈਂਦਾ ਸੀ, ਇਸ ਲਈ ਉਹ ਆਪਣੇ ਮੁੰਡੇ ਨੂੰ ਮੇਰੇ ਕੋਲ ਛੱਡ ਜਾਂਦੇ ਸਨ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਕੋਈ ਵੀ ਅਜਿਹਾ ਨਹੀਂ ਸੀ, ਜੋ ਉਨ੍ਹਾਂ ਲਈ ਇਸ ਤਰ੍ਹਾਂ ਦਾ ਕੰਮ ਕਰੇ। ਇਸ ਤਰ੍ਹਾਂ ਉਹ ਅਤੇ ਮੇਰਾ ਪਰਿਵਾਰ ਕਰੀਬ ਆ ਗਏ।"

**ਮੁਲਾਇਮ ਦਾ ਦੂਜਾ ਵਿਆਹ**

ਲੋਕਾਂ ਨੂੰ ਮੁਲਾਇਮ ਸਿੰਘ ਯਾਦਵ ਦੇ ਦੂਜੇ ਵਿਆਹ ਬਾਰੇ ਉਦੋਂ ਪਤਾ ਲੱਗਾ ਜਦੋਂ ਮੁਲਾਇਮ ਸਿੰਘ ਨੇ ਸੁਪਰੀਮ ਕੋਰਟ ਵਿਚ ਆਮਦਨ ਤੋਂ ਵੱਧ ਰਕਮ ਮਾਮਲੇ ਵਿਚ ਸੁਪਰੀਮ ਕੋਰਟ ਵਿੱਚ ਇਕ ਹਲਫ਼ਨਾਮਾ ਦਿੱਤਾ।

ਸੁਪਰੀਮ ਕੋਰਟ ਵਿੱਚ ਹਲਫ਼ਨਾਮੇ ਤੋਂ ਪਤਾ ਲੱਗਿਆ ਕਿ ਮੁਲਾਇਮ ਸਿੰਘ ਯਾਦਵ ਦੀ ਦੂਜੀ ਪਤਨੀ ਹੈ ਤੇ ਉਨ੍ਹਾਂ ਦਾ ਇੱਕ ਮੁੰਡਾ ਵੀ ਹੈ

"ਉਹ ਤਾਂ ਇਕ ਵਾਰ ਸੁਪਰੀਮ ਕੋਰਟ ਵਿਚ ਹਲ਼ਫ਼ਨਾਮਾ ਦੇਣਾ ਪਿਆ। ਫਿਰ ਜਾ ਕੇ ਪਤਾ ਲੱਗਿਆ ਕਿ ਉਨ੍ਹਾਂ ਦੀ ਦੂਜੀ ਪਤਨੀ ਵੀ ਹੈ ਅਤੇ ਉਸ ਦਾ ਇੱਕ ਮੁੰਡਾ ਵੀ ਹੈ।"

**ਚੜ੍ਹਦੀ ਉਮਰ ਵਿਚ ਪਿਆਰ ਸਬੰਧ**

ਰਾਸ਼ਿਦ ਕਿਦਵਈ ਕਹਿੰਦੇ ਹਨ, "ਇਸ ਜ਼ਮਾਨੇ ਵਿੱਚ ਇੱਕ ਦਰਜਨ ਨਾਮ ਗਿਣਾਏ ਜਾ ਸਕਦੇ ਹਨ ਜਿਹਨਾਂ ਦੀ ਬਹੁਤ ਹੀ ਰੰਗੀਨ ਜ਼ਿੰਦਗੀ ਰਹੀ ਹੈ। ਵਿਦਿਆਚਰਨ ਸ਼ੁਕਲ ਦੇ ਬਾਰੇ ਗੱਲ ਹੁੰਦੀ ਸੀ, ਚੰਦਰਸ਼ੇਖਰ ਬਾਰੇ ਗੱਲ ਹੁੰਦੀ ਸੀ।"

"ਨਰਾਇਣ ਦੱਤ ਤਿਵਾਰੀ ਵੀ ਜਦੋਂ ਰਾਜਭਵਨ ਵਿੱਚ ਫੜੇ ਗਏ ਅਤੇ ਇਸ ਤੋਂ ਇਲਾਵਾ ਜਦੋਂ ਉਹਨਾਂ 'ਤੇ ਇਕ ਪੈਟਰਨਿਟੀ ਸੂਟ ਦਾਖ਼ਲ ਕੀਤਾ ਗਿਆ ਤਾਂ ਲੋਕ ਬਹੁਤ ਚਟਕਾਰੇ ਲੈ ਕੇ ਇਸ ਬਾਰੇ ਗੱਲਾਂ ਕਰਦੇ ਸੀ। ਲੋਹੀਆ ਦੇ ਇਸ਼ਕ 'ਤੇ ਵੀ ਗੱਲ ਹੁੰਦੀ ਸੀ। "

ਇਸ ਤੋਂ ਇਲਾਵਾ ਕੁਝ ਹੋਰ ਨੇਤਾਵਾਂ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਕਿਦਵਈ ਕਹਿੰਦੇ ਹਨ, "ਇੰਦਰਜੀਤ ਗੁਪਤ ਦਾ ਇੱਕ ਵੱਖਰਾ ਕਿਸਮ ਦਾ ਸੁਫ਼ੀਆਨਾ ਪਿਆਰ ਸੀ, 62 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਵਿਆਹ ਕਰਵਾਇਆ। ਆਰ ਕੇ ਧਵਨ ਨੇ ਵੀ 74 ਸਾਲ ਦੀ ਉਮਰ ਵਿਚ ਆਪਣਾ ਵਿਆਹ ਜਨਤਕ ਤੌਰ 'ਤੇ ਸਵੀਕਾਰਿਆ ਸੀ।






# ਸੇਵਾ ਦਾ ਫ਼ਲ



ਪੁਰਾਣੇ ਵੇਲੇ ਦੀ ਗੱਲ ਹੈ। ਇੱਕ ਦੇਸ਼ ਵਿੱਚ ਧਨਾਨੰਦ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸਦੇ ਰਾਜ ਅੰਦਰ ਲੋਕ ਖ਼ੁਸ਼ ਅਤੇ ਸੁਖੀ ਸਨ। ਰਾਜਾ ਆਪ ਪਰਜਾ ਦੀ ਭਲਾਈ ਵਿੱਚ ਪੂਰੀ ਦਿਲਚਸਪੀ ਲੈਂਦਾ ਸੀ, ਜਿਸ ਕਰਕੇ ਲੋਕ ਰਾਜੇ ਦਾ ਬਹੁਤ ਸਤਿਕਾਰ ਕਰਦੇ ਸਨ।

ਰਾਜਾ ਧਨਾਨੰਦ ਦੀ ਇਕਲੌਤੀ ਪੁੱਤਰੀ ਸੀ ਜਿਸਦਾ ਨਾਂ ਰਾਜਕੁਮਾਰੀ ਅਰਾਧਿਆ ਸੀ। ਅਰਾਧਿਆ ਬਹੁਤ ਸੁੰਦਰ ਤੇ ਸਮਝਦਾਰ ਰਾਜਕੁਮਾਰੀ ਸੀ। ਉਹ ਹੁਣ ਵਿਆਹ ਦੇ ਯੋਗ ਹੋ ਚੁੱਕੀ ਸੀ। ਰਾਜਾ ਉਸ ਲਈ ਯੋਗ ਵਰ ਦੀ ਤਲਾਸ਼ ਵਿੱਚ ਸੀ, ਪਰ ਅਜੇ ਤਕ ਉਸਨੂੰ ਢੁਕਵਾਂ ਵਰ ਨਹੀਂ ਮਿਲਿਆ ਸੀ। ਅਸਲ ਵਿੱਚ ਰਾਜਾ ਧਨਾਨੰਦ ਚਾਹੁੰਦਾ ਸੀ ਕਿ ਅਰਾਧਿਆ ਦਾ ਵਰ ਸਿਰਫ਼ ਉਸ ਲਈ ਹੀ ਯੋਗ ਨਾ ਹੋਵੇ, ਸਗੋਂ ਉਹ ਪਰਜਾ ਦਾ ਖਿਆਲ ਰੱਖਣ ਵਾਲਾ ਵੀ ਹੋਵੇ। ਉਸਦੇ ਰਾਜ ਨੂੰ ਅੱਗੇ ਲਿਜਾਣ ਵਾਲਾ ਹੋਵੇ। ਇਸ ਗੱਲ ਨੂੰ ਲੈ ਕੇ ਰਾਜਾ ਚਿੰਤਾ ਵਿੱਚ ਰਹਿੰਦਾ ਸੀ।

ਰਾਜੇ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇੱਕ ਦਿਨ ਉਹ ਸਾਧਾਰਨ ਭੇਸ ਵਿੱਚ ਘੋੜੇ 'ਤੇ ਸਵਾਰ ਹੋ ਕੇ ਸੈਨਿਕਾਂ ਨਾਲ ਜੰਗਲ ਵਿੱਚ ਸ਼ਿਕਾਰ ਖੇਡਣ ਚਲਾ ਗਿਆ। ਸ਼ਿਕਾਰ ਦਾ ਪਿੱਛਾ ਕਰਦਾ ਰਾਜਾ ਸੈਨਿਕਾਂ ਤੋਂ ਕਾਫ਼ੀ ਦੂਰ ਨਿਕਲ ਗਿਆ। ਤੇਜ਼ੀ ਨਾਲ ਭੱਜੇ ਜਾਂਦੇ ਘੋੜੇ ਤੋਂ ਰਾਜਾ ਅਚਾਨਕ ਡਿੱਗ ਪਿਆ। ਸਿਰ ਪੱਥਰ 'ਤੇ ਵੱਜਣ ਕਾਰਨ ਡਿੱਗਦੇ ਸਾਰ ਹੀ ਉਹ ਬੇਹੋਸ਼ ਹੋ ਗਿਆ। ਉਸਤੋਂ ਕੁਝ ਦੂਰੀ 'ਤੇ ਹਰੀਹਰ ਨਾਂ ਦਾ ਨੌਜਵਾਨ ਲੱਕੜਾਂ ਕੱਟ ਰਿਹਾ ਸੀ। ਡਿੱਗਣ ਦੀ ਆਵਾਜ਼ ਸੁਣ ਕੇ ਉਹ ਭੱਜ ਕੇ ਆਇਆ। ਹਰੀਹਰ ਨੇ ਰਾਜੇ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਤੇ ਆਪਣੀ ਝੌਂਪੜੀ ਵਿੱਚ ਲੈ ਗਿਆ। ਝੌਂਪੜੀ ਵਿੱਚ ਪਹੁੰਚ ਕੇ ਹਰੀਹਰ ਨੇ ਰਾਜੇ ਦੇ ਸਿਰ ਉੱਪਰ ਹੋਏ ਜ਼ਖ਼ਮ ਨੂੰ ਧੋਤਾ ਤੇ ਮੱਲਮ-ਪੱਟੀ ਕੀਤੀ। ਹਰੀਹਰ ਨੇ ਆਪਣੇ ਮਾਪਿਆਂ ਨੂੰ ਵਾਪਰੀ ਘਟਨਾ ਬਾਰੇ ਦੱਸਿਆ। ਹਰੀਹਰ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸਦੇ ਮਾਂ-ਬਾਪ ਬੁੱਢੇ ਤੇ ਕਮਜ਼ੋਰ ਹੋ ਚੁੱਕੇ ਸਨ। ਉਹ ਤੁਰਨ-ਫਿਰਨ ਤੋਂ ਵੀ ਅਸਮਰੱਥ ਸਨ, ਜਿਸ ਕਰਕੇ ਉਨ੍ਹਾਂ ਦੀ ਸਾਰੀ ਜ਼ਿੰਮੇਵਾਰੀ ਹਰੀਹਰ ਉੱਤੇ ਸੀ। ਉਹ ਆਪਣੇ ਮਾਪਿਆਂ ਦੀ ਪੂਰੀ ਦੇਖਭਾਲ ਕਰਦਾ ਸੀ। ਹਰੀਹਰ ਜੰਗਲ ਵਿੱਚੋਂ ਲੱਕੜਾਂ ਕੱਟਦਾ ਤੇ ਸ਼ਹਿਰ ਵੇਚ ਦਿੰਦਾ ਜਿਸ ਨਾਲ ਘਰ ਦਾ ਗੁਜ਼ਾਰਾ ਚੱਲਦਾ ਸੀ।

ਹਨੇਰਾ ਹੋ ਚੁੱਕਾ ਸੀ। ਹੁਣ ਰਾਜਾ ਹੋਸ਼ ਵਿੱਚ ਆ ਗਿਆ। ਉਹ ਆਪਣੇ-ਆਪ ਨੂੰ ਝੌਂਪੜੀ ਅੰਦਰ ਵੇਖ ਕੇ ਬਹੁਤ ਹੈਰਾਨ ਹੋਇਆ। ਹਰੀਹਰ ਨੇ ਰਾਜੇ ਨੂੰ ਦੱਸਿਆ ਕਿ ਉਹ ਹੀ ਉਸਨੂੰ ਇੱਥੇ ਲੈ ਕੇ ਆਇਆ ਹੈ। ਸਾਧਾਰਨ ਭੇਸ ਵਿੱਚ ਹੋਣ ਕਰਕੇ ਕਿਸੇ ਨੇ ਵੀ ਉਸਨੂੰ ਪਛਾਣਿਆ ਨਹੀਂ। ਜੋ ਘਰ ਵਿੱਚ ਖਾਣ ਲਈ ਸੀ ਉਹ ਰਾਜੇ ਨੂੰ ਪਰੋਸਿਆ ਗਿਆ। ਰਾਜੇ ਨੇ ਖਾਣਾ ਖਾਧਾ ਤੇ ਸੌਂ ਗਿਆ।

ਅਗਲੀ ਸਵੇਰ ਜਦੋਂ ਰਾਜੇ ਨੇ ਜਾਣ ਬਾਰੇ ਕਿਹਾ ਤਾਂ ਹਰੀਹਰ ਤੇ ਉਸਦੇ ਮਾਤਾ-ਪਿਤਾ ਨੇ ਰਾਜੇ ਨੂੰ ਕੁਝ ਸਮਾਂ ਹੋਰ ਰੁਕਣ ਲਈ ਕਿਹਾ। ਹਰੀਹਰ ਨੇ ਕਿਹਾ ਕਿ ਜਦੋਂ ਤਕ ਤੁਸੀਂ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦੇ ਇੱਥੇ ਹੀ ਆਰਾਮ ਕਰੋ। ਰਾਜੇ ਨੇ ਉਸਦੀ ਗੱਲ ਮੰਨ ਕੇ ਰੁਕਣ ਦਾ ਫ਼ੈਸਲਾ ਕੀਤਾ ਤੇ ਉਹ ਦੋ ਦਿਨ ਝੌਂਪੜੀ ਵਿੱਚ ਰਿਹਾ। ਇਨ੍ਹਾਂ ਦੋ ਦਿਨਾਂ ਵਿੱਚ ਰਾਜਾ ਹਰੀਹਰ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਇਆ। ਲੱਕੜਾਂ ਵੇਚਣ ਦੇ ਕੰਮ ਤੋਂ ਇਲਾਵਾ ਘਰ ਵਿੱਚ ਭੋਜਨ ਵੀ ਉਸਨੂੰ ਆਪ ਬਣਾਉਣਾ ਪੈਂਦਾ ਸੀ, ਪਰ ਫਿਰ ਵੀ ਉਹ ਨਾ ਥੱਕਦਾ ਸੀ ਤੇ ਨਾ ਹੀ ਅੱਕਦਾ ਸੀ। ਇਸ ਦੌਰਾਨ ਰਾਜੇ ਨੂੰ ਇੱਕ ਗੱਲ ਦੀ ਚਿੰਤਾ ਲੱਗੀ ਰਹੀ। ਉਹ ਇਹ ਕਿ ਰਾਜੇ ਦਾ ਕੀਮਤੀ ਹਾਰ ਉਸਦੇ ਗਲ ਵਿੱਚ ਨਹੀਂ ਸੀ। ਇਹ ਸ਼ਾਹੀ ਹਾਰ ਸੀ ਜੋ ਰਾਜਾ ਹਰ ਸਮੇਂ ਪਹਿਨ ਕੇ ਰੱਖਦਾ ਸੀ। ਰਾਜੇ ਨੇ ਇਹ ਗੱਲ ਹਰੀਹਰ ਤੇ ਉਸਦੇ ਮਾਤਾ-ਪਿਤਾ ਨਾਲ ਸਾਂਝੀ ਨਾ ਕੀਤੀ। ਦੋ ਦਿਨਾਂ ਬਾਅਦ ਜਦੋਂ ਉਹ ਜਾਣ ਲੱਗਾ ਤਾਂ ਹਰੀਹਰ ਨੇ ਹਾਰ ਲਿਆ ਕੇ ਰਾਜੇ ਨੂੰ ਫੜਾ ਦਿੱਤਾ। ਹਰੀਹਰ ਨੇ ਦੱਸਿਆ ਕਿ ਜਿਸ ਜਗ੍ਹਾ 'ਤੇ ਤੁਸੀਂ ਡਿੱਗੇ ਸੀ ਇਹ ਹਾਰ ਕੋਲ ਹੀ ਪਿਆ ਸੀ। ਰਾਜੇ ਨੇ ਹਰੀਹਰ ਦੀ ਇਮਾਨਦਾਰੀ ਦੀ ਦਾਦ ਦਿੱਤੀ। ਅਗਲੇ ਦਿਨ ਘੋੜ-ਸਵਾਰ ਸੈਨਿਕ ਹਰੀਹਰ ਦੀ ਝੌਂਪੜੀ ਪੁੱਜੇ। ਉਨ੍ਹਾਂ ਨੇ ਹਰੀਹਰ ਨੂੰ ਰਾਜੇ ਦੇ ਮਹਿਲ ਪਹੁੰਚਣ ਦਾ ਹੁਕਮ ਦਿੱਤਾ। ਹਰੀਹਰ ਉਨ੍ਹਾਂ ਨਾਲ ਹੀ ਮਹਿਲ ਵੱਲ ਚੱਲ ਪਿਆ। ਮਹਿਲ ਪਹੁੰਚ ਕੇ ਉਹ ਰਾਜੇ ਧਨਾਨੰਦ ਅੱਗੇ ਪੇਸ਼ ਹੋਇਆ। ਹਰੀਹਰ ਰਾਜੇ ਨੂੰ ਵੇਖ ਕੇ ਹੈਰਾਨ ਰਹਿ ਗਿਆ ਕਿ ਇਹ ਤਾਂ ਉਹ ਹੀ ਵਿਅਕਤੀ ਹੈ ਜਿਸਦੀ ਉਸਨੇ ਜਾਨ ਬਚਾਈ ਸੀ। ਰਾਜੇ ਨੇ ਹਰੀਹਰ ਸਾਹਮਣੇ ਆਪਣੀ ਪੁੱਤਰੀ ਰਾਜਕੁਮਾਰੀ ਅਰਾਧਿਆ ਨਾਲ ਵਿਆਹ ਦਾ ਪ੍ਰਸਤਾਵ ਰੱਖਿਆ। ਹਰੀਹਰ ਹੱਥ ਜੋੜ ਕੇ ਨਿਮਰਤਾ ਸਹਿਤ ਬੋਲਿਆ, 'ਮਹਾਰਾਜ ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਇਸਦੇ ਯੋਗ ਸਮਝਿਆ, ਪਰ ਮੈਂ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਮਹਿਲਾਂ ਵਿੱਚ ਨਹੀਂ ਰਹਿ ਸਕਦਾ।' ਇੰਨੀ ਗੱਲ ਸੁਣ ਕੇ ਰਾਜਾ ਬੋਲਿਆ, 'ਮੈਨੂੰ ਇਸ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੈ। ਤੁਸੀਂ ਆਪਣੇ ਮਾਤਾ-ਪਿਤਾ ਨੂੰ ਵੀ ਮਹਿਲ ਵਿੱਚ ਰੱਖ ਸਕਦੇ ਹੋ। ਜੇ ਤੁਸੀਂ ਮੇਰਾ ਪ੍ਰਸਤਾਵ ਮਨਜ਼ੂਰ ਕਰਦੇ ਹੋ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।' ਹਰੀਹਰ ਨੇ ਰਾਜੇ ਤੋਂ ਕੁਝ ਸਮੇਂ ਦੀ ਮੋਹਲਤ ਮੰਗੀ। ਘਰ ਪਹੁੰਚ ਕੇ ਹਰੀਹਰ ਨੇ ਆਪਣੇ ਮਾਤਾ-ਪਿਤਾ ਨਾਲ ਗੱਲ ਕੀਤੀ। ਕੁਝ ਦਿਨਾਂ ਬਾਅਦ ਹਰੀਹਰ ਆਪਣੇ ਮਾਤਾ-ਪਿਤਾ ਸਮੇਤ ਮਹਿਲ ਵਿੱਚ ਪਹੁੰਚਿਆ ਤੇ ਰਾਜੇ ਦਾ ਪ੍ਰਸਤਾਵ ਮਨਜ਼ੂਰ ਕਰ ਲਿਆ। ਰਾਜੇ ਨੇ ਦੋਵਾਂ ਦਾ ਵਿਆਹ ਬੜੀ ਧੂਮਧਾਮ ਨਾਲ ਕੀਤਾ। ਹਰੀਹਰ ਆਪਣੇ ਮਾਪਿਆਂ ਤੇ ਰਾਜਕੁਮਾਰੀ ਅਰਾਧਿਆ ਨਾਲ ਖ਼ੁਸ਼ੀ-ਖ਼ੁਸ਼ੀ ਮਹਿਲ ਵਿੱਚ ਰਹਿਣ ਲੱਗਾ। ਇਸ ਤਰ੍ਹਾਂ ਹਰੀਹਰ ਦੀ ਇਮਾਨਦਾਰੀ, ਸੱਚਾਈ ਤੇ ਸੇਵਾ ਨੇ ਉਸਨੂੰ ਝੌਂਪੜੀ ਤੋਂ ਮਹਿਲ ਦਾ ਬਾਦਸ਼ਾਹ ਬਣਾ ਦਿੱਤਾ।

## ਰਸਤਾ ਲੱਭੋ



## ਰੰਗ ਭਰੋ



## ਬਿੰਦੂ ਮਿਲਾਓ





## ਗਲੋਬਲ ਵਾਰਮਿੰਗ ਤੋਂ ਬਚਾਉਣ ਲਈ ਸਵਿਟਜਰਲੈਂਡ ਨੇ ਕਈ ਗਲੇਸ਼ੀਅਰ ਕੰਬਲਾਂ ਨਾਲ ਢੱਕੇ

ਗਲੋਬਲ ਵਾਰਮਿੰਗ ਦੀ ਵਜ੍ਹਾ ਨਾਲ ਸਵਿਟਜਰਲੈਂਡ ਦੇ ਕਈ ਗਲੇਸ਼ੀਅਰ ਦੇ ਖੁਰਨ ਦਾ ਖ਼ਤਰਾ ਵੱਧ ਗਿਆ ਹੈ। ਜਿਸ ਕਾਰਣ ਇਨ੍ਹਾਂ ਨੂੰ ਚਿੱਟੇ ਕੰਬਲਾਂ ਨਾਲ ਢੱਕ ਦਿੱਤਾ ਗਿਆ। ਮਕਾਮੀ ਲੋਕਾਂ ਦਾ ਕਹਿਣਾ ਹੈ, ਗਲੋਬਲ ਵਾਰਮਿੰਗ ਅਤੇ ਗਰਮੀ ਦੀ ਵਜ੍ਹਾ ਨਾਲ ਲਗਾਤਾਰ ਬਰਫ ਪਿਘਲ ਰਹੀ ਹੈ। ਇਸਨੂੰ ਬਚਾਉਣ ਲਈ ਇਹ ਤਰੀਕਾ ਅਪਨਾਇਆ ਜਾ ਰਿਹਾ ਹੈ। ਬਰਫ ਖਤਮ ਹੋਣ ਨਾਲ ਸੈਲਾਨੀਆਂ ਦੀ ਸਵਿਟਜਰਲੈਂਡ 'ਚ ਖਿੱਚ ਘੱਟਣ ਦਾ ਖਦਸ਼ਾ ਵੀ ਹੈ । ਮਾਹਰਾਂ ਦੇ ਮੁਤਾਬਕ , ਚਿੱਟੇ ਕੰਬਲ ਧੁੱਪ ਨੂੰ ਅੰਦਰ ਨਹੀਂ ਆਉਣ ਦਿੰਦੇ। ਨਾਲ ਹੀ, ਬਰਫ ਅਤੇ ਕੰਬਲ ਦੇ ਵਿੱਚ ਮੌਜੂਦ ਹਵਾ ਗਰਮੀ ਤੋਂ ਬਚਾਉਂਦੀ ਹੈ, ਜਿਸਦੇ ਨਾਲ ਬਰਫ ਖੁਰਨ ਤੋਂ ਬਚਦੀ ਹੈ। ਮਾਹਰ ਡੇਵਿਡ ਵਾਲਕਨ ਨੇ ਦੱਸਿਆ, ਕਿ ਇਸ ਤਰੀਕੇ ਨਾਲ ਬਰਫ ਨੂੰ ਖੁਰਨ ਸੇ 50 % ਸੇ 70 % ਤਕ ਬਚਾਇਆ ਜਾ ਸਕਦਾ ਹੈ । ਡੇਵਿਡ ਦੇ ਮੁਤਾਬਕ , ਸਵਿਟਜਰਲੈਂਡ ਵਿੱਚ ਮੌਜੂਦ ਇਹ ਗਲੇਸ਼ੀਅਰ ਕਰੀਬ 150 ਸਾਲ ਤੋਂ ਪਿਘਲ ਰਹੇ ਹਨ । ਫਿਲਹਾਲ ਇਸਦੀ ਉਚਾਈ 1200 ਫੀਟ ਤੱਕ ਹੈ। ਹਰ 10 ਸਾਲ ਵਿੱਚ ਗਲੇਸ਼ੀਅਰ ਦੀ ਮੋਟਾਈ ਔਸਤਨ 33 ਫੁੱਟ ਤੱਕ ਘੱਟ ਜਾਂਦੀ ਹੈ । ਇਸ ਵਜ੍ਹਾ ਨਾਲ ਗਲੇਸ਼ੀਅਰ ਦੇ ਕੋਲ ਝੀਲ ਬਣ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਗਲੋਬਲ ਵਾਰਮਿੰਗ ਦੀ ਇਹੀ ਹਾਲਤ ਰਹੀ ਤਾਂ ਸਾਲ 2100 ਤੱਕ ਜਿਆਦਾਤਰ ਗਲੇਸ਼ਿਅਰ ਪਿਘਲ ਜਾਣਗੇ ।

## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?



ਉੱਤਰ ਸ: ਤਾਰੇ, ਲੂੰਬੜੀ ਦੇ ਹੱਥ, ਬੋਤਲ, ਪੌਦਾ, ਪਾਣੀ, ਅਤੇ ਚੂਹੇ ਦੀ ਪੂੰਛ ਗਾਇਬ ਹੈ।



# ਸਿਹਤ ਸੰਸਾਰ

## ਜਦੋਂ ਗਰਦਨ ਦਾ ਦਰਦ ਸਤਾਵੇ...



ਅੱਜ ਦੇ ਤਣਾਅਪੂਰਨ ਜੀਵਨ ਵਿਚ ਗਰਦਨ ਦੀ ਦਰਦ ਅਰਥਾਤ ਸਰਵਾਈਕਲ ਸਪਾਂਡੇਲਾਈਟਿਸ ਆਮ ਬਿਮਾਰੀ ਦੇ ਰੂਪ ਵਿਚ ਫੈਲਦੀ ਜਾ ਰਹੀ ਹੈ। ਇਹ ਬਿਮਾਰੀ ਗਰਦਨ ਦੀਆਂ ਨਸਾਂ 'ਤੇ ਦਬਾਅ ਪੈਣ ਕਾਰਨ ਹੁੰਦੀ ਹੈ। ਗਰਦਨ ਦੇ ਉੱਪਰ ਵਾਲੀਆਂ ਸੱਤ ਕਸ਼ੇਰੂਕਾਵਾਂ ਸਰਵਾਈਕਲ ਰੀਜਨ ਵਿਚ ਹੁੰਦੀਆਂ ਹਨ, ਜਿਨ੍ਹਾਂ ਵਿਚ ਘਿਸਾਵਟ ਹੋਣ ਜਾਂ ਉਥੇ ਦੀਆਂ ਕਸ਼ੇਰੂਕਾਵਾਂ ਵਿਚ ਜਕੜਨ ਹੋਣ ਨਾਲ ਇਹ ਦਰਦ ਪੈਦਾ ਹੁੰਦੀ ਹੈ। ਇਸ ਦਰਦ ਦੇ ਸ਼ੁਰੂ ਹੁੰਦੇ ਹੀ ਉੱਠਣ, ਬੈਠਣ, ਲੰਮੇ ਪੈਣ ਅਤੇ ਚੱਲਣ-ਫਿਰਨ ਵੇਲੇ ਵੀ ਦਰਦ ਹੁੰਦੀ ਹੈ। ਸਿਰ ਨੂੰ ਸੱਜੇ-ਖੱਬੇ ਘੁਮਾਉਣ 'ਤੇ ਆਕੜ ਅਤੇ ਦਰਦ ਦੇ ਨਾਲ ਕੜਕੜਾਹਟ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ। ਸਿਰਦਰਦ ਦੇ ਨਾਲ-ਨਾਲ ਚੱਕਰ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਅੱਖਾਂ ਅੱਗੇ ਹਨੇਰਾ ਛਾ ਜਾਣਾ, ਉਲਟੀ ਆਉਣਾ ਆਦਿ ਲੱਛਣ ਸ਼ੁਰੂ ਹੋ ਜਾਂਦੇ ਹਨ। ਗਰਦਨ ਘੁਮਾਉਣ ਅਤੇ ਝੁਕਾਉਣ 'ਤੇ ਕਾਫੀ ਦਰਦ ਮਹਿਸੂਸ ਹੁੰਦੀ ਹੈ। ਗਲੇ, ਸਿਰ ਦੇ ਪਿੱਛੇ ਅਤੇ ਭੁਜਾਵਾਂ ਵਿਚ ਜਲਣ ਹੁੰਦੀ ਹੈ। ਔਰਤਾਂ ਦੇ ਸਤਨ ਆਕੜ ਜਾਂਦੇ ਹਨ। ਕਿਸੇ ਕੰਮ ਵਿਚ ਰੋਗੀ ਦਾ ਮਨ ਨਹੀਂ ਲਗਦਾ।

ਸਰਵਾਈਕਲ ਸਪਾਂਡੇਲਾਈਟਿਸ ਰੋਗ ਦੇ ਕਾਰਨ ਦਿਮਾਗ ਵਿਚ ਖ਼ੂਨ ਲੈ ਕੇ ਜਾਣ ਵਾਲੀਆਂ ਖ਼ੂਨ ਦੀਆਂ ਨਾੜੀਆਂ ਵਿਚ ਕੁਝ ਸਮੇਂ ਲਈ ਰੁਕਾਵਟ ਆ ਸਕਦੀ ਹੈ। ਇਸ ਦੇ ਲਗਾਤਾਰ ਰਹਿਣ 'ਤੇ ਅਚਾਨਕ ਹੱਥਾਂ ਵਿਚ ਵੀ ਤੇਜ਼ ਦਰਦ ਹੋਣ ਲਗਦਾ ਹੈ। ਲਾਪ੍ਰਵਾਹੀ ਨਾਲ ਪੇਸ਼ੀਆਂ ਵਿਚ ਕਮਜ਼ੋਰੀ ਆਉਣ ਦੇ ਨਾਲ-ਨਾਲ ਅਧਰੰਗ ਵੀ ਹੋ ਸਕਦਾ ਹੈ। ਨਾੜੀ 'ਤੇ ਦਬਾਅ ਪੈਣ ਦੇ ਕਾਰਨ ਗਲੇ (ਗਰਦਨ) ਤੋਂ ਸ਼ੁਰੂ ਹੋ ਕੇ ਮੋਢੇ ਤੋਂ ਹੁੰਦਾ ਹੋਇਆ ਪੈਰਾਂ ਦੇ ਅੰਗੂਠੇ ਤੱਕ ਇਸ ਦਾ ਦਰਦ ਮਹਿਸੂਸ ਹੁੰਦਾ ਹੈ।



ਗਰਦਨ ਵਿਚ ਲਗਾਤਾਰ ਦਰਦ ਰਹਿਣ 'ਤੇ ਬਹੁਤ ਛੇਤੀ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ। ਡਾਕਟਰੀ ਟੈਸਟਾਂ ਤੋਂ ਬਾਅਦ ਹੀ ਇਹ ਪਤਾ ਲਗਦਾ ਹੈ ਕਿ ਦਰਦ ਕਿਸ ਕਾਰਨ ਹੋ ਰਿਹਾ ਹੈ। ਜੇ ਦਰਦ ਹੋਣ ਦਾ ਕਾਰਨ ਕੋਈ ਗੰਭੀਰ ਬਿਮਾਰੀ ਨਾ ਹੋਵੇ ਸਗੋਂ ਆਮ ਹੋਵੇ ਤਾਂ ਉਸ ਨੂੰ ਕਸਰਤ, ਯੋਗ ਆਸਣਾਂ ਅਤੇ ਘਰੇਲੂ ਇਲਾਜ ਨਾਲ ਵੀ ਠੀਕ ਕੀਤਾ ਜਾ ਸਕਦਾ ਹੈ। ਆਮ ਗਰਦਨ ਦੇ ਦਰਦ ਵਿਚ ਹੇਠ ਲਿਖੇ ਇਲਾਜ ਕਾਰਗਰ ਹੁੰਦੇ ਹਨ-

- ਹਲਦੀ ਦਾ ਚੂਰਨ ਅਤੇ ਚਿੱਟੇ ਪਿਆਜ਼ ਦੇ ਰਸ ਨੂੰ ਮਿਲਾ ਕੇ ਥੋੜ੍ਹਾ ਗਰਮ ਕਰ ਲਓ। ਇਸ ਨੂੰ ਗਰਦਨ 'ਤੇ ਹਲਕੇ ਹੱਥਾਂ ਨਾਲ ਲਗਾ ਕੇ ਗਰਦਨ ਨੂੰ ਹੌਲੀ-ਹੌਲੀ ਸੱਜੇ-ਖੱਬੇ ਘੁਮਾਉਣ ਦੀ ਕੋਸ਼ਿਸ਼ ਕਰੋ।
- ਭੁਜੰਗ ਆਸਣ, ਉੱਤਾਨਪਾਦ ਆਸਣ ਦਾ ਅਭਿਆਸ ਕਰਕੇ ਗਰਦਨ ਵਿਚ ਆਈ ਮੋਚ ਨੂੰ ਠੀਕ ਕੀਤਾ ਜਾ ਸਕਦਾ ਹੈ। ਸ਼ਵ ਆਸਣ ਦੀ ਸਥਿਤੀ ਵਿਚ ਰਹਿ ਕੇ ਹੌਲੀ-ਹੌਲੀ ਸਾਹ ਨੂੰ ਛੱਡਣ 'ਤੇ ਵੀ ਦਰਦ ਹਲਕਾ ਹੁੰਦਾ ਹੈ।
- ਗਰਦਨ ਸਿੱਧੀ ਰੱਖ ਕੇ ਦੋਵਾਂ ਭੁਜਾਵਾਂ ਨੂੰ ਉੱਪਰ ਵੱਲ ਉਠਾਉਂਦੇ ਹੋਏ ਹੌਲੀ-ਹੌਲੀ ਕਮਰ ਦੇ ਭਾਗ ਨੂੰ ਅੱਗੇ ਵੱਲ ਝੁਕਾਉਣ 'ਤੇ ਚੜ੍ਹੀ ਹੋਈ ਨਸ ਆਪਣੀ ਜਗ੍ਹਾ 'ਤੇ ਆ ਜਾਂਦੀ ਹੈ ਅਤੇ ਦਰਦ ਘੱਟ ਹੋ ਜਾਂਦੀ ਹੈ।
- ਹਿੰਗ ਅਤੇ ਕਪੂਰ ਬਰਾਬਰ ਮਾਤਰਾ ਵਿਚ ਲੈ ਕੇ ਸਰ੍ਹੋਂ ਦੇ ਤੇਲ ਵਿਚ ਫੈਂਟ ਕੇ ਕ੍ਰੀਮ ਦੀ ਤਰ੍ਹਾਂ ਬਣਾ ਲਓ। ਇਸ ਪੇਸਟ ਨੂੰ ਧੌਣ 'ਤੇ ਲਗਾ ਕੇ ਹਲਕੇ ਹੱਥਾਂ ਨਾਲ ਮਾਲਿਸ਼ ਕਰਨ 'ਤੇ ਦਰਦ ਠੀਕ ਹੋ ਜਾਂਦੀ ਹੈ।
- ਉੱਚੇ ਸਿਰਹਾਣੇ 'ਤੇ ਸੌਣ ਨਾਲ ਗਰਦਨ ਦਾ ਦਰਦ ਵਧ ਸਕਦਾ ਹੈ, ਇਸ ਲਈ ਸਖ਼ਤ ਬਿਸਤਰ 'ਤੇ ਸੌਣਾ ਅਤੇ ਘੱਟ ਉੱਚਾ ਸਿਰਹਾਣਾ ਲਗਾ ਕੇ ਗਰਦਨ ਦੀ ਦਰਦ ਤੋਂ ਬਚਿਆ ਜਾ ਸਕਦਾ ਹੈ।

-ਆਨੰਦ ਕੁਮਾਰ ਅਨੰਤ

## ਬੁਖ਼ਾਰ ਵਿਚ ਕੀ ਖਾਈਏ-ਪੀਈਏ ?



*ਤੰਦਰੁਸਤ ਆਦਮੀ ਵੀ ਇਕ ਸਮੇਂ ਦਾ ਭੋਜਨ ਨਾ ਮਿਲਣ 'ਤੇ ਨਿਢਾਲ ਹੋ ਜਾਂਦਾ ਹੈ। ਬਿਮਾਰੀ ਵਿਚ ਤਾਂ ਹੋਰ ਵੀ ਜ਼ਿਆਦਾ ਊਰਜਾ ਦੀ ਲੋੜ ਹੁੰਦੀ ਹੈ। ਇਕ ਤਾਂ ਸਰੀਰ ਦੀ ਸ਼ਕਤੀ ਬਣੀ ਰਹੇ ਅਤੇ ਦੂਜੇ ਬਿਮਾਰੀ 'ਤੇ ਕਾਬੂ ਪਾਉਣਾ ਹੈ। ਅਜਿਹੇ ਵਿਚ ਸਵਾਲ ਪੈਂਦਾ ਹੁੰਦਾ ਹੈ ਕਿ ਬੁਖਾਰ ਵਿਚ ਕੀ ਖਾਈਏ-ਪੀਈਏ।*

- ਚੌਲਾਂ ਦਾ ਮਾਂਡ ਊਰਜਾ ਨਾਲ ਭਰਪੂਰ ਹੁੰਦਾ ਹੈ ਅਤੇ ਬੁਖਾਰ ਵਿਚ ਹਾਨੀਕਾਰਕ ਨਹੀਂ ਸਗੋਂ ਲਾਭਦਾਇਕ ਹੈ। ਇਸ ਵਿਚ ਮਾਮੂਲੀ ਜਿਹੀ ਪੀਸੀ ਸੁੰਢ ਅਤੇ ਸੇਂਧਾ ਨਮਕ ਮਿਲਾ ਕੇ ਪੀਓ।
- ਦਾਲਾਂ ਦਾ ਪਾਣੀ ਵੀ ਬੁਖਾਰ ਵਿਚ ਲਾਭਦਾਇਕ ਹੈ। ਮੂੰਗੀ ਇਨ੍ਹਾਂ ਵਿਚੋਂ ਮੁੱਖ ਹੈ। ਉਬਾਲੀ ਹੋਈ ਮੂੰਗੀ ਦਾਲ ਦੇ ਪਾਣੀ ਵਿਚ ਸੁੰਢ, ਕਾਲੀ ਮਿਰਚ ਅਤੇ ਨਮਕ ਮਿਲਾ ਕੇ ਕੋਸਾ ਹੀ ਜਵਰ ਰੋਗੀ ਨੂੰ ਪਿਲਾਓ। ਜੇ ਸਿਰਫ ਮੂੰਗੀ ਪਸੰਦ ਨਾ ਹੋਵੇ ਤਾਂ ਮੂੰਗੀ ਦੇ ਨਾਲ ਮਸਰ ਉਬਾਲ ਲਓ। ਇਸੇ ਤਰ੍ਹਾਂ ਚਾਰ-ਛੇ ਦਾਲਾਂ ਨੂੰ ਉਬਾਲ ਕੇ ਵੀ ਉਨ੍ਹਾਂ ਦਾ ਪਾਣੀ ਪੀਤਾ ਜਾ ਸਕਦਾ ਹੈ।
- ਚੌਲਾਂ ਦੇ ਬਾਰੇ ਵਿਚ ਆਮ ਧਾਰਨਾ ਹੈ ਕਿ ਬੁਖਾਰ ਵਿਚ ਨੁਕਸਾਨ ਕਰਦੇ ਹਨ ਪਰ ਹਕੀਕਤ ਇਸ ਦੇ ਉਲਟ ਹੈ। ਬੁਖਾਰ ਵਿਚ ਚੌਲਾਂ ਦਾ ਸੇਵਨ ਹੀ ਸਭ ਤੋਂ ਵੱਧ ਲਾਭਦਾਇਕ ਹੈ। ਬੇਸਣ-ਦਹੀਂ ਦੀ ਕੜ੍ਹੀ ਦੇ ਨਾਲ ਚੌਲ ਖਾਣ ਨਾਲ ਬੁਖਾਰ ਵਿਚ ਛੇਤੀ ਲਾਭ ਹੁੰਦਾ ਹੈ। ਕੜ੍ਹੀ-ਚੌਲ ਖਾਣ ਦਾ ਇਕ ਲਾਭ ਇਹ ਵੀ ਹੈ ਕਿ ਜਦੋਂ ਕੁਝ ਖਾਣੇ ਨੂੰ ਮਨ ਨਹੀਂ ਕਰਦਾ, ਕੜ੍ਹੀ ਚੌਲ ਚੰਗੇ ਲਗਦੇ ਹਨ।
- ਪਿਆਜ਼ ਵੀ ਬੁਖਾਰ ਵਿਚ ਲਾਭ ਦਿੰਦਾ ਹੈ। ਪਿਆਜ਼ ਦੀ ਚਟਣੀ, ਸਲਾਦ ਦੇ ਰੂਪ ਵਿਚ ਪਿਆਜ਼ ਦਾ ਸੇਵਨ ਕਰ ਸਕਦੇ ਹੋ। ਹਰੀ ਮਿਰਚ ਅਤੇ ਪਿਆਜ਼ ਦੀ ਖੁਸ਼ਕ ਸਬਜ਼ੀ ਬਣਾ ਕੇ ਰੋਟੀ ਦੇ ਨਾਲ ਖਾਧੀ ਜਾ ਸਕਦੀ ਹੈ।
- ਪੁਦੀਨਾ ਵੀ ਬੁਖਾਰ ਵਿਚ ਲਾਭਦਾਇਕ ਹੈ। ਇਸ ਦੀ ਚਟਣੀ ਬਣਾ ਕੇ ਇਸ ਦੇ ਸਹਾਰੇ ਰੋਟੀ ਜਾਂ ਚੌਲ ਖਾਧੇ ਜਾ ਸਕਦੇ ਹਨ।
- ਪਿਆਸ ਲੱਗਣ 'ਤੇ ਬੁਖਾਰ ਵਿਚ ਪਾਣੀ ਨਹੀਂ ਪੀਤਾ ਜਾਂਦਾ। ਅਜਿਹੇ ਵਿਚ ਨਾਰੀਅਲ ਪਾਣੀ, ਫਲਾਂ ਦਾ ਰਸ, ਨਿੰਬੂ ਦੀ ਸ਼ਿਕੰਜਵੀ ਜਾਂ ਫਿਰ ਕੋਲਡ ਡ੍ਰਿੰਕ ਪੀਤਾ ਜਾ ਸਕਦਾ ਹੈ।
- ਨਾਸ਼ਪਾਤੀ ਸਭ ਤੋਂ ਵੱਧ ਪੌਸ਼ਟਿਕ ਫਲ ਹੈ ਅਤੇ ਬੁਖਾਰ ਵਿਚ ਖਾਣ ਨੂੰ ਚੰਗੀ ਵੀ ਲਗਦੀ ਹੈ। ਬੁਖਾਰ ਵਿਚ ਇਹ ਵੀ ਲਾਭ ਪਹੁੰਚਾਉਂਦੀ ਹੈ।

## ਮਾਨਸਿਕ ਰੋਗਾਂ ਤੋਂ ਰਹੀਏ ਦੂਰ

ਅੱਜ ਹਰ ਚੌਥੇ ਮਨੁੱਖ ਚੋਂ ਇੱਕ ਬੰਦਾ ਮਾਨਸਿਕ ਸਮੱਸਿਆਵਾਂ ਨਾਲ ਪੀੜਤ ਹੈ । ਦੁਨੀਆਂ ਦੇ ਲਗਪਗ ਚਾਰ ਸੌ ਪੰਜਾਹ ਮਿਲੀਅਨ ਲੋਕ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕੇ ਹਨ । ਇਸ ਦੇ ਪਿੱਛੇ ਦੇ ਕਾਰਨ ਤਾਂ ਬਹੁਤ ਹਨ। ਪਰ ਸਭ ਤੋਂ ਮੁੱਢਲਾ ਕਾਰਨ ਹੈ ਸਾਡੇ ਅੰਦਰ ਦੀ ਸ਼ਾਂਤੀ ,ਅਮਨ ਅਤੇ ਚੈਨ ਦਾ ਘੱਟ ਜਾਣਾ ਅਤੇ ਚਿੰਤਾ ਤੇ ਗੁੱਸੇ ਦਾ ਵੱਧ ਜਾਣਾ ।ਇਸ ਨਾਲ ਮਨੁੱਖ ਹੌਲੀ ਹੌਲੀ ਡਿਪਰੈਸ਼ਨ ਦੇ ਘੇਰੇ ਵਿੱਚ ਆ ਜਾਂਦਾ ਹੈ ਅਤੇ ਕਈ ਤਾਂ ਫਿਰ ਆਤਮ ਹੱਤਿਆ ਤੱਕ ਵੀ ਪਹੁੰਚ ਜਾਂਦੇ ਹਨ । ਇਸ ਲਈ ਅੱਜ ਅਸੀਂ ਗੱਲ ਕਰਾਂਗੇ ਕਿਵੇਂ ਆਪਣੇ ਅੰਦਰ ਦੀ ਸ਼ਾਂਤੀ ਨੂੰ ਬਰਕਰਾਰ ਰੱਖ ਇਸ ਭਿਆਨਕ ਬਿਮਾਰੀ ਦੇ ਸ਼ਿਕਾਰ ਹੋਣ ਤੋਂ ਬਚ ਸਕੀਏ ।



**ਸ਼ਾਂਤੀ ਕੀ ਹੈ ?**

ਸ਼ਾਂਤੀ, ਸਕੂਨ, ਚੈਨ ਆਦਿ ਇੱਕ ਅਹਿਸਾਸ ਨੇ। ਜਿਨ੍ਹਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ । ਜਦੋਂ ਅਸੀਂ ਆਪਣੇ ਅੰਦਰ ਇਨ੍ਹਾਂ ਅਹਿਸਾਸਾਂ ਨੂੰ ਮਹਿਸੂਸ ਕਰਦੇ ਹਾਂ ਤਾਂ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ ।ਸਾਨੂੰ ਜ਼ਿੰਦਗੀ ਪਿਆਰੀ ਲੱਗਣ ਲੱਗਦੀ ਹੈ ।ਇਸ ਲਈ ਇਹਨਾਂ ਅਹਿਸਾਸਾਂ ਦਾ ਸਾਡੀ ਜ਼ਿੰਦਗੀ ਵਿੱਚ ਬਣੇ ਰਹਿਣਾ ਬਹੁਤ ਜ਼ਰੂਰੀ ਹੈ । ਇਸ ਦੇ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਲੇ ਦੁਆਲੇ ਦੇ ਮਾਹੌਲ ਨੂੰ ਬਦਲਣ ਦੀ ਲੋੜ ਪਵੇਗੀ। ਤੁਹਾਡੀ ਆਪਣੀ ਸੋਚ ਨੂੰ ਬਦਲਣ ਦੀ ਜ਼ਰੂਰਤ ਪਵੇਗੀ ।ਜਿਵੇਂ ਦੀ ਤੁਹਾਡੀ ਸੋਚ ਅਤੇ ਆਸ ਪਾਸ ਦਾ ਮਾਹੌਲ ਹੁੰਦਾ ਹੈ , ਤੁਹਾਡੇ ਵਿਚਾਰ ਤੇ ਮਹਿਸੂਸ ਸ਼ਕਤੀ ਵੀ ਉਸੇ ਤਰ੍ਹਾਂ ਦੀ ਹੀ ਹੁੰਦੀ ਰਹਿੰਦੀ ਹੈ । ਤੁਹਾਡੀ ਊਰਜਾ ਤੁਹਾਡੇ ਆਲੇ ਦੁਆਲੇ ਨੂੰ ਤੇ ਤੁਹਾਡਾ ਆਲਾ ਦੁਆਲਾ ਤੁਹਾਡੀ ਊਰਜਾ ਨੂੰ ਪ੍ਰਭਾਵਿਤ ਕਰਦੇ ਹਨ । ਇਉਂ ਕਹਿ ਲਓ ਕਿ ਅਸੀਂ ਆਪਸ ਵਿੱਚ ਇੱਕ ਦੂਸਰੇ ਨਾਲ ਜੁੜੇ ਹੋਏ ਹਾਂ । ਇਸ ਲਈ ਸਾਡਾ ਅਤੇ ਆਸ ਪਾਸ ਦਾ ਮਾਹੌਲ ਸਕਾਰਾਤਮਿਕ ਹੋਣਾ ਬਹੁਤ ਜ਼ਰੂਰੀ ਹੈ । ਚੰਗੇ ਵਿਚਾਰ ਰੱਖਣੇ , ਚੰਗੇ ਲੋਕਾਂ ਨਾਲ ਗੱਲਬਾਤ ਕਰਨੀ , ਸਾਫ਼ ਸੁਥਰਾ ਮਾਹੌਲ ਬਣਾ ਕੇ ਰੱਖਣਾ। ਇਹਨਾਂ ਸਭ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਤੁਸੀਂ ਦੇਖੋਂਗੇ ਕਈ ਵਾਰ ਤੁਸੀਂ ਕਿਸੇ ਕੰਮ ਨੂੰ ਕਰਨ ਲੱਗਿਆਂ ਉਸ ਵਿੱਚ ਇਤਨਾ ਮਗਨ ਹੋ ਜਾਂਦੇ ਹੋ ਕਿ ਤੁਹਾਨੂੰ ਆਸ ਪਾਸ ਕੀ ਹੋ ਰਿਹਾ ਹੈ ਉਸ ਦੀ ਖ਼ਬਰ ਹੀ ਨਹੀਂ ਰਹਿੰਦੀ । ਤੁਸੀਂ ਪੂਰੇ ਇਕਾਗਰ ਚਿੱਤ ਹੋ ਕੇ ਜਦੋਂ ਕੋਈ ਵੀ ਕੰਮ ਕਰਦੇ ਹੋ ਤਾਂ ਸਮਾਂ ਕਿਵੇਂ ਬੀਤ ਜਾਂਦਾ ਹੈ ਤੁਹਾਨੂੰ ਪਤਾ ਹੀ ਨਹੀਂ ਚੱਲਦਾ । ਫਿਰ ਉਸ ਕੰਮ ਨੂੰ ਕਰਨ ਤੋਂ ਬਾਅਦ ਤੁਸੀਂ ਆਪਣੇ ਅੰਦਰ ਇੱਕ ਅਜੀਬ ਜਿਹੀ ਖੁਸ਼ੀ ਅਤੇ ਆਨੰਦ ਨੂੰ ਮਹਿਸੂਸ ਕਰੋਗੇ । ਜਿਵੇਂ ਕੋਈ ਮਿਠਾਸ ਜੇਹੀ । ਇਸ ਅਹਿਸਾਸ ਨੂੰ ਹੀ ਆਖਦੇ ਹਨ ਸ਼ਾਂਤੀ। ਇਸ ਨੂੰ ਤੁਸੀਂ ਸ਼ਬਦਾਂ ਵਿੱਚ ਤਾਂ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਦੇ ਕਿਉਂਕਿ ਇਹ ਇੱਕ ਮਹਿਸੂਸ ਸ਼ਕਤੀ ਹੈ ਜੋ ਕਿ ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ ।ਪਰ ਮੈਂ ਤੁਹਾਡੇ ਨਾਲ ਇਹ ਸਾਂਝ ਜ਼ਰੂਰ ਪਾਵਾਂਗੀ ਕਿ ਜੇਕਰ ਤੁਸੀਂ ਵੀ ਆਪਣੇ ਅੰਦਰ ਇਸ ਤਰ੍ਹਾਂ ਦੀ ਮਹਿਸੂਸ ਸ਼ਕਤੀ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਜਾਂ ਇਸ ਦੀ ਮਿਠਾਸ ਦਾ ਨਿੱਘ ਮਾਨਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਖੁਦ ਨੂੰ ਸਮਝੋ । ਆਪਣੇ ਗੁੱਸੇ ਤੇ ਕਾਬੂ ਪਾਉਣਾ ਸਿੱਖੋ ਜਦੋਂ ਅਸੀਂ ਖੁਦ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਲਈ ਦੂਸਰਿਆਂ ਨੂੰ ਸਮਝਣਾ ਵੀ ਬਹੁਤ ਆਸਾਨ ਹੋ ਜਾਂਦਾ ਹੈ ।ਆਪਣੇ ਆਪ ਨੂੰ ਇਕਾਗਰ ਚਿੱਤ ਕਰ ਆਪਣੀ ਰੁਚੀ ਮੁਤਾਬਿਕ ਕੰਮ ਕਰੋ । ਦੇਖੋ ਤੁਹਾਡੀ ਜ਼ਿੰਦਗੀ ਹੌਲੀ ਹੌਲੀ ਖੁਸ਼ਹਾਲ ਬਣਨੀ ਸ਼ੁਰੂ ਹੋ ਜਾਵੇਗੀ । ਇਕਾਗਰਤਾ ਬਣਾ ਕੇ ਕੁਝ ਵੀ ਕਰਨਾ ਤੁਹਾਨੂੰ ਸ਼ਾਂਤੀ ਵਰਗੇ ਗੁਣਾਂ ਵੱਲ ਖਿੱਚ ਲੈ ਜਾਵੇਗਾ , ਤੁਸੀਂ ਅੰਦਰੋਂ ਹਲਕਾ ਅਤੇ ਖੁਸ਼ੀ ਨੂੰ ਮਹਿਸੂਸ ਕਰੋਗੇ , ਜੋ ਕਿ ਤੁਹਾਨੂੰ ਮਾਨਸਿਕ ਰੋਗਾਂ ਤੋਂ ਦੂਰ ਰੱਖੇਗਾ । ਇਸ ਨਾਲ ਤੁਸੀਂ ਇੱਕ ਬਿਹਤਰ ਜ਼ਿੰਦਗੀ ਜੀਅ ਪਾਉਗੇ।

-ਕਿਰਨਪ੍ਰੀਤ ਕੌਰ
+4368864014133



## ਸਵੇਰ ਦੀ ਸੈਰ ਦੇ ਫਾਇਦੇ

ਸਵੇਰ ਦੀ ਸੈਰ ਕਰਨ ਵਾਲੇ ਜਦੋਂ ਇਸ ਸਮੇਂ ਕੁਝ ਦੇਰ ਲਈ ਹੀ ਸਹੀ, ਤੇਜ਼ ਚਾਲ ਚੱਲਣ ਤਾਂ ਕਈ ਗੁਣਾ ਜ਼ਿਆਦਾ ਲਾਭ ਮਿਲੇਗਾ। ਸਵੇਰ ਦੇ ਸਮੇਂ ਵਾਤਾਵਰਨ ਵਿਚ ਪ੍ਰਾਣ ਵਾਯੂ ਆਕਸੀਜਨ ਦੀ ਮਾਤਰਾ ਜ਼ਿਆਦਾ ਰਹਿੰਦੀ ਹੈ। ਮੂੰਹ ਬੰਦ ਕਰਕੇ ਤੇਜ਼ ਚਾਲ ਚੱਲਣ ਨਾ ਇਹ ਆਕਸੀਜਨ ਸਾਹ ਰਾਹੀਂ ਸਰੀਰ ਵਿਚ ਜਾਂਦੀ ਹੈ ਜੋ ਖ਼ੂਨ ਨੂੰ ਸ਼ੁੱਧ ਕਰਕੇ ਸਿੱਧੇ ਸਰੀਰ ਦੇ ਸਾਰੇ ਅੰਗਾਂ ਵਿਚ ਪਹੁੰਚ ਜਾਂਦੀ ਹੈ। ਇਸ ਦਾ ਲਾਭ ਸਾਰੇ ਸਰੀਰਕ ਅੰਗਾਂ ਨੂੰ ਮਿਲਦਾ ਹੈ। ਤੇਜ਼ ਚਾਲ ਨਾਲ ਖ਼ੂਨ ਦੇ ਪ੍ਰਵਾਹ ਵਿਚ ਤੇਜ਼ੀ ਆਉਂਦੀ ਹੈ। ਖ਼ੂਨ ਦਾ ਦਬਾਅ ਵਧਦਾ ਹੈ ਜਿਸ ਨਾਲ ਖ਼ੂਨ ਮਾਰਗ ਦੀ ਰੁਕਾਵਟ ਦੂਰ ਹੁੰਦੀ ਹੈ। ਇਹ ਪੌਰੁਸ਼ ਗ੍ਰੰਥੀ ਦੇ ਰੋਗ ਵੀ ਦੂਰ ਕਰਦੀ ਹੈ। ਦਿਮਾਗ ਦੇ ਮਰੀਜ਼ ਸਰਦੀ ਦੇ ਸਮੇਂ ਤੇਜ਼ ਠੰਢ ਵਿਚ ਸੈਰ ਕਰਨ ਤੋਂ ਬਚਣ। ਸਰਦੀ ਦੇ ਮੌਸਮ ਵਿਚ ਸਵੇਰ ਦਿਲ, ਸ਼ੂਗਰ ਅਤੇ ਸਾਹ ਦੇ ਰੋਗੀਆਂ ਲਈ ਖ਼ਤਰਨਾਕ ਹੁੰਦੀ ਹੈ। ਇਨ੍ਹਾਂ ਨੂੰ ਡਾਕਟਰ ਦੀ ਸਲਾਹ 'ਤੇ ਹੀ ਸਰਦੀ ਵਿਚ ਸਵੇਰ ਦੀ ਸੈਰ ਲਈ ਨਿਕਲਣਾ ਚਾਹੀਦਾ ਹੈ।

# ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

1947 ਵਿਚ ਹੋਈ ਭਾਰਤ ਦੀ ਵੰਡ ਦੌਰਾਨ ਕੀ ਸਿੱਖਾਂ ਨੂੰ ਵੱਖਰਾ ਮੁਲਕ ਮਿਲਦਾ ਸੀ ਜਾਂ ਨਹੀਂ। ਇਸਦਾ ਬਾ-ਦਲੀਲ ਜਵਾਬ ਹਾਲੇ ਤਕ ਕੌਮ ਕੋਲ ਨਹੀਂ ਹੈ। ਅਕਾਲੀ ਦਲ ਵਲੋਂ ਪੰਜਾਬੀ ਸੂਬੇ ਦੀ ਮੰਗ ਨੂੰ ਕੇਂਦਰ ਸਰਕਾਰ ਵਲੋਂ ਕੋਰਾ ਜਵਾਬ ਮਿਲਣ 'ਚੋਂ ਨਿਕਲੀ ਨਿਰਾਸ਼ਾ ਦਾ ਹੀ ਸਿੱਟਾ ਸੀ ਕਿ ਅਕਾਲੀ ਦਲ ਨੇ ਸਰਕਾਰ ਉਤੇ ਵਾਅਦਾ ਖਿਲਾਫੀ ਦਾ ਇਲਜ਼ਾਮ ਲਗਾਉਣ ਖਾਤਰ ਇਹ ਦਲੀਲ ਘੜੀ ਕਿ ਸਿੱਖਾਂ ਨੂੰ ਤਾਂ ਵੱਖਰਾ ਮੁਲਕ ਮਿਲਦਾ ਸੀ ਪਰ ਕਾਂਗਰਸ ਵਲੋਂ ਭਾਰਤ ਵਿਚ ਸਿੱਖਾਂ ਨੂੰ ਖੁਦਮੁਖਤਾਰ ਖਿੱਤਾ ਦੇਣ ਦੇ ਕੀਤੇ ਵਾਅਦੇ 'ਤੇ ਇਤਬਾਰ ਕਰਕੇ ਅਸੀਂ ਭਾਰਤ ਨਾਲ ਰਲੇ, ਪਰ ਖੁਦਮੁਖਤਿਆਰ ਖਿੱਤਾ ਤਾਂ ਇਕ ਪਾਸੇ ਰਿਹਾ ਤੁਸੀਂ ਆਪਦੇ ਮੁਤੈਹਤ ਇਕ ਸੂਬਾ ਵੀ ਦੇਣ ਨੂੰ ਤਿਆਰ ਨਹੀਂ। ਇਹ ਗੱਲ ਪੱਲੇ ਪਈ ਨਿਰਾਸ਼ਾ ਵਿਚੋਂ ਨਿਕਲੀ ਸੀ। ਏਸ ਗੱਲ ਨੇ ਵੀ ਸਿੱਖਾਂ ਵਿਚ ਘਰ ਕੀਤਾ ਕਿ ਹਾਂ ਸਾਨੂੰ 47 ਮੌਕੇ ਵੱਖਰਾ ਮੁਲਕ ਮਿਲਦਾ ਸੀ ਕਿਉਂਕਿ ਕੇਂਦਰ ਉਤੇ ਵਾਅਦਾ ਖਿਲਾਫੀ ਦਾ ਇਲਜ਼ਾਮ ਲਾਉਣਾ ਸੀ ਇਸ ਕਰਕੇ ਕੋਈ ਵੀ ਸਿੱਖ ਵੱਖਰੇ ਮੁਲਕ ਮਿਲਣ ਦੀ ਗੱਲ ਦਾ ਖੰਡਨ ਨਹੀਂ ਸੀ ਕਰ ਸਕਦਾ।

ਦੂਜਾ ਮੌਕਾ 1982 ਤੋਂ 1984



ਗੁਰਪ੍ਰੀਤ ਸਿੰਘ ਮੰਡਿਆਣੀ

ਤਕ ਚੱਲੇ ਧਰਮ ਯੁੱਧ ਮੋਰਚੇ ਵੇਲੇ ਸੀ ਜਦੋਂਕਿ ਇਹੀ ਗੱਲ ਮੁੜ ਦੁਹਰਾਈ ਅਤੇ ਸਟੇਜਾਂ 'ਤੇ ਖੂਬ ਪ੍ਰਚਾਰੀ ਗਈ। ਆਮ ਲੋਕਾਂ ਨੂੰ ਇਹੀ ਜਾਪਦਾ ਹੈ ਕਿ ਅੰਗਰੇਜ਼ਾਂ ਨੇ ਹੀ ਮੁਲਕ ਦੀ ਵੰਡ ਕੀਤੀ। ਵੰਡ ਕਰਨ ਵੇਲੇ ਉਨ੍ਹਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਪੁੱਛਿਆ "ਹਾਂ ਬਈ ਦੱਸੋ ਤੁਹਾਨੂੰ ਕੀ ਚਾਹੀਦਾ ਹੈ?" ਇਸਦੇ ਜਵਾਬ ਵਿਚ ਮੁਸਲਮਾਨਾਂ ਨੇ ਪਾਕਿਸਤਾਨ ਮੰਗ ਲਿਆ, ਹਿੰਦੂਆਂ ਨੇ ਹਿੰਦੁਸਤਾਨ ਮੰਗ ਲਿਆ ਅਤੇ ਸਿੱਖਾਂ ਨੇ ਕੁਝ ਨਹੀਂ ਮੰਗਿਆ। ਜਾਂ ਇਉਂ ਕਹਿ ਲਓ ਕਿ ਅੰਗਰੇਜ਼ ਤਿੰਨੇ ਕੌਮਾਂ ਨੂੰ ਅੱਡੋ-ਅੱਡ ਮੁਲਕ ਦਿੰਦੇ ਸੀ। ਮੁਸਲਮਾਨ ਪਾਕਿਸਤਾਨ ਲੈ ਗਏ ਅਤੇ ਸਿੱਖਾਂ ਨੂੰ ਸਿੱਖ ਹੋਮਲੈਂਡ ਦਿੰਦੇ ਸੀ ਪਰ ਉਨ੍ਹਾਂ ਨੇ ਲਿਆ ਨਹੀਂ ਤੇ ਹਿੰਦੁਸਤਾਨ ਵਿਚ ਰਹਿਣ ਦਾ ਹੀ ਫੈਸਲਾ ਕੀਤਾ। ਪਰ ਇਹ ਗੱਲ ਐਨੀ ਸਿੱਧੀ ਨਹੀਂ ਹੈ ਜਿੰਨੀ ਕਿ ਪ੍ਰਚਾਰੀ ਜਾ ਰਹੀ ਹੈ। ਨਾ ਹੀ ਇਸਦਾ ਕੋਈ ਸਿੱਧਮ-ਸਿੱਧਾ ਦੋ ਹਰਫੀ ਜਵਾਬ ਹੈ। ਇਹਦਾ ਅਸਲੀ ਜਵਾਬ ਲੱਭਣ ਲਈ ਸਾਨੂੰ 1947 ਤੋਂ ਵੀ ਪਿਛਲੇ ਸੌ ਸਾਲਾਂ ਦੇ ਇਤਿਹਾਸ ਦੀ ਪੜਚੋਲ ਕਰਨੀ ਪਵੇਗੀ। ਦੂਜੀ ਗੱਲ ਇਹ ਕਿ ਮੁਲਕ ਦੀ ਵੰਡ ਵੇਲੇ ਜੋ ਕਤਲੋਗਾਰਤ ਹੋਈ ਉਸ ਕਰਕੇ ਇਹ ਦੀ ਜ਼ਿੰਮੇਵਾਰੀ ਮੁਲਕ ਦੇ ਵੰਡਾਰੇ ਸਿਰ ਪਾਈ ਜਾਂਦੀ ਹੈ। ਪਰ ਇਹ ਜ਼ਰੂਰੀ ਨਹੀਂ ਸੀ ਕਿ ਜੇ




ਮੁਲਕ ਦਾ ਵੰਡਾਰਾ ਹੋਣਾ ਸੀ ਤਾਂ ਕਤਲੋਗਾਰਤ ਵੀ ਲਾਜ਼ਮੀ ਹੋਣੀ ਸੀ। ਵੰਡ ਤਾਂ ਸਾਰੇ ਮੁਲਕ ਦੀ ਹੋਈ ਪਰ ਕਤਲੇਆਮ ਸਿਰਫ ਪੰਜਾਬ ਵਿਚ ਹੀ ਹੋਇਆ। ਪੰਜਾਬ ਤੋਂ ਬਾਹਰਲੇ ਭਾਰਤੀ ਸੂਬਿਆਂ ਵਿਚ ਮੁਸਲਮਾਨ ਮਹਿਫੂਜ਼ ਰਹੇ। ਪਾਕਿਸਤਾਨ ਵਾਲੇ ਪਾਸੇ ਪੰਜਾਬ ਤੋਂ ਦੂਜੇ ਸੂਬਿਆਂ ਵਿਚ ਵੀ ਹਿੰਦੂ, ਸਿੱਖ ਮਹਿਫੂਜ਼ ਰਹੇ। ਪਾਕਿਸਤਾਨ ਦੇ ਸਿੰਧ ਸੂਬੇ ਵਿਚ ਅੱਜ ਵੀ ਹਿੰਦੂਆਂ ਦੀ 22 ਲੱਖ ਆਬਾਦੀ ਹੈ। ਪਾਕਿਸਤਾਨ ਦੇ ਫਰੰਟੀਅਰ ਸੂਬੇ ਵਿਚ ਵੀ ਹਿੰਦੂ ਸਿੱਖਾਂ ਦਾ ਕਤਲੇਆਮ ਨਹੀਂ ਹੋਇਆ। ਜਿਹੜੇ ਸਿੱਖ ਉਥੋਂ ਉਠ ਕੇ ਆਏ ਆਪ ਦੀ ਮਰਜ਼ੀ ਨਾਲ ਉਠ ਕੇ ਆਏ। ਅੱਜ ਵੀ ਸਿੱਖਾਂ ਦੀ ਵੱਧ ਵਸੋਂ ਪਾਕਿਸਤਾਨ ਦੇ ਫਰੰਟੀਅਰ ਸੂਬੇ ਵਿਚ ਹੀ ਹੈ। ਦੂਜਾ ਵਿਚਾਰਨਯੋਗ ਸਵਾਲ ਇਹ ਹੈ ਕਿ ਵੰਡ ਲਈ ਸਿਰਫ ਅੰਗਰੇਜ਼ ਜ਼ਿੰਮੇਵਾਰ ਸੀ ਜਾਂ ਕੋਈ ਹੋਰ ਕਾਰਨ। ਆਓ ਸਭ ਤੋਂ ਪਹਿਲਾਂ ਏਸ ਗੱਲ ਨੂੰ ਵਿਚਾਰਦੇ ਹਾਂ। ਵੰਡ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹਿੰਦੂਆਂ ਦੀ ਨੁਮਾਇੰਦਗੀ ਕਰਦੇ ਕਾਂਗਰਸੀ ਆਗੂਆਂ 'ਤੇ ਹੀ ਆਉਂਦੀ ਹੈ। ਉਨ੍ਹਾਂ ਨੂੰ ਵੰਡ ਦੀ ਜ਼ਿੰਮੇਵਾਰੀ ਤੋਂ ਬਚਾਉਣ ਖਾਤਿਰ ਭਾਰਤ ਵਾਲੇ ਪਾਸੇ ਵੰਡ ਦੀ ਜ਼ਿੰਮੇਵਾਰੀ ਅੰਗਰੇਜ਼ਾਂ 'ਤੇ ਸੁੱਟੀ ਗਈ। ਕਾਂਗਰਸੀ ਆਗੂਆਂ ਨੇ ਆਪ ਦੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਣ ਖਾਤਰ ਇਹਦਾ ਖੰਡਨ ਨਾ ਕੀਤਾ ਬਲਕਿ ਇਸ ਦਲੀਲ ਨੂੰ ਹੱਲਾਸ਼ੇਰੀ ਦਿੱਤੀ। ਅੰਗਰੇਜ਼ ਇਥੇ ਨਾ ਰਹਿਣ ਕਰਕੇ ਆਪ ਦੇ ਉਤੇ ਲੱਗੇ ਇਸ ਦੋਸ਼ ਦੀ ਕੋਈ ਕਾਟ ਨਾ ਕਰ ਸਕੇ। ਜਿਸਦੀ ਵਜ੍ਹਾ ਕਰਕੇ ਇਹ ਵਿਚਾਰ ਪੱਕਾ ਹੁੰਦਾ ਗਿਆ ਕਿ ਜਾਂਦੇ ਜਾਂਦੇ ਅੰਗਰੇਜ਼ ਮੁਲਕ ਦੇ ਟੋਟੇ ਕਰ ਗਏ। ਹਾਲਾਂਕਿ ਇਹ ਦਲੀਲ ਬਿਲਕੁਲ ਹੀ ਤੱਥਾਂ ਤੋਂ ਕੋਰੀ ਹੈ। ਆਓ ਦੇਖਦੇ ਹਾਂ ਕਿਵੇਂ?

ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਵੰਡ ਨਹੀਂ ਕੀਤੀ। ਸੁਣਨ ਨੂੰ ਤਾਂ ਇਹ ਗੱਲ ਬੜੀ ਗਲਤ ਲੱਗਦੀ ਹੈ। ਇਹ ਲੇਖ ਇਹੀ ਗੱਲ ਸਾਬਤ ਕਰਨ ਲਈ ਲਿਖਿਆ ਜਾ ਰਿਹਾ ਹੈ। 1966 ਵਿਚ ਪੰਜਾਬੀ ਸੂਬਾ ਪੰਜਾਬ ਦੀ ਵੰਡ ਕਰਕੇ ਹੋਂਦ ਵਿਚ ਆਇਆ ਸੋ ਪੰਜਾਬੀ ਸੂਬੇ ਦੀ ਕਾਇਮੀ ਨੂੰ ਪੰਜਾਬ ਦੀ ਵੰਡ ਵੀ ਕਿਹਾ ਜਾਂਦਾ ਹੈ। ਪੰਜਾਬੀ ਸੂਬੇ ਦਾ ਵਿਰੋਧ ਕਰਨ ਵਾਲੇ ਇਸ ਨੂੰ ਪੰਜਾਬ ਦੀ ਵੰਡ ਦਾ ਹੀ ਨਾਂ ਦਿੰਦੇ ਹਨ। ਜਿਵੇਂ ਪੰਜਾਬੀ ਸੂਬਾ ਬਣਾਇਆ ਤਾਂ ਬੇਸ਼ੱਕ ਪਾਰਲੀਮੈਂਟ ਦੇ ਇਕ ਐਕਟ ਰਾਹੀਂ ਗਿਆ ਪਰ ਇਸ ਲਈ ਉਸ ਵੇਲੇ ਦੀ ਕਾਂਗਰਸ ਸਰਕਾਰ ਨੂੰ ਬਿਲਕੁਲ ਨਾ ਤਾਂ ਦੋਸ਼ ਦਿੱਤਾ ਜਾਂਦਾ ਹੈ ਅਤੇ ਨਾ ਹੀ ਉਸਨੂੰ ਇਸਦਾ ਕ੍ਰੈਡਿਟ ਦਿੱਤਾ ਜਾਂਦਾ ਹੈ। ਅਕਾਲੀਆਂ ਤੋਂ ਬਿਨਾ ਬਾਕੀ ਸਾਰੀਆਂ ਸਿਆਸੀ ਧਿਰਾਂ ਪੰਜਾਬੀ ਸੂਬੇ ਦੀ ਕਾਇਮੀ ਲਈ ਅਕਾਲੀਆਂ ਨੂੰ ਸਿਰਫ ਜ਼ਿੰਮੇਵਾਰ ਹੀ ਨਹੀਂ ਬਲਕਿ ਦੋਸ਼ ਦਿੰਦੀਆਂ ਹਨ। ਜਦਕਿ ਅਕਾਲੀ ਇਸਦਾ ਕ੍ਰੈਡਿਟ ਆਪਣੇ ਸਿਰ ਲੈਂਦੇ ਹਨ ਕਿਉਂਕਿ ਉਨ੍ਹਾਂ ਦੀ ਲੰਬੀ ਜੱਦੋਜਹਿਦ ਕਰਕੇ ਹੀ ਸਰਕਾਰ ਨੇ ਇਹ ਮੰਗ ਮੰਨੀ ਸੀ ਹਾਲਾਂਕਿ ਉਹ ਪੰਜਾਬੀ ਸੂਬੇ ਨੂੰ ਅਧੂਰਾ ਰੱਖਣ ਲਈ ਇੰਦਰਾ ਗਾਂਧੀ ਦੀ ਸਰਕਾਰ ਨੂੰ ਦੋਸ਼ ਦਿੰਦੇ ਹਨ। ਕਹਿਣ ਦਾ ਭਾਵ ਇਹ ਕਿ ਅਕਾਲੀਆਂ ਸਣੇ ਕੋਈ ਵੀ ਸਿਆਸੀ ਧਿਰ ਪੰਜਾਬ ਦੀ ਵੰਡ ਖਾਤਰ ਉਸ ਸਰਕਾਰ ਨੂੰ ਬਿਲਕੁਲ ਜ਼ਿੰਮੇਵਾਰ ਕਰਾਰ ਨਹੀਂ ਦਿੰਦੀ ਜੀਹਨੇ ਪੰਜਾਬ ਦੀ ਵੰਡ ਨੂੰ ਕਾਨੂੰਨੀ ਜਾਮਾ ਪਹਿਨਾਇਆ। ਸੋ ਜਿਵੇਂ 1966 ਵਿਚ ਭਾਰਤ ਦੀ ਸਰਕਾਰ, ਪੰਜਾਬ ਦੀ ਵੰਡ ਲਈ ਸਿਰਫ ਇਸੇ ਕਰਕੇ ਹੀ ਜ਼ਿੰਮੇਵਾਰ ਜਾਂ ਦੋਸ਼ੀ ਨਹੀਂ ਠਹਿਰਾਈ ਜਾਂਦੀ ਕਿ ਉਸਨੇ ਪੰਜਾਬ ਦੀ ਵੰਡ ਦਾ ਕਾਨੂੰਨ ਪਾਸ ਕੀਤਾ। ਪੰਜਾਬ ਦੀ ਵੰਡ ਲਈ ਅਕਾਲੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ ਕਾਂਗਰਸ, ਜਨ ਸੰਘ ਅਤੇ ਆਰੀਆ ਸਮਾਜੀਆਂ ਨੇ ਪੰਜਾਬ ਦੀ ਵੰਡ (ਪੰਜਾਬੀ ਸੂਬੇ) ਦੀ ਪੁੱਜ ਕੇ ਮੁਖਾਲਫਤ ਕੀਤੀ ਸੀ। ਇਸੇ ਤਰ੍ਹਾਂ ਸੰਨ 2000 ਵਿਚ ਯੂ.ਪੀ. ਦੀ ਵੰਡ ਕਰਕੇ ਉਤਰਾਖੰਡ ਰਾਜ ਕਾਇਮ ਕਰਨ ਲਈ ਯੂ.ਪੀ. ਦੀ ਵੰਡ ਕੀਤੀ ਗਈ। ਭਾਰਤ ਦੇ ਹੋਰ ਬਹੁਤ ਸਾਰੇ ਸੂਬਿਆਂ ਦੀ ਵੰਡ ਵੀ ਹੋਈ ਪਰ ਇਨ੍ਹਾਂ ਵੰਡਾਂ ਖਾਤਰ ਕਦੇ ਵੀ ਭਾਰਤ ਸਰਕਾਰ ਨੂੰ ਦੋਸ਼ ਨਹੀਂ ਦਿੱਤਾ ਗਿਆ। ਇਵੇਂ ਹੀ 1947 ਵਿਚ ਹਿੰਦੁਸਤਾਨ ਦੀ ਵੰਡ 'ਤੇ ਮੋਹਰ ਲਾਉਣ ਖਾਤਰ ਇੰਡੀਅਨ ਇੰਡੀਪੈਂਡੈਂਸ ਐਕਟ 1947 ਬਰਤਾਨਵੀ ਪਾਰਲੀਮੈਂਟ ਵਿਚ ਪਾਸ ਕੀਤਾ ਗਿਆ। ਇਸ ਵੰਡ ਨੂੰ ਰੋਕਣ ਖਾਤਰ ਅੰਗਰੇਜ਼ ਸਰਕਾਰ ਕਈ ਵਰ੍ਹੇ ਜ਼ੋਰ ਲਾਉਂਦੀ ਰਹੀ ਪਰ ਅਖੀਰ ਵਿਚ ਵੰਡ ਦਾ ਵਿਰੋਧ ਕਰਨ ਵਾਲੀ ਧਿਰ ਕਾਂਗਰਸ ਨੇ ਹੀ ਵੰਡ ਨੂੰ ਜ਼ਰੂਰੀ ਦੱਸਿਆ ਤਾਂ ਅੰਗਰੇਜ਼ ਸਰਕਾਰ ਨੇ ਸਾਰੀਆਂ ਧਿਰਾਂ ਨੂੰ ਲਿਖਤੀ ਤੌਰ 'ਤੇ ਵੰਡ ਦੀ ਸਹਿਮਤੀ ਲਈ। ਭਾਰਤ ਦੇ ਕਿਸੇ ਵੀ ਸੂਬੇ ਦੀ ਵੰਡ ਮੌਕੇ ਸਾਰੀਆਂ ਧਿਰਾਂ ਦੀ ਸਹਿਮਤੀ ਕਦੀ ਵੀ ਨਹੀਂ ਹੋਈ ਖਾਸ ਕਰਕੇ ਹੱਦਬੰਦੀ ਵੇਲੇ। ਜਿਹੜੀਆਂ ਦਲੀਲਾਂ ਰਾਹੀਂ ਪੰਜਾਬ ਦੀ ਵੰਡ ਖਾਤਰ ਭਾਰਤ ਦੀ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਨਹੀਂ ਦਿੱਤਾ ਜਾਂਦਾ ਉਸੇ ਤਰ੍ਹਾਂ ਹੀ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਵੰਡ ਕੀਤੀ। ਜਿੰਨੀ ਸਰਬਸੰਮਤੀ 1947 ਵਿਚ ਹਿੰਦੁਸਤਾਨ ਦੀ ਵੰਡ ਦੇ ਮੁੱਦੇ ਉਤੇ ਸੀ, ਓਨੀ ਸਹਿਮਤੀ ਆਜ਼ਾਦ ਹਿੰਦੁਸਤਾਨ ਵਿਚ ਤਾਂ ਕਿਸੇ ਸੂਬੇ ਦੀ ਵੰਡ ਉਤੇ ਵੀ ਨਹੀਂ ਹੋਈ। ਇਤਿਹਾਸ ਵਿਚ ਕੋਈ ਇਹੋ ਜਿਹੀ ਮਿਸਾਲ ਨਹੀਂ ਮਿਲਦੀ ਕਿ ਸਾਰੇ ਹਿੰਦੁਸਤਾਨ ਵਿਚ ਵੰਡ ਦੇ ਖਿਲਾਫ ਕੋਈ ਮੁਜ਼ਾਹਰਾ ਹੋਇਆ ਹੋਵੇ ਜਾਂ ਕਿਸੇ ਸਿਆਸੀ ਪਾਰਟੀ ਨੇ ਇਸਦੇ ਖਿਲਾਫ ਬਿਆਨ ਦਿੱਤਾ

**ਲੜੀਵਾਰ ਕਿਸ਼ਤ - 1**



ਹੋਵੇ। ਹਾਲਾਂਕਿ ਮੁਲਕ ਦੀ ਵੰਡ ਦਾ ਅਮਲ 2-4 ਦਿਨਾਂ ਵਿਚ ਹੀ ਪੂਰਾ ਨਹੀਂ ਹੋਇਆ। ਵੰਡ ਅਟੱਲ ਹੋਣ ਦੀਆਂ ਕਨਸੋਆਂ ਤਾਂ ਮਾਰਚ 1947 ਵਿਚ ਹੀ ਸ਼ੁਰੂ ਹੋ ਗਈਆਂ ਸਨ ਜਦਕਿ ਵੰਡ ਦੀ ਬਕਾਇਦਾ ਤਜਵੀਜ਼ 3 ਜੂਨ 1947 ਨੂੰ ਵਾਇਸਰਾਏ ਮਾਊਂਟਬੈਟਨ ਨੇ ਨਸ਼ਰ ਕੀਤੀ। ਹਾਲਾਂਕਿ ਹਿੰਦੂ ਮਹਾਂਸਭਾ ਨੇ ਵੰਡ ਦਾ ਸਿਰਫ ਬਿਆਨ ਦੇ ਕੇ ਹੀ ਵਿਰੋਧ ਕੀਤਾ ਪਰ ਦੇਸ਼ ਦੇ ਸਿਆਸੀ ਨਕਸ਼ੇ 'ਤੇ ਉਹਦੀ ਕੋਈ ਖਾਸ ਵੁੱਕਤ ਨਹੀਂ ਸੀ। ਅੰਗਰੇਜ਼ਾਂ ਦਾ ਰਾਜ ਕਰਨ ਦਾ ਤਰੀਕਾ-ਏ-ਕਾਰ ਇਹ ਸੀ ਕਿ ਕਿਸੇ ਵੀ ਮਸਲੇ 'ਤੇ ਉਹ ਸਬੰਧਤ ਧਿਰਾਂ ਨਾਲ ਗੈਰ ਰਸਮੀ ਗੱਲਬਾਤ ਕਰਕੇ ਮਸਲੇ ਨੂੰ ਸਮਝੌਤੇ ਦੇ ਨੇੜੇ ਲਿਆਉਂਦੇ ਸਨ। ਫਿਰ ਸਮਝੌਤੇ ਦਾ ਬਕਾਇਦਾ ਖਰੜਾ ਬਣਾ ਕੇ ਇਸ ਨੂੰ ਲੋਕਾਂ ਦੀ ਜਾਣਕਾਰੀ ਲਈ ਜੱਗ ਜ਼ਾਹਰ ਕਰਦੇ ਸਨ। ਸੋ ਇਸ ਤਰ੍ਹਾਂ ਲੋਕਾਂ ਨੂੰ ਵੀ ਪਤਾ ਲੱਗਦਾ ਸੀ ਕਿ ਅਗਾਂਹ ਕੀ ਹੋਣ ਜਾ ਰਿਹਾ ਹੈ? ਫਿਰ ਸਬੰਧਤ ਧਿਰਾਂ ਤੋਂ ਇਸ ਖਰੜੇ/ਤਜਵੀਜ਼ ਤੇ ਬਕਾਇਦਾ ਰਾਏ ਮੰਗਦੇ ਸਨ ਜਦੋਂ ਦੋਨੋਂ ਧਿਰਾਂ ਸਹਿਮਤੀ ਦਿੰਦੀਆਂ ਸਨ ਤਾਂ ਹੀ ਉਹ ਆਪਣੇ ਵਲੋਂ ਸਰਕਾਰੀ ਐਲਾਨ ਕਰਦੇ ਸਨ। ਮੁਲਕ ਦੀ ਵੰਡ ਕਰਨ ਵੇਲੇ ਇਹੀ ਤਰੀਕਾ-ਏ-ਕਾਰ ਅਮਲ ਵਿਚ ਲਿਆਂਦਾ ਗਿਆ।

ਆਓ ਦੇਖਦੇ ਹਾਂ ਕਿ ਇਹ ਅਮਲ ਕਿਵੇਂ ਸਿਰੇ ਚੜ੍ਹਿਆ ਅਤੇ ਕਿਹੜੀਆਂ ਕਿਹੜੀਆਂ ਘਟਨਾਵਾਂ ਨੇ ਵੰਡ ਨੂੰ ਰੋਕਣ ਲਈ ਸਾਰੇ ਰਾਹ ਬੰਦ ਕੀਤੇ ਅਤੇ ਸਭ ਤੋਂ ਵੱਡਾ ਮੁੱਦਾ ਇਹ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਜਾਂ ਜੋੜਿਆ?

1. ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਜਾਂ ਜੋੜਿਆ?: ਅੰਗਰੇਜ਼ਾਂ ਵਲੋਂ ਭਾਰਤ ਨੂੰ ਛੱਡਣ ਮੌਕੇ ਭਾਰਤ ਵਿਚ 562 ਰਿਆਸਤਾਂ ਮੌਜੂਦ ਸਨ ਭਾਵ ਕਿ ਹਿੰਦੁਸਤਾਨ ਵਿਚ 562 ਮੁਲਕ ਹੋਰ ਮੌਜੂਦ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਦੀ ਗਿਣਤੀ ਹੋਰ ਵੀ ਵਧ ਸੀ। ਬਹੁਤ ਸਾਰੀਆਂ ਰਿਆਸਤਾਂ ਨੂੰ ਅੰਗਰੇਜ਼ਾਂ ਨੇ ਜਿੱਤ ਕੇ ਸਿੱਧੇ ਤੌਰ ਤੇ ਆਪਣੇ ਰਾਜ ਵਿਚ ਮਿਲਾ ਲਿਆ, ਬਾਕੀਆਂ ਨਾਲ ਸਮਝੌਤੇ ਕਰਕੇ ਉਨ੍ਹਾਂ ਨੂੰ ਆਪਣੀ ਅਧੀਨਗੀ ਹੇਠ ਲਿਆਂਦਾ। ਰਿਆਸਤਾਂ 'ਤੇ ਵੱਡੀ ਸ਼ਰਤ ਇਹ ਸੀ ਕਿ ਉਹ ਆਪਣੀ ਕੋਈ ਬਹੁਤੀ ਫੌਜ ਨਹੀਂ ਸੀ ਰੱਖ ਸਕਦੇ। ਆਜ਼ਾਦ ਹਿੰਦੁਸਤਾਨ ਵਿਚ ਸਰਦਾਰ ਪਟੇਲ ਇਕੋ ਘੁਰਕੀ ਨਾਲ ਉਨ੍ਹਾਂ ਵਲੋਂ ਹਿੰਦੁਸਤਾਨ ਨਾਲ ਰਲੇਵੇਂ ਦੀ ਸਹਿਮਤੀ ਪਿਛੇ ਵੱਡਾ ਕਾਰਨ ਰਿਆਸਤਾਂ ਕੋਲ ਲੋੜੀਂਦੀ ਫੌਜ ਦੀ ਅਣਹੋਂਦ ਸੀ। ਬਾਕੀ ਜਿਹੜਾ ਖਿੱਤਾ ਹੁਣ ਪਾਕਿਸਤਾਨ ਜਾਂ ਬੰਗਲਾ ਦੇਸ਼ ਕੋਲ ਹੈ ਉਹ ਦਿੱਲੀ ਦੀਆਂ ਬਾਦਸ਼ਾਹੀਆਂ ਦੇ ਤਹਿਤ ਕਦੇ ਵੀ ਨਹੀਂ ਰਿਹਾ। ਜਦੋਂ ਕਿਸੇ ਗੱਲ ਦਾ ਤੱਤ ਕੁੱਲ ਮਿਲਾ ਕੇ ਕੱਢਿਆ ਜਾਂਦਾ ਹੈ ਤਾਂ ਉਸਦੇ ਵਾਧੂ ਜਾਂ ਘਾਟੂ ਤੱਥਾਂ ਦਾ ਜੋੜ ਕਰਕੇ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਅੰਗਰੇਜ਼ਾਂ ਵਲੋਂ ਹਿੰਦੁਸਤਾਨ ਦੇ ਦੋ ਟੋਟੇ ਕਰਨ ਨੂੰ ਜੇ ਘਾਟੂ ਤੱਥ ਵੀ ਮੰਨ ਲਈਏ ਤਾਂ ਸੈਂਕੜੇ ਮੁਲਕਾਂ (ਰਿਆਸਤਾਂ) ਨੂੰ ਜੋੜ ਕੇ ਇਕ ਤਾਕਤਵਰ ਮੁਲਕ ਦੀ ਕਾਇਮੀ ਨੂੰ ਵਾਧੂ ਤੱਥ ਜ਼ਰੂਰ ਮੰਨਣਾ ਪਊਗਾ। ਇਨ੍ਹਾਂ ਦੋਵਾਂ ਦਾ ਜੋੜ ਲਾ ਕੇ ਮੁਲਕ ਦੇ ਦੋ ਟੁਕੜੇ ਵਾਲੇ ਘਾਟੂ ਤੱਥ ਦਾ ਕੱਦ ਬਹੁਤ ਛੋਟਾ ਰਹਿ ਜਾਂਦਾ ਹੈ। ਉਹ ਕੁੱਲ ਮਿਲਾ ਕੇ ਵਾਲੇ ਫਾਰਮੂਲੇ ਮੁਤਾਬਕ ਅੰਗਰੇਜ਼ਾਂ ਨੇ ਭਾਰਤ ਨੂੰ ਤੋੜਿਆ ਨਹੀਂ ਬਲਕਿ ਜੋੜਿਆ ਹੈ।

2. ਕੀ ਅੰਗਰੇਜ਼ਾਂ 'ਤੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਦਾ ਦੋਸ਼ ਸਹੀ ਹੈ?: ਅੰਗਰੇਜ਼ਾਂ 'ਤੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਦਾ ਦੋਸ਼ ਅਕਸਰ ਲਾਇਆ ਜਾਂਦਾ ਹੈ। ਇਕ ਕਹਾਣੀ ਇਹ ਵੀ ਪ੍ਰਚਲਿਤ ਹੈ ਕਿ ਯੂਨੀਵਰਸਿਟੀ ਦੇ ਇਕ ਪੇਪਰ ਵਿਚ ਇਕ ਸਵਾਲ ਆਇਆ ਕਿ ਅੰਗਰੇਜ਼ਾਂ ਦੀ ਰਾਜ ਕਰਨ ਦੀ ਨੀਤੀ ਕੀ ਹੈ? ਤਾਂ 'ਪ੍ਰਸਿੱਧ ਦੇਸ਼ ਭਗਤ' ਲਾਲਾ ਹਰਦਿਆਲ ਨੇ ਸਿਰਫ ਇਸਦਾ ਉੱਤਰ ਦੋ ਸ਼ਬਦਾਂ ਵਿਚ ਇਓਂ ਦਿੱਤਾ 'ਡਿਵਾਇਡ ਐਂਡ ਰੂਲ' (ਪਾੜੋ ਅਤੇ ਰਾਜ ਕਰੋ)। ਹਾਲਾਂਕਿ ਇਹ ਕਹਾਣੀ ਵੱਲ ਕਦੇ ਕੋਈ ਹਵਾਲਾ ਨਹੀਂ ਦਿੱਤਾ ਜਾਂਦਾ ਕਿ ਇਹ ਗੱਲ ਕਦੋਂ ਅਤੇ ਕਿੱਥੇ ਹੋਈ ਜਾਂ ਇਹ ਬਕਾਇਦਾ ਕਿਹੜੀ ਕਿਤਾਬ ਵਿਚ ਲਿਖੀ ਲੱਭਦੀ ਹੈ। ਬਸ ਗਪੌੜ ਸੰਖ ਵਾਂਗੂੰ ਅੰਗਰੇਜ਼ਾਂ ਦੀ ਨਿੰਦਿਆ ਕਰਨ ਖਾਤਰ ਸੁਣਾਈ ਜਾਂਦੇ ਹਨ। ਪਾੜੋ ਤੇ ਰਾਜ ਕਰੋ ਵਾਲੀ ਨੀਤੀ ਦੇ ਹੱਕ ਵਿਚ ਅੱਜ ਤਕ ਸਿਰਫ ਦੋ ਦਲੀਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਇਹ ਅੰਗਰੇਜ਼ਾਂ ਦੇ ਰਾਜ ਵਿਚ ਰੇਲਵੇ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ ਦੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਅੱਡੋ ਅੱਡ ਘੜੇ ਰੱਖੇ ਹੁੰਦੇ ਸਨ, ਇਹਦੀ ਆੜ ਵਿਚ ਇਹ ਦੋਸ਼ ਲਾਇਆ ਜਾਂਦਾ ਹੈ ਕਿ ਇਹ ਹਿੰਦੁਸਤਾਨੀਆਂ ਨੂੰ ਪਾੜਣ ਵਾਲੀ ਗੱਲ ਸੀ। ਪਰ ਅਸਲੀਅਤ ਇਹ ਹੈ ਕਿ ਹਿੰਦੂ, ਮੁਸਲਮਾਨਾਂ ਨਾਲ ਖਾਣ-ਪੀਣ ਵੇਲੇ ਭਾਂਡੇ ਸਾਂਝੇ ਨਹੀਂ ਕਰਨਾ ਚਾਹੁੰਦੇ ਸਨ। ਹਿੰਦੂਆਂ ਦੀ ਮੰਗ ਸੀ ਕਿ ਉਨ੍ਹਾਂ ਦੇ ਘੜੇ ਵੱਖਰੇ ਰੱਖੇ ਜਾਣ। ਜੇ ਸਰਕਾਰ ਨੇ ਹਿੰਦੂਆਂ ਦੇ ਅਕੀਦੇ ਦਾ ਧਿਆਨ ਰੱਖਦਿਆਂ ਘੜੇ ਵੱਖਰੇ ਰੱਖ ਦਿੱਤੇ ਤਾਂ ਇਹਦੇ ਵਿਚ ਭਲਾ ਅੰਗਰੇਜ਼ਾਂ ਦਾ ਕੀ ਦੋਸ਼?

ਇਹ ਵੀ ਗੱਲ ਕਿਤੇ ਸਾਹਮਣੇ ਨਹੀਂ ਆਈ ਕਿ ਹਿੰਦੂਆਂ ਨੇ ਕਿਹਾ ਹੋਵੇ ਕਿ ਅਸੀਂ ਤਾਂ ਇਕੋ ਘੜੇ ਵਿਚ ਪਾਣੀ ਪੀਣਾ ਚਾਹੁੰਦੇ ਹਾਂ ਤੇ ਸਰਕਾਰ ਸਾਨੂੰ ਰੋਕਦੀ ਹੈ। ਇਥੋਂ ਤਕ ਕਿ ਉਦੋਂ ਕਾਂਗਰਸ ਪਾਰਟੀ ਦੇ ਸਾਰੇ ਜ਼ਿਲ੍ਹਾ ਪੱਧਰੀ ਦਫਤਰਾਂ ਤਕ ਵੀ ਹਿੰਦੂਆਂ ਤੇ ਮੁਸਲਮਾਨਾਂ ਲਈ ਵੱਖੋ-ਵੱਖਰੇ ਘੜੇ ਰੱਖੇ ਹੁੰਦੇ ਸਨ।

ਪਾੜੋ ਤੇ ਰਾਜ ਕਰੋ ਵਾਲੀ ਨੀਤੀ ਦੇ ਹੱਕ ਵਿਚ ਦੂਜਾ ਦੋਸ਼ ਇਹ ਲਾਇਆ ਜਾਂਦਾ ਹੈ ਕਿ ਅੰਗਰੇਜ਼ ਮੁਸਲਮਾਨਾਂ ਨੂੰ ਹਿੰਦੂਆਂ ਨਾਲ ਵੱਖਰੇ ਹੋਣ ਲਈ ਉਕਸਾਉਂਦੇ ਹਨ। ਚੋਣਾਂ ਵਿਚ ਮੁਸਲਮਾਨਾਂ ਨੂੰ ਵੱਖਰੀ ਨੁਮਾਇੰਦਗੀ ਦੇਣ ਲਈ ਅੰਗਰੇਜ਼ਾਂ 'ਤੇ ਇਹ ਦੋਸ਼ ਮੜ੍ਹਿਆ ਜਾਂਦਾ ਹੈ ਕਿ ਇਸ ਤਰ੍ਹਾਂ ਮੁਸਲਮਾਨਾਂ ਨਾਲ ਵੱਖਰੇ ਹੋਣ ਦਾ ਉਤਸ਼ਾਹ ਮਿਲਿਆ। ਹਾਲਾਂਕਿ ਮੁਸਲਮਾਨਾਂ ਵਲੋਂ ਇਹ ਮੰਗ ਬੜੀ ਚਿਰ ਤੋਂ ਕੀਤੀ ਜਾ ਰਹੀ ਸੀ ਕਿ ਸਾਂਝੇ ਚੋਣ ਖੇਤਰਾਂ ਵਿਚ ਮੁਸਲਮਾਨ ਆਪਣੀਆਂ ਵੋਟਾਂ ਦੇ ਲਿਹਾਜ ਨਾਲ ਸੀਟਾਂ ਨਹੀਂ ਜਿੱਤ ਸਕਦੇ। ਇਹ ਮੰਗ 1928 ਵਿਚ ਮੰਨੀ ਗਈ। ਜਿਸ ਵਿਚ ਵੋਟਾਂ ਦੇ ਲਿਹਾਜ ਨਾਲ ਮੁਸਲਮਾਨ ਸੀਟਾਂ ਦੀ ਗਿਣਤੀ ਮੁਕੱਰਰ ਕਰ ਦਿੱਤੀ ਗਈ। ਮੁਸਲਮਾਨ ਚੋਣ ਖੇਤਰ ਵਿਚ ਸਿਰਫ ਮੁਸਲਮਾਨ ਹੀ ਚੋਣ ਲੜ ਸਕਦਾ ਸੀ ਤੇ ਮੁਸਲਮਾਨ ਹੀ ਵੋਟ ਪਾ ਸਕਦਾ ਸੀ। ਇਸ ਤਰ੍ਹਾਂ ਦਾ ਹੱਕ ਨਾਲੋਂ ਨਾਲ ਸਿੱਖਾਂ ਅਤੇ ਦਲਿਤਾਂ ਨੂੰ ਵੀ ਮਿਲਿਆ। ਇਸ ਨਾਲ ਇਹ ਸੰਭਵ ਵੀ ਨਹੀਂ ਸੀ ਕਿ ਮੁਸਲਮਾਨਾਂ ਦੀ ਕੋਈ ਨੁਮਾਇੰਦਾ ਪਾਰਟੀ ਮੁਸਲਮਾਨ ਵੋਟਾਂ ਦੀ ਅਨੁਪਾਤ ਨਾਲ ਵੱਧ ਸੀਟਾਂ ਜਿੱਤ ਸਕਦੀ। ਇਸ ਦਾ ਸਿੱਧਾ ਮਤਲਬ ਇਹ ਹੋਇਆ ਕਿ ਗੱਲ ਇਹ ਨਹੀਂ ਸੀ ਕਿ ਇਸ ਨਾਲ ਮੁਸਲਮਾਨਾਂ ਵਿਚ ਵੱਖਰੇਵੇਂ ਦੀ ਸਪਿਰਟ ਪੈਦਾ ਹੁੰਦੀ ਹੈ ਬਲਕਿ ਤਕਲੀਫ ਇਹ ਸੀ ਕਿ ਇਕ ਤਾਂ ਮੁਸਲਮਾਨ ਆਪਣੀ ਵੋਟਾਂ ਦੇ ਅਨੁਪਾਤ ਨਾਲੋਂ ਘੱਟ ਸੀਟਾਂ ਨਹੀਂ ਸਨ ਲਿਜਾ ਸਕਦੇ ਤੇ ਦੂਜਾ ਸਿਰਫ ਮੁਸਲਮਾਨਾਂ ਦੀਆਂ ਵੋਟਾਂ ਨਾਲ ਜਿੱਤੇ ਬੰਦੇ ਨੇ ਮੁਸਲਮਾਨਾਂ ਦੀ ਸੋਚ ਦੀ ਨੁਮਾਇੰਦਗੀ ਕਰਨੀ ਸੀ। ਜਿਸ ਕਰਕੇ ਕਾਂਗਰਸ ਇਸ ਵਿਚ ਕੁਝ ਵੀ ਗਲਤ ਨਹੀਂ ਜਾਪਦਾ ਕਿਉਂਕਿ ਆਜ਼ਾਦ ਭਾਰਤ ਵਿਚ ਵੀ ਦਲਿਤਾਂ ਅਤੇ ਕਬੀਲਿਆਂ ਨੂੰ ਇਸੇ ਹਿਸਾਬ ਨਾਲ ਰਾਖਵਾਂਕਰਨ ਦਿੱਤੀ ਹੋਈ ਹੈ। ਕਿਉਂਕਿ ਉਸ ਵੇਲੇ ਸਿੱਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ, ਕਾਂਗਰਸ ਨਾਲ ਮਿਲ ਕੇ ਚਲਦੀ ਸੀ, ਇਸ ਲਈ ਸਿੱਖਾਂ ਲਈ ਸੀਟਾਂ ਰਾਖਵੀਂ ਕਰਨ ਦੇ ਦੋਸ਼ ਨੂੰ ਪਾੜੋ ਰਾਜ ਕਰੋ ਵਾਲੀ ਦਲੀਲ ਦੇ ਹੱਕ ਵਿਚ ਨਹੀਂ ਭੁਗਤਾਇਆ ਤੇ ਨਾ ਹੀ ਦਲਿਤਾਂ ਵਾਲੀ ਰਾਖਵਾਂਕਰਨ ਅੰਗਰੇਜ਼ਾਂ ਨੂੰ। ਅੰਗਰੇਜ਼ਾਂ ਨੇ ਮੁਲਕ ਵਾਸੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਵੋਟਾਂ ਰਾਹੀਂ ਖੁਦ ਸਰਕਾਰਾਂ ਚੁਣਨ ਵਾਲੇ ਕਾਨੂੰਨ ਬਣਾਏ।

-ਚੱਲਦਾ

# ਗੁਰੂ ਦੀ ਬੇਅਦਬੀ ਦਾ ਕਲੰਕ ਲੱਗਣ ਤੋਂ ਬਾਅਦ ਬਾਦਲਾਂ ਦਾ ਸਿੰਘਾਸਨ ਡੋਲਿਆ

ਪੰਜਾਬ ਦੀ ਰਾਜਨੀਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿਚ ਬਾਦਲ ਪਰਿਵਾਰ ਤੇ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਘਿਰ ਕੇ ਰਹਿ ਗਿਆ ਹੈ। ਅੰਦਰਖਾਤੇ ਬਾਦਲ ਪਰਿਵਾਰ ਵਿਰੋਧੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਾਂਭੇ ਹੋਣ ਦਾ ਮਸ਼ਵਰਾ ਦੇਣ ਤੋਂ ਬਾਅਦ ਇਹ ਚਰਚਾ ਵੀ ਛਿੜ ਗਈ ਹੈ ਕਿ ਹੁਣ ਬਾਦਲ ਪਰਿਵਾਰ ਆਪਣੀ ਚਮੜੀ ਬਚਾਉਣ ਲਈ ਜਥੇਦਾਰ ਅਕਾਲ ਤਖਤ ਦੇ ਅਸਤੀਫੇ ਦੀ ਚਾਲ ਖੇਡੇਗਾ। ਉਂਝ ਹਾਲਾਤ ਇਹ ਹਨ ਕਿ ਇਸ ਵੇਲੇ ਬਾਦਲ ਦਲੀਏ ਜੋ ਵੀ ਸਿਆਸੀ ਚਾਲ ਚੱਲਦੇ ਹਨ, ਉਹ ਹੀ ਪੁੱਠੀ ਪੈ ਜਾਂਦੀ ਹੈ। ਪਹਿਲਾਂ ਵਿਧਾਨ ਸਭਾ ਵਿਚ ਬੇਅਦਬੀ ਮਾਮਲੇ ਦੀ ਜਾਂਚ ਰਿਪੋਰਟ ਉਤੇ ਹੋਈ ਬਹਿਸ ਵਿਚੋਂ ਭੱਜਣ ਦੀ ਰਣਨੀਤੀ ਮਹਿੰਗੀ ਪਈ, ਹੁਣ ਸ. ਢੀਂਡਸਾ ਦਾ ਨਵੀਂ ਰਣਨੀਤੀ ਤਹਿਤ ਦਿੱਤਾ ਬਿਆਨ ਵੀ ਪੁੱਠਾ ਪੈ ਰਿਹਾ ਹੈ। ਅਕਾਲੀ ਦਲ ਦੇ ਹੋਰਨਾਂ ਆਗੂਆਂ ਨੇ ਵੀ ਅਕਾਲੀ ਦਲ ਦੀ ਉਚ ਲੀਡਰਸ਼ਿਪ ਖਿਲਾਫ ਸੁਰ ਕੱਢਣੇ ਸ਼ੁਰੂ ਕਰ ਦਿੱਤੇ ਹਨ। ਅਕਾਲੀ ਦਲ ਦੇ ਅੱਧੀ ਦਰਜਨ ਨੇਤਾਵਾਂ ਨਾਲ ਗੱਲਬਾਤ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ ਕਿ ਪਾਰਟੀ ਅੰਦਰ ਦੂਜੀ ਕਤਾਰ ਦੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤਾਂ ਦੀ ਵੱਕਾਰ ਬਹਾਲੀ ਸਮੇਂ ਦੀ ਲੋੜ ਹੈ। ਸਿਆਸੀ ਮਾਹਰਾਂ ਮੁਤਾਬਕ ਇਸ ਨਾਜ਼ੁਕ ਮੋੜ ਉਤੇ ਅਕਾਲੀ ਲੀਡਰਸ਼ਿਪ 'ਚ ਬਾਗੀ ਸੁਰਾਂ ਦਾ ਉਠਣਾ ਬਾਦਲਾਂ ਲਈ ਖਤਰੇ ਦੀ ਘੰਟੀ ਹੈ।

ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਹੋਈ ਬਹਿਸ ਤੋਂ ਬਾਅਦ ਬਾਦਲ ਪਰਿਵਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਕੁਝ ਹੀ ਸਾਲਾਂ ਵਿਚ ਬੇਤਹਾਸ਼ਾ ਵਧੀ ਜਾਇਦਾਦ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਸੋਸ਼ਲ ਮੀਡੀਆ ਉਤੇ ਲੋਕ ਜਥੇਦਾਰ ਗੁਰਬਚਨ ਸਿੰਘ ਵੱਲੋਂ ਬੀਤੇ ਵਿਚ ਸਿਰਸੇਵਾਲੇ ਨੂੰ ਦਿੱਤੀ ਗਈ ਕਥਿਤ ਮੁਆਫੀ ਦਾ ਮੁੱਲ ਪਾ ਰਹੇ ਹਨ।

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਸੁਖਬੀਰ ਬਾਦਲ, ਬਿਕਰਮ ਮਜੀਠੀਆ 'ਤੇ ਜੰਮ ਕੇ ਵਰ੍ਹਦਿਆਂ ਕਿਹਾ ਕਿ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਦੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਲੁੱਟਿਆ ਗਿਆ ਹੈ ਤੇ ਭ੍ਰਿਸ਼ਟਾਚਾਰ ਨਾਲ ਅਰਬਾਂ ਰੁਪਏ ਦੀ ਜਾਇਦਾਦ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਹੋਟਲਾਂ ਤੋਂ ਲੈ ਕੇ ਲਗਜ਼ਰੀ ਕਾਰਾਂ ਤੇ ਹੈਲੀਕਾਪਟਰਾਂ ਦੇ ਮਾਲਕ ਕਿਵੇਂ ਬਣ ਗਏ? ਇਸ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਦਾਦੂਵਾਲ ਨੇ ਕਿਹਾ ਕਿ ਜਥੇਦਾਰ ਗੁਰਬਚਨ ਸਿੰਘ ਦੀ ਵੀ ਜਾਂਚ ਹੋਣੀ ਚਾਹੀਦੀ ਜੋ ਇਕ ਬਰਛਾ ਫੜ ਕੇ ਸੇਵਦਾਰ ਵਜੋਂ ਭਰਤੀ ਹੋਇਆ ਸੀ, ਅੱਜ ਕਿਵੇਂ ਮੁਕਤਸਰ ਸ਼ਹਿਰ ਵਿਚ ਤਿੰਨ ਤਾਰਾ ਹੋਟਲ ਦਾ ਮਾਲਕ ਬਣ ਗਿਆ?

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਵਿਚ ਬਹਿਸ ਦੌਰਾਨ ਬੋਲਦਿਆਂ ਕਾਂਗਰਸ ਦੇ ਪੱਟੀ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਲੱਗਣ ਤੋਂ ਪਹਿਲਾਂ ਗਿਆਨੀ ਗੁਰਬਚਨ ਸਿੰਘ ਇਕ ਆਮ ਗਰੀਬ ਸਿੱਖ ਸੀ ਪਰ ਬਾਅਦ ਵਿਚ ਬਾਦਲਾਂ ਨੇ ਉਨ੍ਹਾਂ ਦੇ ਲੜਕੇ ਨੂੰ ਮਾਰਕੀਟ ਕਮੇਟੀ ਦਾ ਚੇਅਰਮੈਨ ਲਗਾ ਦਿੱਤਾ ਤੇ ਪੰਜਾਬ ਦੀਆਂ ਪਸ਼ੂ ਮੰਡੀਆਂ ਦੇ ਠੇਕੇ ਵੀ ਅਸਿੱਧੇ ਤੌਰ 'ਤੇ ਦਿੱਤੇ ਗਏ।

ਸੂਬੇ ਦੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹਿਣ ਮਗਰੋਂ ਪਾਰਟੀ ਲਈ ਸਿਆਸੀ ਮੁਸ਼ਕਿਲਾਂ ਹੀ ਮੂੰਹ ਅੱਡੀ ਨਹੀਂ ਖੜ੍ਹੀਆਂ ਸਗੋਂ ਧਾਰਮਿਕ ਖੇਤਰ ਵਿੱਚ ਵੀ ਚੁਣੌਤੀਆਂ ਮਿਲ ਰਹੀਆਂ ਹਨ। ਪੰਜਾਬ ਵਿਧਾਨ ਸਭਾ ਦੇ ਹਾਲੀਆ ਸੈਸ਼ਨ ਵਿੱਚ ਹੋਈ ਬਹਿਸ ਤੋਂ ਬਾਅਦ ਪਾਰਟੀ ਵਿੱਚ ਸੁਧਾਰਾਂ ਦੀ ਗੱਲ ਵੀ ਉਠਣ ਲੱਗੀ ਹੈ।

ਇੱਕ ਸੀਨੀਅਰ ਅਕਾਲੀ ਨੇਤਾ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਡੇਰਾ ਮੁਖੀ ਨੂੰ ਮੁਆਫ਼ੀ ਦਾ ਮਾਮਲਾ ਭਖਣ ਤੋਂ ਬਾਅਦ ਹੀ ਜਥੇਦਾਰਾਂ ਨੂੰ ਬਦਲਣ ਦਾ ਮਾਮਲਾ ਪਾਰਟੀ ਵੱਲੋਂ ਵਿਚਾਰਿਆ ਜਾਣ ਲੱਗਾ ਸੀ ਪਰ ਰਾਜਸੀ ਹਾਲਾਤ ਦੇ ਮੱਦੇਨਜ਼ਰ ਪਾਰਟੀ ਵੱਲੋਂ ਇਹ ਫੈਸਲਾ ਨਹੀਂ ਸੀ ਲਿਆ ਜਾ ਸਕਿਆ ਪਰ ਹੁਣ ਫੈਸਲਾ ਲੈ ਣਾ



ਚਾਹੀਦਾ ਹੈ। ਇਕ ਅਕਾਲੀ ਆਗੂ ਦਾ ਇਹ ਵੀ ਕਹਿਣਾ ਹੈ ਕਿ ਧਾਰਮਿਕ ਖੇਤਰ ਦੀ ਕੋਈ ਕੱਦਾਵਰ ਸ਼ਖ਼ਸੀਅਤਾਂ ਦਾ ਖ਼ਲਾਅ ਹੋਣ ਕਾਰਨ ਵੀ ਜਥੇਦਾਰ ਬਦਲਿਆ ਨਹੀਂ ਜਾ ਸਕਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਆਸੀ ਸਥਿਤੀ ਦੇ ਟਾਕਰੇ ਲਈ ਭਾਵੇਂ ਰੈਲੀਆਂ ਅਤੇ ਕਾਂਗਰਸੀ ਖਿਲਾਫ਼ ਪ੍ਰਦਰਸ਼ਨਾਂ ਦਾ ਆਸਰਾ ਲਿਆ ਜਾ ਰਿਹਾ ਹੈ ਪਰ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਇਸ ਪਾਰਟੀ ਦੀਆਂ ਸਰਗਰਮੀਆਂ ਵਧਦੀਆਂ ਜਾ ਰਹੀਆਂ ਹਨ।

ਨਵੰਬਰ ਮਹੀਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਹੋਣੀ ਹੈ। ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਬਾਰੇ ਕਹਿਣਾ ਹੈ ਕਿ ਭਾਈ ਲੌਂਗੋਵਾਲ ਧਾਰਮਿਕ ਖੇਤਰ ਵਿੱਚ ਕੋਈ ਵੱਡਾ ਪ੍ਰਭਾਵ ਨਹੀਂ ਛੱਡ ਸਕੇ। ਇਸ ਲਈ ਸਿੱਖਾਂ ਦਾ ਇਸ ਸਿਰਮੌਰ ਸੰਸਥਾ ਦੇ ਪ੍ਰਧਾਨ ਦੀ ਕੁਰਸੀ ਲਈ ਹੁਣੇ ਤੋਂ ਲਾਮਬੰਦੀ ਸ਼ੁਰੂ ਹੋਣੀ ਸ਼ੁਰੂ ਹੋ ਗਈ ਹੈ। ਮਾਝੇ ਦੇ ਕੁੱਝ ਆਗੂਆਂ ਨੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਵੇਂ ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਸਿਆਸੀ ਫੈਸਲੇ ਸਮੂਹ ਨੇਤਾਵਾਂ ਦੀ ਸਹਿਮਤੀ ਨਾਲ ਹੀ ਲਏ ਜਾਂਦੇ ਹਨ ਜਦਕਿ ਸੀਨੀਅਰ ਅਕਾਲੀ ਨੇਤਾਵਾਂ ਦਾ ਕਹਿਣਾ ਹੈ ਕਿ ਪਾਰਟੀ 'ਤੇ ਪੂਰੀ ਤਰ੍ਹਾਂ ਕੰਟਰੋਲ ਬਾਦਲ ਪਰਿਵਾਰ ਦਾ ਹੀ ਹੈ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਸਿਹਰਾ ਪੂਰੀ ਤਰ੍ਹਾਂ ਸੁਖਬੀਰ ਸਿੰਘ ਬਾਦਲ ਦੇ ਸਿਰ ਬੱਝਣ ਤੋਂ ਬਾਅਦ ਇਹ ਮੰਨਿਆ ਜਾਂਦਾ ਸੀ ਕਿ ਪਾਰਟੀ ਅਤੇ ਸਰਕਾਰ ਉਪਰ ਸੁਖਬੀਰ ਸਿੰਘ ਬਾਦਲ ਦਾ ਹੀ ਕੰਟਰੋਲ ਹੈ। ਇਸ ਤੋਂ ਬਾਅਦ ਅਜਿਹਾ ਦੌਰ ਆਇਆ ਜਦੋਂ ਪਾਰਟੀ ਨੂੰ ਚੁਣੌਤੀਆਂ ਘੇਰਨ ਲੱਗੀਆਂ। ਸਾਲ 2014 ਵਿੱਚ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੂੰ ਸਿਆਸੀ ਸੰਕਟ ਨੇ ਦਸਤਕ ਦੇ ਦਿੱਤੀ ਸੀ ਪਰ ਇਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਉਸ ਤੋਂ ਬਾਅਦ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾਂ ਤੋਂ ਬਾਅਦ ਹੀ ਅਕਾਲੀ ਦਲ ਨੇ ਸਿਆਸੀ ਤੌਰ 'ਤੇ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਨਾ ਲਾਇਆ।

ਖਬਰਾਂ ਹਨ ਕਿ ਅਕਾਲੀ ਨੇਤਾ ਜਨਤਕ ਤੌਰ 'ਤੇ ਵਿਚਰਨ ਤੋਂ ਪਾਸਾ ਵੱਟ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਇੱਕ ਅਕਾਲੀ ਨੇਤਾ ਨੇ ਕੈਨੇਡਾ ਵਿਚ ਪਿਛਲੇ ਦਿਨਾਂ ਦੌਰਾਨ ਹੋਏ ਕਬੱਡੀ ਕੱਪ ਵਿੱਚ ਸ਼ਮੂਲੀਅਤ ਕਰਨ ਤੋਂ ਨਾਂਹ ਕਰ ਦਿੱਤੀ। ਸੂਤਰਾਂ ਦਾ ਦੱਸਣਾ ਹੈ ਕਿ ਇਹ ਅਕਾਲੀ ਨੇਤਾ ਜੋ ਕਿ ਕੈਨੇਡਾ ਦੇ ਦੌਰੇ 'ਤੇ ਗਿਆ ਹੋਇਆ ਹੈ, ਨੂੰ ਟੂਰਨਾਮੈਂਟ ਦੇ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਸੱਦਾ ਦੇਣ ਲਈ ਗਏ ਤਾਂ ਉਸ ਨੂੰ ਸਪੱਸ਼ਟ ਤੌਰ 'ਤੇ ਨਾਂਹ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਅਕਾਲੀ ਨੇਤਾਵਾਂ ਦਾ ਜਨਤਕ ਤੌਰ 'ਤੇ ਘੁੰਮਣਾ ਸੁਖਾਵਾਂ ਨਹੀਂ ਰਿਹਾ, ਇਸ ਲਈ ਉਹ ਨਹੀਂ ਆ ਸਕਦਾ। ਇਸ ਮਾਮਲੇ ਦੀ ਅਨਾਊਂਸਮੈਂਟ ਪ੍ਰਬੰਧਕਾਂ ਨੇ ਜਨਤਕ ਤੌਰ 'ਤੇ ਕੀਤੀ।

ਪੰਜਾਬ ਵਿਧਾਨ ਸਭਾ ਵਿਚ ਬੇਅਦਬੀ ਮਾਮਲਿਆਂ ਦੀ ਪੜਤਾਲੀਆ ਰਿਪੋਰਟ 'ਤੇ ਬਹਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਡੇ ਰਾਜਸੀ ਸੰਕਟ ਵਿਚ ਘਿਰਿਆ ਦਿਖਾਈ ਦੇ ਰਿਹਾ ਹੈ। ਦਲ ਦੀ ਕੋਰ ਕਮੇਟੀ ਨੇ ਨਵੇਂ ਉਪਜੇ ਸੰਕਟ ਵਿੱਚੋਂ ਨਿਕਲਣ ਲਈ ਮੀਟਿੰਗ ਕੀਤੀ। ਮੀਟਿੰਗ ਦੌਰਾਨ ਬਰਗਾੜੀ ਕਾਂਡ ਦੀਆਂ ਰਿਪੋਰਟ ਜਨਤਕ ਹੋਣ ਅਤੇ ਬਹਿਸ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਅਕਾਲੀ ਆਗੂਆਂ ਖਾਸ ਕਰ ਬਾਦਲਾਂ ਨੂੰ ਨਿਸ਼ਾਨਾ ਬਣਾਉਣ ਦਾ ਮਾਮਲਾ ਵਿਚਾਰਿਆ ਗਿਆ। ਸੂਤਰਾਂ ਦਾ ਦੱਸਣਾ ਹੈ ਕਿ ਕੋਰ ਕਮੇਟੀ ਦੇ ਕੁਝ ਮੈਂਬਰਾਂ ਨੇ ਜਦੋਂ ਤਾਜ਼ਾ ਘਟਨਾਕ੍ਰਮ ਕਾਰਨ ਪਾਰਟੀ ਨੂੰ ਸਿਆਸੀ ਤੌਰ 'ਤੇ ਨੁਕਸਾਨ ਹੋਣ ਦੀ ਗੱਲ ਕਹੀ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨੁਕਸਾਨ ਹੋਣ ਦੇ ਖ਼ਦਸ਼ਿਆਂ ਨੂੰ ਖਾਰਜ ਕਰਦਿਆਂ ਕਿਹਾ, "ਮੈਂ ਰੋਜ਼ਾਨਾ ਸਰਵੇ ਕਰਵਾਉਂਦਾ ਹਾਂ, ਬਹਿਸ ਤੋਂ ਬਾਅਦ ਅਕਾਲੀ ਦਲ ਦਾ ਕੋਈ ਨੁਕਸਾਨ ਨਹੀਂ ਹੋਣਾ।"

ਪਾਰਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸੇਵਾ ਸਿੰਘ ਸੇਖਵਾਂ, ਜਥੇਦਾਰ ਤੋਤਾ ਸਿੰਘ ਆਦਿ ਨੇ ਸਿਆਸੀ ਤੌਰ 'ਤੇ ਪਾਰਟੀ ਨੂੰ ਸੰਕਟ ਹੋਣ ਦੀ ਗੱਲ ਕਹੀ। ਇਸੇ ਦੌਰਾਨ ਬੀਬੀ ਜਗੀਰ ਕੌਰ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਸ਼ਰਨਜੀਤ ਢਿੱਲੋਂ ਆਦਿ ਨੇ ਸੁਖਬੀਰ ਸਿੰਘ ਬਾਦਲ ਦੀ ਸੁਰ ਵਿਚ ਸੁਰ ਮਿਲਾਈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਹਿਜ਼ ਇਹੀ ਕਿਹਾ ਕਿ ਮੇਰੇ ਉਪਰ ਝੂਠੇ ਦੋਸ਼ ਲਾਏ ਗਏ ਹਨ।

ਸੂਤਰਾਂ ਮੁਤਾਬਕ ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਜਨਤਕ ਹੋਣ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਪਾਰਟੀਆਂ ਦੇ ਹਮਲਿਆਂ ਤੋਂ ਬਾਅਦ ਜੋ ਸਿਆਸੀ ਸਥਿਤੀ ਪੈਦਾ ਹੋਈ ਹੈ, ਉਸ 'ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਕੁਝ ਹੋਰਨਾਂ ਮੈਂਬਰਾਂ ਨੇ ਜਦੋਂ ਇਸੇ ਸੁਰ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਪਾਰਟੀ ਪ੍ਰਧਾਨ ਨੇ ਅਫ਼ਵਾਹਾਂ ਨੂੰ ਰੱਦ ਕਰਨ ਦੀ ਸਲਾਹ ਦਿੱਤੀ ਤੇ ਹਲਕਾ ਜਥੇਦਾਰਾਂ ਨੂੰ ਕਿਹਾ ਕਿ ਸਰਕਾਰ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤਾ ਜਾਵੇ। ਉਧਰ ਸੀਨੀਅਰ ਆਗੂਆਂ ਨੇ ਕਿਹਾ ਕਿ ਸੂਬੇ ਵਿਚ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਐਨ ਸਿਰ 'ਤੇ ਹੋਣ ਕਾਰਨ ਤਾਜ਼ਾ ਹਾਲਾਤ ਪਾਰਟੀ ਲਈ ਜ਼ਿਆਦਾ ਘਾਤਕ ਮੰਨੇ ਜਾ ਰਹੇ ਹਨ।

ਹਾਲ ਹੀ 'ਚ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਰੋਸ ਵਿਖਾਵੇ ਕੀਤੇ ਗਏ ਹਨ। ਹੁਣ ਸਿੱਖ ਜਥੇਬੰਦੀਆਂ ਵੱਲੋਂ ਅਕਾਲੀ ਦਲ ਨੂੰ ਘੇਰਿਆ ਜਾ ਰਿਹਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁਨਾਂ ਵੱਲ ਪੁਤਲੇ ਸਾੜੇ ਜਾ ਰਹੇ ਹਨ । ਪ੍ਰਦਰਸ਼ਨਕਾਰੀਆਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀਆਂ ਤਸਵੀਰਾਂ ਹੱਥਾਂ ਵਿੱਚ ਫੜੀਆਂ ਹੁੰਦੀਆਂ ਹਨ, ਜਿਨ੍ਹਾਂ 'ਤੇ 'ਪੰਥ' ਦੇ ਗਦਾਰ ਲਿਖਿਆ ਹੋਇਆ ਹੁੰਦਾ ਹੈ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਬਾਦਲਾਂ ਦਾ ਪੰਥਕ ਬਾਈਕਾਟ ਕਰਨ, ਜਿਨ੍ਹਾਂ ਦੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸ਼ਰਧਾਲੂਆਂ 'ਤੇ ਗੋਲੀ ਚਲਾਈ ਗਈ।

# ਕੀ ਸਿੱਖ ਸੰਗਤ 'ਚ ਵਧਦਾ ਰੋਸ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਠੱਲ ਸਕੇਗੀ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਘਟਨਾਵਾਂ ਤੇ ਗੋਲੀਕਾਂਡ ਸਬੰਧੀ ਜਸਟਿਸ ਰਣਜੀਤ ਸਿੰਘ ਵੱਲੋਂ ਕਾਂਗਰਸ ਸਰਕਾਰ ਕੋਲ ਪੇਸ਼ ਕੀਤੀ ਗਈ ਰਿਪੋਰਟ ਨਾਲ ਹੋਏ ਖੁਲਾਸਿਆਂ ਵਿਚ ਜੱਗ ਜਾਹਿਰ ਹੋਣ ਪਿਛੋਂ ਅਕਾਲੀਦਲ ਦੀ ਲੀਡਰਸ਼ਿਪ ਇਕ ਵਾਰ ਸਿੱਖ ਸਮਾਜ ਦੀਆਂ ਨਜ਼ਰਾਂ ਵਿਚ ਛਿੱਥੀ ਪਈ ਨਜ਼ਰ ਆ ਰਹੀ ਹੈ। ਵਿਧਾਨ ਸਭਾ ਵਿਚ ਪੜੀ ਗਈ ਜਸਟਿਸ ਰਣਜੀਤ ਸਿੰਘ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਦੇ ਤਹਿਤ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਜਿਸ ਵਿਉਂਤਬੰਦੀ ਨਾਲ ਦੋਵੇਂ ਬਾਦਲਾਂ ਨੂੰ ਇੰਨ੍ਹਾਂ ਮਾਮਲਿਆਂ 'ਚ ਲਪੇਟਿਆ ਕੇ ਇੱਕ ਵਾਰ ਤਾਂ ਅਕਾਲੀਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਕੇ ਰੱਖ ਦਿੱਤੀ ਹੈ। ਪਿਛਲੇ ਮਹੀਨੇ ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਕੁਝ ਹਿੱਸੇ ਨੂੰ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾ ਹੀ ਬਾਹਰ ਆ ਗਏ ਸਨ,ਉਸ ਸਮੇਂ ਤੋਂ ਵੀ ਅਕਾਲੀ ਲੀਡਰਸ਼ਿਪ ਆਪਣੇ ਤੇ ਆਉਣ ਵਾਲੇ ਵਿਰੋਧ ਨੂੰ ਭਾਂਪ ਰਹੀ ਸੀ ਪਰ ਸੁਖਬੀਰ ਬਾਦਲ ਅਤੇ ਉਸਦੇ ਜੋਟੀਦਾਰਾਂ ਵੱਲੋਂ ਸੀਨੀਅਰ ਅਕਾਲੀ ਲੀਡਰਸ਼ਿਪ ਦੇ ਮਸਵਰਿਆਂ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਹੀ ਅੰਦਾਜ਼ ਵਿਚ ਅਜਿਹੇ ਹਮਲੇ ਨੂੰ ਠੱਲਣ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਗਈਆਂ। ਇੰਨ੍ਹਾਂ ਦਿਨਾਂ ਦੌਰਾਨ ਸਿੱਖ ਸਮਾਜ ਅੰਦਰ ਅਕਾਲੀਦਲ ਪ੍ਰਤੀ ਕਿਰਕਰੀ ਸਾਰੀਆਂ ਹੱਦਾਂ ਬੰਨੇ ਟੱਪ ਗਈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਉਪਰ ਅਮਰੀਕਾ ਵਿਚ ਹੋਏ ਹਮਲੇ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਉਸਦੇ ਭਰਾ ਬਿਕਰਮਜੀਤ ਸਿੰਘ ਮਜੀਠੀਆਂ ਨੂੰ ਸਿੱਖ ਸੰਗਤ ਵੱਲੋਂ ਇਕ ਧਾਰਮਿਕ ਸਮਾਗਮ ਵਿਚ ਜਾਣ ਤੋਂ ਰੋਕਣ ਦੀਆਂ ਘਟਨਾਵਾਂ ਨੂੰ ਇਸੇ ਰੋਸ਼ਨੀ ਵਿਚ ਵੇਖ ਰਹੇ ਹਨ। ਦੂਸਰੇ ਪਾਸੇ ਇਸ ਸਮੇਂ ਦੌਰਾਨ ਪੰਥਕ ਜਥੇਬੰਦੀਆਂ ਵੱਲੋਂ ਬਰਗਾੜੀ ਵਿਚ ਠੰਡੇ ਚੱਲ ਰਹੇ ਮੋਰਚੇ ਨੂੰ ਇਕ ਦਮ ਅਜਿਹੀ ਜਨਤਕ ਹਮਾਇਤ ਮਿਲੀ ਕਿ ਸੂਬੇ ਦੇ ਹਰ ਹਿੱਸੇ ਵਿਚੋਂ ਸਿੱਖ ਸੰਗਤ ਦੇ ਵੱਡੇ ਕਾਫਲੇ ਇਸ ਮੁਹਿੰਮ ਦਾ ਹਿੱਸਾ ਬਣਨ ਲੱਗੇ ਤਾਂ ਇਸ ਨੇ ਅਕਾਲੀ ਲੀਡਰਸ਼ਿਪ ਦੀ ਚਿੰਤਾ ਹੋਰ ਵੀ ਵਧਾਅ ਦਿਤੀ। ਜਦੋਂ ਅਜਿਹੀਆਂ ਹਾਲਤਾਂ ਵਿਚ ਗੇਮ ਸੁਖਬੀਰ ਬਾਦਲ ਅਤੇ ਉਸਦੇ ਜੋਟੀਦਾਰਾਂ ਦੇ ਹੱਥੋ ਨਿਕਲ ਗਈ ਅਤੇ ਅਕਾਲੀਦਲ ਦੀ ਹਾਲਤ ਪਾਣੀ ਤੋਂ ਵੀ ਪਤਲੀ ਹੋਣ ਲੱਗੀ ਤਾਂ ਵੱਡੇ ਬਾਦਲ ਸਾਹਿਬ ਨੇ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਅੱਗੇ ਆ ਕੇ ਇਸ ਔਖੀ ਘੜੀ 'ਚ ਮੋਰਚਾ ਸੰਭਾਲਣ ਦੀ ਬੇਨਤੀ ਕੀਤੀ ਤਾਂ ਕਿਤੇ ਜਾ ਕੇ ਵੱਡੇ ਬਾਦਲ ਸਾਹਿਬ ਨਾਲ ਹੋਰ ਲੀਡਰ ਮੈਦਾਨ ਵਿਚ ਆਏ। ਜਦੋਂ ਦੋਵੇਂ ਸਾਲਾ-ਭਣੇਈਆ ਇਹ ਲੜਾਈ ਇਕੱਲੇ ਲੜ ਰਹੇ ਸਨ ਤਾਂ ਆਮ ਲੋਕਾਂ ਵਿਚ ਇਹ ਪ੍ਰਭਾਵ ਜਾ ਰਿਹਾ ਸੀ ਕਿ ਸੀਨੀਅਰ ਅਕਾਲੀ ਲੀਡਰਸ਼ਿਪ ਅਜਿਹੇ ਮੌਕੇ ਨੂੰ ਇੰਨ੍ਹਾਂ ਦੋਵਾਂ ਦੇ ਸਿਆਸੀ ਸਫਾਏ ਲਈ ਵਰਤ ਸਕਦੀ ਹੈ ਤਾਂ ਵੱਡੇ ਬਾਦਲ ਨੇ ਸਿਹਤ ਠੀਕ ਨਾ ਹੋਣ ਦੇ ਵਾਬਜੂਦ ਵੀ ਮੋਰਚਾ ਸੰਭਾਲਿਆ। ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਅਕਾਲੀ ਸਰਕਾਰ ਦੇ ਪਿਛਲੇ ਪੰਜ ਸਾਲਾਂ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਹਮਾਇਤੀਆਂ ਨੇ ਵੱਡੇ ਬਾਦਲ ਨੂੰ ਕੁਰਸੀ ਤੋਂ ਲਾਂਭੇ ਕਰਕੇ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਮੁਹਿੰਮ ਚਲਾਈ ਸੀ ਤਾਂ ਉਸ ਸਮੇਂ ਵੀ ਵੱਡੇ ਬਾਦਲ ਨੇ ਆਪਣੇ ਪੁਰਾਣੇ ਸਾਥੀਆਂ ਨੂੰ ਹੀ ਮਦਦ ਲਈ ਅਵਾਜ਼ ਮਾਰੀ ਸੀ। ਇਸ ਪਿੱਛੋਂ ਲੀਡਰਸ਼ਿਪ ਤੇ ਬਾਦਲ ਦੀ ਹਮਾਇਤ ਤੇ ਆ ਖੜ੍ਹਨ ਪਿੱਛੋ ਬਾਦਲ ਸਾਹਿਬ ਦੇ ਹੌਸਲੇ ਇਨ੍ਹੇ ਵਧ ਗਏ ਸਨ ਕਿ ਉਨ੍ਹਾਂ ਜਨਤਕ ਤੌਰ ਤੇ ਸੁਖਬੀਰ ਹਮਾਇਤੀਏ ਨੂੰ ਇਹ ਨਿਹੋਰਾ ਦੇ ਮਾਰਿਆ ਸੀ 'ਕਾਕਾ ਤੂੰ ਕਦੇ ਮੋਰਚੇ 'ਚ ਜ਼ੇਲ ਕੱਟੀ ਐ' ਉਨ੍ਹਾਂ ਦਾ ਮਨੋਰਥ ਕੁਰਬਾਨੀਆਂ ਵਾਲੀ ਲੀਡਰਸ਼ਿਪ ਨੂੰ ਥਾਪੜਾ ਦੇਣਾ ਅਤੇ ਪੈਰਾਸ਼ੂਟ ਰਾਹੀ ਉਤਰੇ ਲੀਡਰਾਂ ਨੂੰ ਉਨ੍ਹਾਂ ਦੀ ਅਸਲ ਥਾਂ ਵਿਖਾਉਣਾ ਹੀ ਸੀ। ਮੌਜੂਦਾ ਸੰਕਟ ਵਿਚ ਵੀ ਸੁਖਬੀਰ ਬਾਦਲ ਦੇ ਜੋਟੀਦਾਰਾਂ ਵੱਲੋ ਅਪਣਾਈ ਰਣਨੀਤੀ ਨੂੰ ਸੀਨੀਅਰ ਲੀਡਰਸ਼ਿਪ ਨੇ ਪਸ਼ੰਦ ਨਹੀ ਕੀਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋ ਪੰਜਾਬ ਵਿਚ ਕੀਤੀਆਂ ਜਾਣ ਵਾਲੀਆਂ ਪੋਲ ਖੋਲ ਰੈਲੀਆਂ ਸਬੰਧੀ ਵੀ ਇਹ ਗੱਲ ਭਲੀਭਾਂਤ ਉਸ ਸਮੇਂ ਸਪੱਸ਼ਟ ਹੋ ਗਈ ਜਦੋਂ ਪੰਜ ਸਤੰਬਰ ਨੂੰ ਸੁਖਬੀਰ ਸਿੰਘ ਬਾਦਲ ਫਰੀਦਕੋਟ ਵਿਖੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸਬੰਧੀ ਇੱਕ ਮੀਟਿੰਗ ਵਿਚ ਜਾ ਰਹੇ ਸਨ ਤਾਂ ਸਿੱਖ ਸੰਗਤਾਂ ਨੇ ਸੁਖਬੀਰ ਸਿੰਘ ਬਾਦਲ ਦਾ ਬੁਰੀ ਤਾਂ ਵਿਰੋਧ ਕੀਤਾ ਸੀ ਤਾਂ ਸੁਰੱਖਿਆ ਦਸਤਿਆਂ ਨੇ ਸਮੇਂ ਦੀ ਨਜ਼ਾਕਤ ਨੂੰ ਭਾਂਪਦਿਆਂ ਤਨਾਅ ਪੂਰਨ ਹੁੰਦੇ ਮਾਹੌਲ ਨੂੰ ਮਸਾਂ ਹੀ ਕਾਬੂ ਵਿਚ ਕੀਤਾ। ਇਸ ਤੋਂ ਜਾਹਿਰ ਹੁੰਦਾ ਹੈ ਕਿ ਪੰਜਾਬ ਦੀ ਸਿੱਖ ਸੰਗਤ ਨੇ ਬੇਅਦਬੀ ਤੇ ਬਹਿਬਲ ਕਲਾਂ ਗੋਲੀਕਾਂਡ ਕਾਰਨ ਅਕਾਲੀਦਲ ਨਾਲੋਂ ਦੂਰੀ ਬਣਾ ਰੱਖੀ ਹੈ। ਬਾਦਲਾਂ ਵੱਲੋਂ ਪੰਜਾਬ ਵਿਚ ਕੀਤੀਆਂ ਜਾਣ ਵਾਲੀਆਂ ਪੋਲ ਖੋਲ ਰੈਲੀਆਂ ਰਾਹੀ ਅਜਿਹੀਆਂ ਹਾਲਤਾਂ ਵਿਚੋਂ ਅਕਾਲੀਦਲ ਆਪਣੇ ਆਪ ਨੂੰ ਸਿਆਸੀ ਤੌਰ ਤੇ ਬਚਾਅ ਸਕੇਗਾ ? ਇਹ ਸਵਾਲ ਅਜੇ ਭਵਿੱਖ ਦੇ ਗਰਭ ਵਿਚ ਪਲ ਰਿਹਾ ਹੈ।

-ਗੁਰਜੀਵਨ ਸਿੰਘ ਸਿੱਧੂ




# ਕੁੜੀ ਪੰਜਾਬ ਦੀ

ਮਣਾਂ-ਭਾਰੀ ਟੋਕਰੇ ਦੇ,
ਬਾਲੇ ਕੱਢ ਜਾਂਵਦੀ ।
ਹਲ ਵਾਹੁੰਦੇ ਵੀਰਨੇ ਨੂੰ,
ਭੱਤਾ ਚਾ ਪੁਚਾਂਵਦੀ ।

ਹਾਨਣਾਂ ਦੇ ਵਿਆਹਾਂ 'ਚ,
ਪੰਜੇਬਾਂ ਛਣਕਾਂਵਦੀ ।
ਦੁੱਖ ਦਰਦ ਦੁਨੀਆਂ ਦੇ,
ਉਂਗਲੀਂ ਨਚਾਂਵਦੀ ।

ਬੁੱਲ੍ਹੀਆਂ ਦੀ ਛੋਹ ਵਿਚੋਂ,
ਨੈਣਾਂ ਦੇ ਖ਼ੁਮਾਰ ਚੋਂ ।
ਚਾਲ ਮਟਕੀਲੀ ਵਿਚੋਂ,
ਹਿੱਕ ਦੇ ਉਭਾਰ ਚੋਂ ।

ਖੇਤਾਂ ਵਿਚੋਂ ਚੁਗੇ ਹੋਏ,
ਨਰਮੇ ਦੇ ਅੰਬਾਰ ਚੋਂ ।
ਘੱਮ ਘੱਮ ਚਾਟੀਆਂ 'ਚ,
ਪੈਂਦੀ ਘੁਮਕਾਰ ਚੋਂ ।

ਬੋੜੇ ਖੂਹੋਂ ਤੌੜਾ ਚੁੱਕੀ,
ਚਾਲ ਦੀ ਨੁਹਾਰ ਚੋਂ ।
ਲੱਕ ਦੇ ਮਰੋੜ ਵਿਚੋਂ,
ਵੰਗਾਂ ਦੀ ਛਣਕਾਰ ਚੋਂ ।

ਸਿਰੋਂ ਉੱਚੀ ਮੱਕੀ ਦੀਆਂ,
ਛੱਲੀਆਂ ਨੂੰ ਡੁੰਗਦੀ ।
ਸਰ੍ਹੋਂ-ਸਾਗ ਤੋੜਦੀ,
ਤੇ ਛੋਲੂਏ ਨੂੰ ਠੁੰਗਦੀ ।

ਲੱਖ ਭਾਵੇਂ ਹੋਣ ਦੁੱਖ,
ਪਿਆਰ ਸੀਨੇ ਪਾਲਦੀ ।
ਪੱਬ ਧਰਤੀ ਲਾਂਵਦੀ ਨਾ,
ਹੁਸਨਾਂ ਦੇ ਤਾਲਦੀ ।

ਸੱਜਣਾਂ ਦੇ ਪਿਆਰ ਨੂੰ ਇਹ,
ਤਿਣਕਿਆਂ ਚੋਂ ਭਾਲਦੀ ।
ਯਾਰ ਦੇ ਪਿਆਰ ਲਈ,
ਲੱਖ ਜਫਰ ਜਾਲਦੀ ।

ਚਾਈਂ ਚਾਈਂ ਵਿਉਲ੍ਹੀਆਂ ਤੋਂ,
ਪਤੀ-ਪਿਆਰ ਪੁੱਛਦੀ ।
ਨਿੱਤ ਨਵੇਂ ਹੌਕਿਆਂ 'ਚ,
ਜਾਨ ਇਹਦੀ ਲੁੱਛਦੀ ।

ਛੋਪ ਵਿੱਚ ਕੱਤ ਰਹੀ,
ਚਰਖਿਆਂ ਦੀ ਘੂਕ ਚੋਂ ।
ਤੀਆਂ ਵਿੱਚ ਨੱਚ ਰਹੀ,
ਗੀਤਾਂ ਵਾਲੀ ਹੂਕ ਚੋਂ ।

ਡੋਲਿਆਂ ਤੇ ਪੱਟਾਂ ਨਾਲ,
ਪੀਂਘ ਚੜ੍ਹੀ ਸ਼ੂਕ ਚੋਂ ।
ਬੜਾ ਕੁਝ ਲੱਭੇ ਸਾਨੂੰ,
ਇਹਦੇ ਪਿਆਰ ਮੂਕ ਚੋਂ ।

ਗਿੱਧਿਆਂ ਦੀ ਤਾਲ ਵਿੱਚ,
ਵੀਰ ਦੇ ਪਿਆਰ ਚੋਂ ।
ਹੁਸਨ ਝਾਤ ਪਾਵੇ,
ਇਹਦੇ ਮੁੱਖ ਦੇ ਨਿਖਾਰ ਚੋਂ ।

# ਵਿਸ਼ਵਾਸ਼ ਬਦਲਦੇ ਜਾ ਰਹੇ ਨੇ

ਹੈ ਮੂਧਾ ਛੰਨਾ ਪਾਂਧੇ ਦਾ,
ਜੋ ਖੰਡ ਤੇ ਖੀਰਾਂ ਛਕਦਾ ਰਿਹਾ ।
ਭਾਈ ਤੋਂ ਬਾਟਾ ਵਿਸਰ ਗਿਆ,
ਹਲੂਏ ਦੇ ਗੱਫੇ ਡਕਦਾ ਰਿਹਾ ।
ਪਾਖੰਡ ਬਣਾਏ ਮੁੱਲਾਂ ਨੇ,
ਜੱਨਤ ਦੇ ਝਾਕੇ ਤਕਦਾ ਰਿਹਾ ।
ਇਹ ਦੁਨੀਆਂ ਬਣੀ ਪਖੰਡਾਂ ਦੀ,
ਏਦਾਂ ਮੈਂ ਕਹਿਣੋ ਝਕਦਾ ਰਿਹਾ ।
ਮੁੱਕੀ ਅੱਜ ਕੂੜੀ ਪਾਰਸਾਈ,
ਆਕਾਸ਼ ਬਦਲਦੇ ਜਾ ਰਹੇ ਨੇ,
ਅੰਗੜਾਈ ਲਈ ਮਾਨੁੱਖਤਾ ਨੇ,
ਵਿਸ਼ਵਾਸ਼ ਬਦਲਦੇ ਜਾ ਰਹੇ ਨੇ ।

# ਅਸੀਂ ਤਾਂ ਕੰਡੇ ਚੁਗਦੇ ਰਹਿਣਾ

ਅਸੀਂ ਤਾਂ ਕੰਡੇ ਚੁਗਦੇ ਰਹਿਣਾ
ਸਾਡੇ ਪੈਰੀਂ ਚੱਕਰ ਲਿਖਿਆ
ਅਸੀਂ ਕਦੇ ਨਾ ਟਿਕ ਕੇ ਬਹਿਣਾ

ਇਕ ਤਾਰਾ ਸਾਡਾ ਅੰਬਰੋਂ ਟੁੱਟਿਆ
ਇਕ ਦਿਲ ਸਾਡਾ ਰੇਤੇ ਰਲਿਆ
ਇਕ ਅੱਗ ਪਹਿਲੀ ਕੋਲ ਰਹੀ ਨਾ
ਕਿੰਜ ਫੜੀਏ ਕੋਈ ਨਵਾਂ ਟਟਹਿਣਾ



ਦਿਲ ਤਾਂ ਸਾਡਾ ਕੱਚ ਦਾ ਟੋਟਾ
ਜੀਭ ਤਾਂ ਸਾਡੀ ਠਾਕੀ ਹੋਈ
ਹੰਝੂ ਸਾਡੇ ਰੱਤ ਜਿਗਰ ਦੀ
ਹੋਰ ਅਸਾਂ ਕੀ ਵਧ ਕੇ ਕਹਿਣਾ

ਅਸੀਂ ਤਾਂ ਮਿੱਟੀ ਛਾਨਣ ਆਏ
ਅਸੀਂ ਤਾਂ ਦਰਦ ਵਿਹਾਜਣ ਆਏ
ਜੀਵਨ ਸਾਡਾ ਹਿਜਰ-ਦਸੌਂਟਾ
ਅਸੀਂ ਤਾਂ ਫੱਟ ਜਿਗਰ 'ਤੇ ਸਹਿਣਾ

# ਵੰਗਾਰ

ਖੁਲ੍ਹ ਉਡਾਰੀ ਲਾਵਣ ਦੇ ਲਈ,
ਅੰਬਰੀ-ਖੌਲ ਪੈਦਾ ਕਰ ।
ਬਦਲ ਜਾਏ ਦੁਨੀਆਂ ਦਾ ਨਕਸ਼ਾ,
ਕੋਈ ਮਾਹੌਲ ਪੈਦਾ ਕਰ ।
ਫੁੱਲ ਪੱਤਰਾਂ ਦੀ ਛਾਵੇਂ ਬਹਿ ਕੇ,
ਜ਼ਿੰਦਗੀ ਮਾਣਨ ਕੰਡੇ :-
ਕੰਬ ਕੰਬ ਬੋਲਣ ਚੁੱਪਾਂ ਆਪੇ,
ਅਜਿਹਾ ਹੌਲ ਪੈਦਾ ਕਰ ।

# ਕਲਮ-ਮੇਰੀ ਮਜ਼ਬੂਰ



ਜਿੱਦਾਂ ਹੁਭਕੀਂ ਰੋਂਦਾ ਬੱਚਾ,
ਪੂਰੀ ਗੱਲ ਸੁਣਾ ਨਹੀਂ ਸਕਦਾ ।
ਸ਼ਿਕਵਾ ਏਨਾ ਹੁੰਦੈ ਪਰਬਲ,
ਸ਼ਬਦ ਕੋਈ ਪ੍ਰਗਟਾ ਨਹੀਂ ਸਕਦਾ ।
ਇਓਂ ਚਿੰਬੜੀ ਹੈ ਬਿਪਤਾ ਮੈਨੂੰ,
ਹੋ ਗਏ ਗਿਲੇ ਮਿਰੇ ਮਫਰੂਰ ।
ਸੋਚਾਂ ਵਿੱਚ ਚਿਰ-ਢੇਰ ਗੁਆਚਾ,
ਸੁਣਕੇ ਕਿਸੇ ਗ਼ਰੀਬ ਦੀ ਹਾਲਤ ।
ਪਲਕਾਂ ਵਿੱਚ ਅਟਕੇ ਅਥਰੂਆਂ ਦੀ,
ਕੀਤੀ ਮੈਂ ਕਈ ਵਾਰ ਵਕਾਲਤ ।

ਹੱਡ-ਬੀਤੇ ਪਰ ਦੁੱਖ-ਦਿਹਾੜੇ,
ਅੱਜ ਖਲੋਤੇ ਕੋਹਾਂ ਦੂਰ ।
ਤਮ੍ਹਾਂ ਨਾਲ ਜਦ ਯਾਰੀ ਗੰਢੀ,
ਸੁੱਖ ਸਾਰੇ ਹੋ ਗਏ ਪਰੇਰੇ ।
ਜਾਂ ਤਮ੍ਹਾਂ ਦੇ ਹੋਇਆ ਨੇੜੇ,
ਸਗੋਂ ਪਈ ਉਲਟੀ ਗਲ ਮੇਰੇ ।
ਜੀਵਨ ਤੇ ਕਈ ਕੰਮ ਨੇ ਭਾਰੂ,
ਕਵਿਤਾ ਦੇ ਜਜ਼ਬੇ ਕਾਫੂਰ ।
ਹਾਵੇ ਝੋਰੇ ਬਣਕੇ ਅੱਥਰੂ,
ਨੈਣਾਂ ਦੇ ਵਿੱਚ ਥੰਮ੍ਹ ਜਾਂਦੇ ਨੇ ।

ਜਿੱਗਰਾ ਏਨਾ ਹੁੰਦੈ ਪੱਥਰ,
ਡਿਗਦੇ ਨਹੀਂ ਇਹ ਜੰਮ ਜਾਂਦੇ ਨੇ ।
ਝੱਖੜ ਦੀ ਬੇ-ਤਰਸੀ ਮੂਹਰੇ,
ਝੜ ਜਾਂਦਾ ਅੰਬਾਂ ਦਾ ਬੂਰ ।
ਹੀਰਾਂ ਤੇ ਰਾਂਝਿਆਂ ਦੇ ਕਿੱਸੇ,
ਕਲਮ ਮੇਰੀ ਨੇ ਗਾਏ ਨੇ ਕਈ ।
ਦੇਵਤਿਆਂ ਦੀ ਛੱਡ ਇਬਾਦਤ,
ਅੱਖੀਂ ਕਾਦਰ ਪਾਏ ਨੇ ਕਈ ।
ਪਰ ਮੈਂ ਆਪਣੀ ਭੁੱਖ-ਵਾਰਤਾ,
ਕਰ ਸਕਿਆ ਨਾ ਜੱਗ-ਮਸ਼ਹੂਰ ।

- ਰਾਮ ਸਰੂਪ ਅਣਖੀ -

# ਆਸ

ਕੀ ਧਰਤੀ ਕੀ ਅੰਬਰ ਹੋਇਆ,
ਟੱਕਰੀ ਸਭ ਥਾਂ ਇੱਕੋ ਨੀਤੀ ।
ਲੰਘ ਗਈ ਤੋਂ ਸਿਖਿਆ ਜੀਵਨ,
ਜੋ ਬੀਤੀ ਸਭ ਸੋਹਣੀ ਬੀਤੀ ।
ਚਿਰ ਤੋਂ ਘੁੱਟੇ ਸਬਰ ਮਿਰੇ ਨੇ,
ਤਾਰਿਆਂ ਦੀ ਚੁੱਪ ਸਮਝ ਲਈ ਹੈ:-
ਮਿੱਠੀਆਂ ਚੰਨ-ਰਿਸ਼ਮਾਂ ਖਾਤਰ,
ਸਾਗਰ ਨੇ ਹਿੱਕ ਨੰਗੀ ਕੀਤੀ ।



# ਸ਼ਹੀਦਾਂ ਦੀਆਂ ਚਿਤਾਵਾਂ 'ਤੇ

ਕਾਤਲ ਮੱਥਾ ਟੇਕਣ ਆਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।
ਰਾਜਿਆਂ ਝੂਠੇ ਲਾਰੇ ਲਾਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਨਾਮ ਸ਼ਹੀਦਾਂ ਵਾਲੇ ਰੱਖ ਕੇ ਮੇਲਿਆਂ ਅੰਦਰ ਹਰ ਵਾਰੀ,
ਦੁਸ਼ਟਾਂ ਨੰਗੇ ਨਾਚ ਨਚਾਏ ਸ਼ਹੀਦਾਂ ਦੀਆਂ ਚਿਤਾਵਾਂ 'ਤੇ ।

ਧਨਵਾਨਾਂ ਦੀ ਦੌਲਤ ਅੱਗੇ ਫਿੱਕਾ ਪਿਆਰ ਗ਼ਰੀਬਾਂ ਦਾ,
ਠੱਗਾਂ ਨੇ ਸਨਮਾਨ ਕਰਾਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਛੱਡ ਕੇ ਨਗਮੇ ਨਜ਼ਮਾਂ ਸੋਹਲੇ ਯੋਧਿਆਂ ਵਾਲੀਆਂ ਵਾਰਾਂ ਨੂੰ,
ਲੁੱਚਿਆਂ ਲੱਚਰ ਗੀਤ ਗਵਾਏ ਸ਼ਹੀਦਾਂ ਦੀਆਂ ਚਿਤਾਵਾਂ 'ਤੇ ।

ਦੋਸ਼ ਕੀ ਦੇਈਏ ਇੱਕ -ਅੱਧੇ ਨੂੰ ਹੁਣ ਤਾਂ ਆਵਾ ਊਤ ਗਿਆ,
ਲੋਕ ਵੀ ਚਸਕੇ ਚੱਖਣ ਆਏ, ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਸੱਦ ਸਫ਼ਾਰਤਖ਼ਾਨਿਆਂ ਵਾਲੇ ਝੋਲੀ ਚੁੱਕ ਪ੍ਰਧਾਨਾਂ ਨੇ,
ਮੰਚਾਂ ਉੱਪਰ ਆਣ ਸਜਾਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਫਾਸ਼ੀਵਾਦੀ ਤਾਕਤਾਂ ਮੂਹਰੇ ਨੰਗੇ ਧੜ ਜੋ ਲੜਦੇ ਨੇ,
ਜਾਣ ਸਟੇਜਾਂ ਉੱਤੇ ਲਾਹੇ ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਹੁਸਨ-ਇਸ਼ਕ ਦੀ ਮਸਤੀ ਵਿੱਚ ਜੋ ਭੁੱਲਗੇ ਲਿਖਣਾ ਲੋਕਾਂ ਲਈ,
ਉਨ੍ਹਾਂ ਨੂੰ ਫਿੱਟ ਲਾਹਨਤ ਪਾਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।

ਅਗਲੀ ਪੀੜ੍ਹੀ ਦੇ ਵੱਸ ਕੀ ਏ ਸਾਡਾ ਈ ਬੇੜਾ ਗਰਕ ਗਿਆ,
ਸੱਚ ਦਾ ਰਸਤਾ ਕੌਣ ਦਿਖਾਏ ਸ਼ਹੀਦਾਂ ਦੀਆਂ ਚਿਤਾਵਾਂ ਤੇ ।



-ਡਾ. ਗੁਰਵਿੰਦਰ ਸਿੰਘ ਧਾਲੀਵਾਲ
604-825-1550

# ਚਮਚਾਗਿਰੀ



ਚਮਚਾਗਿਰੀ ਦੀ ਵੀ ਹੈ ਹੱਦ ਹੁੰਦੀ,
ਪਿਆ ਕਰਨ ਦਾ ਚੜ੍ਹਿਆ ਸਰੂਰ ਰਹਿੰਦਾ,
ਬੈਠਣ ਸਦਾ ਨਾ ਤ੍ਰਿੰਞਣੀ ਜੁੜ ਕੁੜੀਆਂ,
ਵਿੱਚ ਬੇੜੀ ਨਾ ਬਣਿਆਂ ਪੂਰ ਰਹਿੰਦਾ।

ਕੀ ਚੋਰਾਂ ਡਾਕੂਆਂ ਵੱਲ ਜੀਹਦਾ,
ਧਿਆਨ ਗੌਂਅ ਨੂੰ ਸਦਾ ਭਰਪੂਰ ਰਹਿੰਦਾ।
ਪਿਆ ਬਾਦਸ਼ਾਹ ਦਰਵੇਸ਼ ਲੁਟੇਰਿਆਂ ਨੂੰ,
ਉਹੀ ਆਖਦਾ ਮਨੁੱਖ ਜ਼ਰੂਰ ਰਹਿੰਦਾ।

ਜੀਹਨੇ ਝੱਲੀ ਨਾ ਕੰਡੇ ਦੀ ਪੀੜ ਹੋਵੇ,
ਸਦਾ ਲਾਲਚ ਦਾ ਚੜ੍ਹਿਆ ਗਰੂਰ ਰਹਿੰਦਾ,
ਖੂਨ ਡੋਲ੍ਹ ਦੇਊ ਕਿੱਥੋਂ ਕੌਮ ਖ਼ਾਤਰ,
ਪੁੱਤ ਵਾਰ ਦੇਊ ਕਿਵੇਂ ਭਰਪੂਰ ਰਹਿੰਦਾ।

ਉਹ ਤਾਂ ਮਾਪੇ ਪੁੱਤਰ ਵਾਰ ਆਪਾ,
ਲੇਖੇ ਕੌਮ ਦੇ ਲਾ ਸਰਬੰਸ ਗਿਆ।
ਏਥੇ ਪੰਥ ਨੂੰ ਵਾਰ ਕੋਈ ਆਪ ਉੱਤੋਂ,
ਟੱਬਰ ਆਪਣੇ ਲਈ ਖਾ ਪੰਥ ਗਿਆ।



-ਸੁਖਮੰਦਰ ਸਿੰਘ ਬਰਾੜ
'ਭਗਤਾ ਭਾਈ ਕਾ'
604-751-1113

# ਕਿਉਂਕਿ ਮੈਂ ਇਕ ਔਰਤ ਹਾਂ

ਕਿਉਂਕਿ ਮੈਂ ਇਕ ਔਰਤ ਹਾਂ
ਏਸੇ ਲਈ ਮੈਨੂੰ ਚਾਰ-ਦਿਵਾਰੀ 'ਚ ਬੰਦ ਕਰਿਆ
ਕਿਉਂਕਿ ਮੈਂ ਇਕ ਔਰਤ ਹਾਂ,
ਇਸੇ ਲਈ ਮੈਨੂੰ ਨੀਵਾਂ ਕਰਿਆ
ਹਰ ਪਦਰ ਤੇ ਬੇਇਨਸਾਫ਼ੀ ਤੇ ਹਰ ਜਗ੍ਹਾ ਹੀ ਵਿਤਕਰਾ ਕਰਿਆ
ਕਿਉਂਕਿ ਮੈਂ ਇਕ ਔਰਤ ਹਾਂ,ਇਸੇ ਲਈ ਜੁੱਤੀ ਥੱਲੇ ਧਰਿਆ
ਮੇਰੇ ਤੋਂ ਹੀ ਜਨਮ ਲੈ, ਫਿਰ ਮੈਨੂੰ ਹੀ ਖਤਮ ਕਰਿਆ,
ਤੇਰੇ ਲਈ ਹਰ ਪੀੜਾ ਸਹਿ ਲਈ ਮੈਂ ਪਰ ਮੇਰੀ ਵਾਰੀ ਕਿਉਂ ਤੂੰ ਕਾਤਿਲ ਬਣਿਆ
ਕਿਉਂਕਿ ਮੈਂ ਇਕ ਔਰਤ ਹਾਂ, ਕੀ ਇਸੇ ਲਈ ਮੇਰਾ ਹੱਕ ਮਰਿਆ
ਜਨਮ ਤੋਂ ਲੈ ਕੇ ਮਰਨ ਤਕ ਮੈਂ ਸਾਥ ਤੇਰਾ ਨਿਭਾਉਂਦੀ ਹਾਂ
ਮਾਂ ,ਭੈਣ, ਦੋਸਤ ਤੇ ਪਤਨੀ ਬਣ, ਤੇਰੇ ਦੁੱਖਾਂ ਵਿਚ ਖੜ੍ਹ ਜਾਂਦੀ ਹਾਂ
ਫਿਰ ਕਿਉਂ ਮੈਨੂੰ ਨੀਵਾਂ ਰੱਖ ਕੇ, ਖੁਦ ਨੂੰ ਮਹਾਨ ਕਹਿਲਾਉਂਦਾ ਏ
ਦਸ ਤੂੰ ਇਸ ਸਬ ਵਿਚ ਕਿਹੜੀ ਮਰਦਾਨਗਿਰੀ ਫੈਲਾਉਦਾਂ ਏ
ਕਿਉਂਕਿ ਮੈਂ ਇਕ ਔਰਤ ਹਾਂ, ਇਸੇ ਲਈ ਲੋਚਣਾ ਚਾਹੁੰਦੇ ਏ
ਸੋਚ ਤੇਰੀ ਵਿਚ ਇਸ ਫਰਕ ਦਾ ਦੱਸ ਮੈਨੂੰ ਕੀ ਕਾਰਨ ਏ
ਕੀ ਮੇਰੇ ਦਿਲ ਵਿਚ ਉਹ ਜ਼ਜ਼ਬਾਤ ਨਹੀਂ ਜੋ ਤੇਰੇ ਦਿਲ ਵਿਚ ਕਾਇਮ ਨੇ
ਮੈਂ ਵੀ ਤਾਂ ਉਡਣਾ ਚਾਹੁੰਦੀ ਹਾਂ
ਪੰਛੀ ਵਾਂਗ ਮਾਰ ਉਡਾਰੀ ਵੇ
ਪਰ ਕਿਉਂ ਤੂੰ ਮੇਰੇ ਖੰਭ ਕੱਟਣ ਦੀ ਕਰਦਾ ਫਿਰੇ ਤਿਆਰੀ ਓਏ
ਜੇ ਡਰ ਲੱਗਦਾ ਹੈ ਚੰਦਰੇ ਸਮਾਜ ਤੋਂ, ਏਸੇ ਲਈ ਰੋਕਾ ਟੋਕੀ ਏ
ਫਿਰ ਸਮਾਜ ਬਦਲਣ ਦੀ ਗੱਲ ਕਰ ਕੋਈ
ਪਰ ਸੋਚ ਨਾ ਕਰ ਛੋਟੀ ਏ
ਗੁਲਾਮ ਬਣਾਉਣਾ ਤਾਂ ਬੁਝਦਿਲਾਂ ਦਾ ਕੰਮ
ਇਸ ਵਿਚ ਮਹਾਨ ਨਾ ਕਹਿ ਖੁਦ ਨੂੰ
ਦੇ ਤੂੰ ਮੈਨੂੰ ਹੱਕ ਮੇਰਾ
ਤੇ ਕਹਿਲਾ ਅਸਲੀ ਮਰਦ ਖੁਦ ਨੂੰ

ਕਿਰਨਪ੍ਰੀਤ ਕੌਰ
+4368864013133

# ਦਿਲ ਨਾਲ਼ ਇਸ਼ਕ

ਦਿਲ ਨਾਲ਼ ਇਸ਼ਕ ਜਦੋਂ ਸੀ ਹੁੰਦਾ,
ਉਹ ਵੇਲ਼ੇ ਕੋਈ ਹੋਰ ਹੋਣਗੇ।
ਦਿਲ ਹੋਣਾ ਮਜਬੂਤ ਉਨ੍ਹਾਂ ਦਾ,
ਅਕਲੋਂ ਪਰ ਕਮਜ਼ੋਰ ਹੋਣਗੇ।
ਬਾਰਾਂ ਸਾਲ ਚਰਾ ਕੇ ਮੱਝਾਂ,
ਰਾਂਝੇ ਵਰਗੇ ਮਰ ਗਏ 'ਸਾਕੀ',
ਮਹੀਵਾਲ਼ ਤੇ ਮਿਰਜ਼ਾ,
ਮਜਨੂੰ, ਪੁੰਨੂੰ ਅਨਪੜ੍ਹ ਢੋਰ ਹੋਣਗੇ।

-ਦਿਆਲ ਸਿੰਘ ਸਾਕੀ

# ਅੱਜ ਹਾਲਤ ਬੁਰੀ ਪੰਜਾਬ ਦੀ

ਅੱਜ ਹਾਲਤ ਬੁਰੀ ਪੰਜਾਬ ਦੀ, ਕੋਈ ਗੱਲ ਨਾ ਹੋਵੇ ਹਿਸਾਬ ਦੀ,
ਸਭ ਆਪਣਾ ਵਰਕਾ ਪੜ੍ਹਦੇ ਨੇ, ਕੋਈ ਸਾਰ ਨਾ ਲਵੇ ਕਿਤਾਬ ਦੀ,

ਹਾਲਤ ਬੁਰੀ ਪੰਜਾਬ ਦੀ, ਕੋਈ ਗੱਲ ਨਾ ਹੋਵੇ ਹਿਸਾਬ ਦੀ,
ਅੱਜ ਵਾਲੀਵਾਰਸ ਕੋਈ ਨਹੀ, ਅੱਜ ਇਸ ਦਾ ਢਾਰਸ ਕੋਈ ਨਹੀ,

ਕੋਈ ਪੀੜ ਨਾ ਪੁੱਛੇ ਤਾਬ ਦੀ, ਹਾਲਤ ਬੁਰੀ ਪੰਜਾਬ ਦੀ,
ਕੋਈ ਗੱਲ ਨਾ ਹੋਵੇ ਹਿਸਾਬ ਦੀ, ਕੋਈ ਇਸ ਨੂੰ ਪੜ੍ਹ ਕੇ ਜਾਣ ਲਵੇ,

'ਸੁਰਿੰਦਰ'ਪੀੜਾਂ ਕੋਈ ਪਹਿਚਾਣ ਲਵੇ, ਮੁੜ ਚੜ੍ਹਤ ਹੋਵੇ ਇਸ ਨਵਾਬ ਦੀ,
ਹਾਲਤ ਬੁਰੀ ਪੰਜਾਬ ਦੀ, ਕੋਈ ਗੱਲ ਨਾ ਹੋਵੇ ਹਿਸਾਬ ਦੀ।

-ਸੁਰਿੰਦਰ 'ਮਾਣੂੰਕੇ ਗਿੱਲ', ਸੰਪਰਕ : 88723-21000

# ਇਲੈਕਟ੍ਰੌਨਿਕ ਮੀਡੀਆ ਦੀ ਖ਼ੁਰ ਰਹੀ ਭਰੋਸੇਯੋਗਤਾ





ਬਿਨਾਂ ਸ਼ੱਕ ਪ੍ਰੈੱਸ ਲੋਕਤੰਤਰ ਦਾ ਚੌਥਾ ਸਤੰਭ ਹੈ। ਜਨਤਾ ਨੂੰ ਉਸਦੇ ਆਲੇ ਦੁਆਲੇ ਵਾਪਰ ਰਹੀਆਂ ਚੰਗੀਆਂ ਮੰਦੀਆਂ ਘਟਨਾਵਾਂ ਤੋਂ ਜਾਣੂ ਕਰਾਉਣਾ, ਆਰਥਿਕ, ਸਮਾਜਿਕ ਅਤੇ ਰਾਜਨੀਤਕ ਮੁੱਦਿਆਂ ਬਾਰੇ ਲੋਕ ਰਾਇ ਬਣਾਉਣ, ਸਰਕਾਰਾਂ ਦੇ ਠੀਕ ਗ਼ਲਤ ਕੰਮਾਂ ਸਬੰਧੀ ਜਾਗਰੂਕ ਕਰਨ ਵਿੱਚ ਪ੍ਰੈੱਸ ਮਹੱਤਵ ਪੂਰਨ ਰੋਲ ਅਦਾ ਕਰਦੀ ਹੈ, ਪਰ ਪਿਛਲੇ ਕਾਫ਼ੀ ਸਮੇਂ ਤੋਂ ਪ੍ਰੈੱਸ ਖ਼ਾਸ ਤੌਰ 'ਤੇ ਇਲੈੱਕਟ੍ਰੌਨਿਕ ਮੀਡੀਆ ਇੱਕ ਪਾਸੜ ਰੋਲ ਨਿਭਾ ਰਿਹਾ ਹੈ। ਖ਼ਬਰਾਂ ਦੇ ਕਈ ਚੈਨਲ ਜੋ ਕਿਸੇ ਰਾਜਨੀਤਕ ਹਸਤੀ ਦੀ ਸਰਪ੍ਰਸਤੀ ਹੇਠ ਚੱਲਦੇ ਹਨ, ਆਪਣੀ ਆਕਾ ਪਾਰਟੀ ਦੇ ਭੌਂਪੂ ਬਣਕੇ ਰਹਿ ਗਏ ਹਨ।

ਖ਼ਬਰਾਂ ਦੇ ਨਾਲ ਨਾਲ ਮਨੋਰੰਜਨ ਚੈਨਲ ਵੀ ਘੱਟ ਨਹੀਂ ਗੁਜ਼ਾਰ ਰਹੇ। ਮਨੋਰੰਜਨ ਚੈਨਲਾਂ ਦੀ ਬੌਧਿਕਤਾ ਦਾ ਤਾਂ ਜਿਵੇਂ ਦੀਵਾਲਾ ਹੀ ਨਿਕਲ ਗਿਆ ਹੋਵੇ। ਸਾਰੇ ਚੈਨਲਾਂ ਉੱਪਰ ਹੀ ਸੱਸ ਨੂੰਹ ਦੀਆਂ ਕੋਝੀਆਂ ਸਾਜ਼ਿਸ਼ਾਂ ਭਰਪੂਰ ਨਾਟਕ ਜਾਂ ਵਹਿਮਾਂ ਭਰਮਾਂ ਨੂੰ ਉਤਸ਼ਾਹਿਤ ਕਰਦੇ ਪ੍ਰੋਗਰਾਮ ਦਿਖਾਏ ਜਾ ਰਹੇ ਹਨ। ਮਨੋਰੰਜਨ ਦੇ ਨਾਂ 'ਤੇ ਲੱਚਰਤਾ ਅਤੇ ਫੂਹੜਤਾ ਪਰੋਸੀ ਜਾ ਰਹੀ ਹੈ।

ਖ਼ਬਰਾਂ ਦੇ ਚੈਨਲ ਖ਼ਬਰਾਂ ਨੂੰ ਤਾਂ ਸਮਾਂ ਘੱਟ ਦਿੰਦੇ ਹਨ, ਪਰ ਹੋਰ ਗ਼ੈਰ ਲੋਕਪੱਖੀ ਮੁੱਦਿਆਂ ਨੂੰ ਜ਼ਿਆਦਾ ਰਿੜਕਦੇ ਹਨ। ਖ਼ਬਰਾਂ ਵੀ ਇੱਕਪਾਸੜ ਹੁੰਦੀਆਂ ਹਨ। ਖੋਜ ਭਰਪੂਰ ਪੱਤਰਕਾਰਤਾ ਲਗਪਗ ਗਾਇਬ ਹੈ। 'ਸੱਚ ਯਾ ਝੂਠ' ਅਤੇ 'ਆਧੀ ਹਕੀਕਤ, ਅੱਧਾ ਅਫਸਾਨਾ' ਜਿਹੇ ਪ੍ਰੋਗਰਾਮਾਂ ਦੇ ਨਾਂ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਗੱਲ ਵਿੱਚ ਕਿੰਨੀ ਕੁ ਸੱਚਾਈ ਹੋਵੇਗੀ। ਉਦਾਹਰਨ ਦੇ ਤੌਰ 'ਤੇ ਇਹ ਚੈਨਲ ਸਵਰਗ ਨੂੰ ਲੱਗੀ ਪੌੜੀ ਦੇ ਦਰਸ਼ਨ ਕਰਵਾ ਦਿੰਦੇ ਹਨ, ਪਹਾੜਾਂ ਉੱਤੇ ਹਨੂਮਾਨ ਨੂੰ ਸੁੱਤਾ ਪਿਆ ਦਿਖਾ ਦਿੰਦੇ ਹਨ ਜਾਂ ਕਿਸੇ ਮੰਦਰ ਵਿੱਚ ਰਾਤ ਸਮੇਂ ਅਸ਼ਵਥਾਮਾ ਦੇ ਆਉਣ ਦਾ ਭਰਮ ਪਾਲਦੇ ਹਨ।

ਸਾਰੇ ਹੀ ਖ਼ਬਰ ਚੈਨਲ ਸ਼ਾਮ ਨੂੰ ਕਿਸੇ ਨਾ ਕਿਸੇ ਮੁੱਦੇ ਉੱਪਰ ਸੰਵਾਦ ਰਚਾਉਂਦੇ ਹਨ। ਮੁੱਦੇ ਦੀ ਚੋਣ ਤੋਂ ਇਹ ਅਹਿਸਾਸ ਹੁੰਦਾ ਹੈ ਜਿਵੇਂ ਇਹ ਮੁੱਦਾ ਕਿਸੇ ਆਕਾ ਵੱਲੋਂ ਮਿਲਦਾ ਹੋਵੇ। ਇਨ੍ਹਾਂ ਨੇ ਪਤਾ ਨਹੀਂ ਕਿਉਂ ਇਹ ਭਰਮ ਪਾਲ ਰੱਖਿਆ ਹੈ ਕਿ ਸੌ ਤਾਲਿਆਂ ਦੀ ਇੱਕੋ ਚਾਬੀ ਸਿਰਫ਼ ਰਾਜਨੀਤਕ ਲੋਕ ਹੀ ਹੁੰਦੇ ਹਨ, ਜਦੋਂ ਕਿ ਰਾਜਨੀਤਕ ਲੋਕਾਂ ਦੀ ਦਿਆਨਤਦਾਰੀ ਕਿਸੇ ਤੋਂ ਗੁੱਝੀ ਨਹੀਂ। ਸਾਰੇ ਹੀ ਮੁੱਦਿਆਂ ਨੂੰ ਫਿਰਕੂ ਰੰਗਤ ਦੇ ਦਿੱਤੀ ਜਾਂਦੀ ਹੈ। ਬਹਿਸ ਵਿੱਚ ਭਾਗ ਲੈਣ ਵਾਲੇ ਪਾਰਟੀਆਂ ਦੇ ਬੁਲਾਰੇ ਆਪੋ ਆਪਣੀ ਪਾਰਟੀ ਦਾ ਏਜੰਡਾ ਵੇਚ ਕੇ ਅਹੁ ਗਏ, ਅਹੁ ਗਏ। ਕਈ ਵਾਰੀ ਤਾਂ ਬਹਿਸ, ਬਹਿਸ ਨਾ ਰਹਿ ਕੇ ਮੱਛੀ ਮਾਰਕੀਟ ਬਣ ਜਾਂਦੀ ਹੈ ਅਤੇ ਸੰਜੀਦਾ ਦਰਸ਼ਕ ਚੈਨਲ ਬਦਲਣ ਲਈ ਮਜਬੂਰ ਹੋ ਜਾਂਦਾ ਹੈ। ਪਾਰਟੀਆਂ ਦੇ ਬੁਲਾਰੇ ਨਿੱਜੀ ਦੂਸ਼ਣਬਾਜ਼ੀ 'ਤੇ ਉੱਤਰ ਆਉਂਦੇ ਹਨ। ਬਹਿਸ ਦੇ ਮੁੱਦੇ ਸਬੰਧੀ ਦਰਸ਼ਕਾਂ ਨੂੰ ਅਜਿਹੇ ਸਵਾਲ ਪੁੱਛੇ ਜਾਂਦੇ ਹਨ ਜਿਨ੍ਹਾਂ ਦਾ ਜਵਾਬ ਆਮ ਤੌਰ 'ਤੇ ਸਰਕਾਰ ਚਲਾਉਂਦੀ ਪਾਰਟੀ ਦੇ ਹੱਕ ਵਿੱਚ ਹੀ ਹੁੰਦਾ ਹੈ। ਕਿਸੇ ਵੀ ਮੁੱਦੇ ਨੂੰ ਘੰਟਾ ਅੱਧਾ ਘੰਟਾ ਰਿੜਕਣ ਤੋਂ ਬਾਅਦ ਨਤੀਜਾ ਸਿਫਰ ਨਿਕਲਦਾ ਹੈ। ਅਜਿਹੇ ਸੰਵਾਦ, ਮੁੱਦੇ ਪ੍ਰਤੀ ਜਨਤਕ ਰਾਇ ਬਣਾਉਣ ਵਿੱਚ ਨਾਕਾਮ ਰਹਿੰਦੇ ਹਨ। ਇਨ੍ਹਾਂ ਪ੍ਰੋਗਰਾਮਾਂ ਦੇ ਨਾਂ ਵੀ ਜਿਵੇਂ ਕਿ 'ਹੱਲਾ ਬੋਲ', 'ਤਾਲ ਠੋਕ ਕੇ', 'ਰਣਯੁੱਧ', 'ਕੁਰੂਕਸ਼ੇਤਰ', 'ਦੰਗਲ' ਅਤੇ 'ਆਰ-ਪਾਰ' ਆਦਿ ਕਿਸੇ ਅਮਨ ਜਾਂ ਸ਼ਾਂਤੀ ਦਾ ਪ੍ਰੋਗਰਾਮ ਹੋਣ ਦਾ ਸੰਕੇਤ ਨਹੀਂ ਦਿੰਦੇ। ਇਨ੍ਹਾਂ ਪ੍ਰੋਗਰਾਮਾਂ ਦੇ ਅਜਿਹੇ ਨਾਂ ਸ਼ਾਇਦ ਸਨਸਨੀ ਪੈਦਾ ਕਰਨ ਲਈ ਰੱਖੇ ਜਾਂਦੇ ਹਨ। ਪ੍ਰੋਗਰਾਮਾਂ ਦੇ ਸੰਚਾਲਕਾਂ ਦੇ ਗਿਆਨ ਪ੍ਰਤੀ ਕੋਈ ਸ਼ੱਕ ਨਹੀਂ ਅਤੇ ਉਹ ਆਉਂਦੇ ਵੀ ਪੂਰੀ ਤਿਆਰੀ ਨਾਲ ਹਨ, ਪਰ ਇੱਕੋ ਖਾਮੀ, ਸੰਚਾਲਕ ਦਾ ਇੱਕ, ਖ਼ਾਸ ਤੌਰ 'ਤੇ ਸਰਕਾਰ ਚਲਾਉਂਦੀ ਪਾਰਟੀ ਪ੍ਰਤੀ ਝੁਕਾਅ ਸਾਰਾ ਮਜ਼ਾ ਕਿਰਕਰਾ ਕਰ ਦਿੰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ ਹਨ। ਪਹਿਲਾ, ਰਾਜਨੀਤਕ ਪਾਰਟੀਆਂ ਦੇ ਬੁਲਾਰਿਆਂ ਦੀ ਥਾਂ ਵਿਸ਼ਾ ਮਾਹਰ ਹੀ ਬੁਲਾਏ ਜਾਣ ਅਤੇ ਉਨ੍ਹਾਂ ਦੇ ਕੀਮਤੀ ਸੁਝਾਅ ਸਰਕਾਰ ਤਕ ਪਹੁੰਚਾਉਣੇ ਯਕੀਨੀ ਬਣਾਏ ਜਾਣ। ਦੂਜਾ, ਬੁਲਾਰਿਆਂ ਨੂੰ ਨਿੱਜੀ ਹੋਣ ਤੋਂ ਰੋਕਣ ਲਈ ਅਤੇ ਕਾਵਾਂ ਰੌਲੀ ਰੋਕਣ ਲਈ ਐਂਕਰ ਵੱਲੋਂ ਸਖ਼ਤੀ ਵਰਤੀ ਜਾਵੇ। ਤੀਜਾ, ਪਹਿਲੇ ਦੌਰ ਦੌਰਾਨ ਸਵਾਲ ਸੰਚਾਲਕ ਦੇ ਅਤੇ ਜਵਾਬ ਬੁਲਾਰਿਆਂ ਦੇ ਹੋਣ। ਸਟੀਕ ਸਵਾਲ ਦਾ ਸਟੀਕ ਜਵਾਬ ਯਕੀਨੀ ਬਣਾਇਆ ਜਾਵੇ, ਦੂਜੇ ਦੌਰ ਦੌਰਾਨ ਬੁਲਾਰਿਆਂ ਦੇ ਇੱਕ ਦੂਜੇ ਨੂੰ ਸਵਾਲ ਜਵਾਬ ਹੋਣ ਅਤੇ ਤੀਜੇ ਦੌਰ ਦੌਰਾਨ ਚੈਨਲ ਉਸ ਮੁੱਦੇ ਉੱਪਰ ਜਨਤਾ ਦੇ ਵਿਚਾਰ ਨਸ਼ਰ ਕਰੇ। ਚੌਥਾ, ਪਾਕਿਸਤਾਨੀਆਂ ਨੂੰ ਬਹਿਸ ਵਿੱਚ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਉਹ ਕਿਸੇ ਸਮੱਸਿਆ ਦਾ ਹੱਲ ਤਾਂ ਨਹੀਂ ਹੁੰਦੇ, ਪਰ ਉਹ ਭਾਰਤੀਆਂ ਦੇ ਜ਼ਖਮਾਂ ਉੱਪਰ ਲੂਣ ਭੁੱਕਣ ਦਾ ਕੰਮ ਜ਼ਰੂਰ ਕਰਦੇ ਹਨ। ਪੰਜਵਾਂ, ਸਾਡਾ ਦੇਸ਼ ਬਹੁਧਰਮੀ ਅਤੇ ਬਹੁਭਾਸ਼ਾਈ ਦੇਸ਼ ਹੈ, ਇੱਥੋਂ ਦੀ ਭਾਈਚਾਰਕ ਸਾਂਝ ਮੰਗ ਕਰਦੀ ਹੈ ਕਿ ਹਰੇਕ ਮੁੱਦੇ ਨੂੰ ਫਿਰਕੂ ਰੰਗਤ ਦੇਣ ਤੋਂ ਬਚਿਆ ਜਾਵੇ। ਇਲੈਕਟ੍ਰੌਨਿਕ ਮੀਡੀਆ ਨੂੰ ਆਪਣੀ ਵਿਸ਼ਵਾਸਯੋਗਤਾ ਨੂੰ ਬਣਾਈ ਰੱਖਣ ਲਈ ਅਜਿਹੇ ਸਾਰਥਕ ਕਦਮ ਜ਼ਰੂਰ ਚੁੱਕਣੇ ਚਾਹੀਦੇ ਹਨ ਕਿਉਂਕਿ ਸਰਕਾਰਾਂ ਨੂੰ ਤਾਂ ਲੋਕਾਂ ਨੂੰ ਧਰਮ ਤੇ ਜਾਤਾਂ ਦੇ ਨਾਂ 'ਤੇ ਵੰਡਣ ਵਾਲੇ ਪ੍ਰੋਗਰਾਮ ਹੀ ਰਾਸ ਆਉਂਦੇ ਹਨ।

**ਜਗਦੇਵ ਸ਼ਰਮਾ ਬੁਗਰਾ**

# ਸਰਾਪੀ ਰੁੱਤ ਦੀ ਚਸ਼ਮਦੀਦ ਗਵਾਹ



ਮਾਰਗਰੇਟ ਬਰਕ ਵਾਈਟ ਅਮਰੀਕੀ ਫੋਟੋ ਪੱਤਰਕਾਰ ਸੀ ਜੋ 1947 'ਚ ਮਹਾਤਮਾ ਗਾਂਧੀ ਅਤੇ ਸੰਨ ਸੰਤਾਲੀ ਦੀ ਵੰਡ ਦੇ ਸੰਤਾਪ ਦੀਆਂ ਤਸਵੀਰਾਂ ਖਿੱਚਣ ਲਈ ਭਾਰਤ ਆਈ ਸੀ। ਉਸ ਨੇ ਵੰਡ ਕਾਰਨ ਹੋਏ ਮਨੁੱਖੀ ਆਬਾਦੀ ਦੇ ਅਣਕਿਆਸੇ ਤਬਾਦਲੇ ਦੀ ਦਿਲ ਦਹਿਲਾਊ ਦਾਸਤਾਨ ਦੇ ਭਿਆਨਕ ਅਤੇ ਮਰ ਰਹੇ ਦ੍ਰਿਸ਼ਾਂ ਨੂੰ ਹਮੇਸ਼ਾਂ ਲਈ ਜ਼ਿੰਦਾ ਕਰ ਦਿੱਤਾ। ਪੰਜਾਬ ਦੀ ਵੰਡ ਦੇ ਸੰਤਾਪ ਦੀ ਗੱਲ ਛਿੜਨ 'ਤੇ ਅਸੀਂ ਅਕਸਰ ਸਿਆਸਤ, ਧਰਮਾਂ ਅਤੇ ਫ਼ਿਰਕਿਆਂ ਦੇ ਦੂਹਰੇ ਮਾਪਦੰਡਾਂ ਦਾ ਹੀ ਜ਼ਿਕਰ ਕਰਦੇ ਹਾਂ। ਮਹਾਂ ਮਨੁੱਖੀ ਭੁੱਲ ਵਜੋਂ ਨਹੀਂ ਸਗੋਂ ਇੱਕ ਮਨੁੱਖ ਵਜੋਂ ਕਿਸੇ 'ਤੇ ਦੋਸ਼ ਮੜ੍ਹਦੇ ਅਤੇ ਕਿਸੇ ਪ੍ਰਤੀ ਹਮਦਰਦੀ ਤੇ ਪਛਤਾਵਾ ਜ਼ਾਹਿਰ ਕਰਦੇ ਹਾਂ। ਅਸੀਂ ਪੰਜਾਬੀ ਲੋਕ ਮਾਰਗਰੇਟ ਵਾਈਟ ਨੂੰ ਨਹੀਂ ਜਾਣਦੇ ਜੋ ਸਾਡੀ ਇਸ ਮਹਾਂ ਤ੍ਰਾਸਦੀ ਦੀ ਚਸ਼ਮਦੀਦ ਗਵਾਹ ਬਣੀ। ਉਹ ਅਜਿਹੀ ਸੰਵੇਦਨਸ਼ੀਲ ਇਨਸਾਨ ਸੀ ਜਿਸ ਨੇ ਦੇਸ਼ ਦੇ ਬਟਵਾਰੇ ਨੂੰ ਮਨੁੱਖੀ ਤ੍ਰਾਸਦੀ ਵਜੋਂ ਤਸਵੀਰਾਂ ਦੇ ਰੂਪ ਵਿੱਚ ਦਰਸਾਇਆ। ਜੇਕਰ ਉਹ ਨਾ ਹੁੰਦੀ ਤਾਂ ਸ਼ਾਇਦ ਸਾਡੇ ਕੋਲ ਬਟਵਾਰੇ ਦੀਆਂ ਬਹੁਤ ਧੁੰਦਲੀਆਂ ਅਤੇ ਮਿੱਥ ਨੁਮਾ ਯਾਦਾਂ ਹੀ ਹੋਣੀਆਂ ਸਨ। ਵਾਈਟ ਵੱਲੋਂ ਖਿੱਚੀਆਂ ਗਈਆਂ ਤਸਵੀਰਾਂ ਨੇ ਇਤਿਹਾਸ ਦੇ ਇਸ ਕਾਲੇ ਪੰਨੇ ਬਾਰੇ ਸਾਨੂੰ ਹਮੇਸ਼ਾਂ ਲਈ ਆਗਾਹ ਕੀਤਾ ਕਿ ਅਜਿਹੇ ਵਿਨਾਸ਼ਕਾਰੀ ਕੁਕਰਮਾਂ ਤੋਂ ਆਧੁਨਿਕ ਮਨੁੱਖ ਨੂੰ ਬਚਣਾ ਚਾਹੀਦਾ ਹੈ। ਮਾਰਗਰੇਟ ਵਾਈਟ ਅਜਿਹੀ ਹਸਤੀ ਸੀ ਜਿਸ ਨੇ ਆਪਣੇ ਘਰ ਤੋਂ ਦੂਰ ਦੁਰਾਡੇ ਮੁਲਕ ਵਿੱਚ ਸੰਨ ਸੰਤਾਲੀ ਦੀ ਅਤਿ ਦੀ ਹੁੰਮਸ ਭਰੀ ਗਰਮ ਅਤੇ ਸਰਾਪੀ ਰੁੱਤ ਦੇ ਸੰਤਾਪ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਕੇ ਸਾਨੂੰ ਸਾਡੇ ਪੁਰਖਿਆਂ ਦੀ ਇਤਿਹਾਸਕ ਭੁੱਲ ਦੇ ਸਬਕ ਦਿੱਤੇ। ਉਸ ਦੀਆਂ ਤਸਵੀਰਾਂ ਵਿੱਚ ਇੱਕ ਦਰਦਮੰਦ ਧਿਰ ਵਾਲੀ ਆਹ ਹੈ। ਪੈਦਲ ਰਾਹੀ, ਬੈਲਗੱਡੀਆਂ, ਰੇਲ ਗੱਡੀਆਂ ਦੇ ਅੰਦਰ ਬਾਹਰ ਲਟਕਦੀਆਂ ਜ਼ਿੰਦਾਂ ਅਤੇ ਵਿਆਕੁਲ ਹੋਏ ਵਕਤ ਦੇ ਮਾਰੇ ਮਨੁੱਖੀ ਕਾਫ਼ਲੇ ਸੁਰੱਖਿਅਤ ਥਾਵਾਂ ਵੱਲ ਵਧ ਰਹੇ ਹਨ। ਮਾਰਗਰੇਟ ਵਾਈਟ ਨੇ ਆਪਣੀ ਡਾਇਰੀ ਦੇ ਪੰਨਿਆਂ ਵਿੱਚ ਦੁਨੀਆਂ ਦੀ ਇਸ ਇਤਿਹਾਸਕ ਘਟਨਾ ਦੇ ਹੌਲਨਾਕ ਦ੍ਰਿਸ਼ਾਂ ਦੇ ਬਿਰਤਾਂਤ ਵਿੱਚ ਉੱਜੜੇ ਲੋਕਾਂ ਨੂੰ ਰਫ਼ਿਊਜੀ ਕੈਂਪਾਂ 'ਚ ਜਿਉਂਦੀਆਂ ਮਨੁੱਖੀ ਕਬਰਾਂ ਲਿਖਿਆ ਹੈ। ਅਸੀਂ ਪੰਜਾਬ ਦੇ ਲੋਕ ਬਹੁਤ ਭੁਲੱਕੜ ਹਾਂ। ਅਸੀਂ ਤ੍ਰਾਸਦੀਆਂ ਨੂੰ ਬਹੁਤ ਛੇਤੀ ਭੁਲਾਇਆ ਹੈ। ਅਸੀਂ ਕਦੇ ਇਨ੍ਹਾਂ ਨੂੰ ਭੁੱਲਣ ਦਾ ਪਛਤਾਵਾ ਵੀ ਨਹੀਂ ਕੀਤਾ। ਭਾਵੇਂ ਦੁਨੀਆਂ ਭਰ ਦਾ ਇਤਿਹਾਸ ਮਨੁੱਖੀ ਗ਼ਲਤੀਆਂ ਨਾਲ ਭਰਿਆ ਪਿਆ ਹੈ, ਪਰ ਦੁਨੀਆਂ ਦੇ ਬਾਕੀ ਮੁਲਕਾਂ ਨੇ ਇਤਿਹਾਸ ਦੇ ਕੁਸੈਲੇ ਤਜਰਬਿਆਂ ਨੂੰ ਅਜਾਇਬਘਰਾਂ ਵਿੱਚ ਸਹੇਜ ਕੇ ਰੱਖਿਆ ਹੈ ਤਾਂ ਜੋ ਇਸ ਤੋਂ ਸਬਕ ਸਿੱਖਿਆ ਜਾ ਸਕੇ। ਪੰਜਾਬੀਆਂ ਨੇ ਅਜਿਹਾ ਉੱਦਮ ਨਹੀਂ ਕੀਤਾ। ਮਾਰਗਰੇਟ ਵਾਈਟ ਇੱਕ ਮਹਿਲਾ ਅਤੇ ਫੋਟੋ ਪੱਤਰਕਾਰ ਦੋਵਾਂ ਵਜੋਂ ਹੀ ਵਿਲੱਖਣ ਸੀ। ਉਹ ਦੁਨੀਆਂ ਦੀ ਪਹਿਲੀ ਮਹਿਲਾ ਜੰਗੀ ਫੋਟੋ ਪੱਤਰਕਾਰ, ਕੌਮਾਂਤਰੀ ਪ੍ਰਸਿੱਧੀ ਵਾਲੇ ਅੰਗਰੇਜ਼ੀ ਰਸਾਲੇ 'ਲਾਈਫ' ਦੀ ਪਹਿਲੀ ਮਹਿਲਾ ਫੋਟੋ ਪੱਤਰਕਾਰ ਅਤੇ ਦੂਜੀ ਆਲਮੀ ਜੰਗ ਵੇਲੇ ਪਹਿਲੀ ਮਹਿਲਾ ਫੋਟੋ ਪੱਤਰਕਾਰ ਸੀ ਜਿਸ ਨੇ ਜੰਗ ਦੇ ਮੈਦਾਨ ਦੇ ਧੁਰ ਅੰਦਰ ਜਾ ਕੇ ਫੋਟੋਗ੍ਰਾਫੀ ਕੀਤੀ। ਉਹ ਪਹਿਲੀ ਪੱਛਮੀ ਪੱਤਰਕਾਰ ਸੀ ਜੋ ਸੋਵੀਅਤ ਸੰਘ ਵਿੱਚ ਪੱਤਰਕਾਰੀ ਲਈ ਨਾਮਜ਼ਦ ਹੋਈ। ਦਰਅਸਲ, ਉਹ ਪਹਿਲੀ ਮਹਿਲਾ ਪੱਤਰਕਾਰ ਹੈ ਜਿਸ ਨੇ ਵੀਹਵੀਂ ਸਦੀ ਦੇ ਪਹਿਲੇ ਅੱਧ ਦੀਆਂ ਲਗਭਗ ਸਾਰੀਆਂ ਪ੍ਰਮੁੱਖ ਘਟਨਾਵਾਂ ਨੂੰ ਕਵਰ ਕੀਤਾ। ਉਹ ਆਪਣੇ ਕਾਰਜਾਂ ਕਰਕੇ ਅੱਜ ਵੀ ਜ਼ਿੰਦਾ ਹੈ।

**ਰਣਦੀਪ ਮੱਦੋਕੇ**



# ਵਿਗਿਆਨ ਬਨਾਮ ਅੰਧ ਵਿਸ਼ਵਾਸ

**{ ਦੋ ਹਫ਼ਤਿਆਂ ਤੋਂ ਵੱਧ ਦਾ ਸਮਾਂ ਗੁਫਾ ਅੰਦਰ ਬਿਤਾਉਣ ਵਾਲੇ ਬੱਚਿਆਂ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਬੱਚਿਆਂ ਨੂੰ, ਉਹਨਾਂ ਦੇ ਬਚਾਉ ਕਾਰਜ ਦੌਰਾਨ ਸ਼ਹੀਦ ਹੋਣ ਵਾਲੇ ਕਮਾਂਡੋ ਸਮਨ ਕੁਨਨ ਦੀ ਕਹਾਣੀ ਸੁਣਾਈ ਤਾਂ ਸੱਭ ਬੱਚਿਆਂ ਨੇ ਸ਼ਹੀਦ ਕਮਾਂਡੋ ਦੀ ਤਸਵੀਰ ਹੱਥਾਂ ਵਿੱਚ ਲੈ ਕੇ ਪ੍ਰਣ ਕੀਤਾ ਕਿ 'ਕਮਾਂਡੋ ! }**

**ਇਕਵਾਕ ਸਿੰਘ ਪੱਟੀ**
**ਮੋ. 98150-24920**

23 ਜੂਨ ਨੂੰ ਉੱਤਰੀ ਥਾਈਲੈਂਡ ਦੀ ਥਾਮ ਲੁਆਂਗ ਗੁਫਾ ਵਿੱਚ ਦਾਖਲ ਹੋਈ 'ਵਾਈਲਡ ਬੋਰਸ ਨਾਮੀਂ ਜੂਨੀਅਰ ਫੁਟਬਾਲ ਖਿਡਾਰੀਆਂ ਦੀ ਟੀਮ ਵਿੱਚ ਸ਼ਾਮਲ ਗਿਆਰਾਂ ਤੋਂ ਸੋਲਾਂ ਸਾਲ ਦੀ ਉਮਰ ਦੇ ਫੁਟਬਾਲ ਦੇ ਬਾਰਾਂ ਖਿਡਾਰੀ ਆਪਣੇ ੨੫ ਸਾਲਾ ਕੋਚ ਏਕਾਪੋਲ ਚਾਂਤਾਂਵੋਂਗ ਸਮੇਤ ਗੁਫਾ ਦੇ ਅੰਦਰ ਹੀ ਫਸ ਗਏ ਸਨ। ਇਸ ਘਟਨਾ ਨੇ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਕੇਂਦਰਿਤ ਕੀਤਾ। ਉਪਰੋਕਤ ਖਿਡਾਰੀ ਪ੍ਰੈਕਟਿਸ ਕਰਨ ਤੋਂ ਬਾਅਦ ਪਹਾੜਾਂ ਵੱਲ ਨਿਕਲ ਗਏ ਅਤੇ ਤੇਜ਼ ਬਾਰਸ਼ ਕਾਰਨ ਅੰਦਰ ਹੀ ਫਸ ਗਏ। ਥਾਈਲੈਂਡ ਦੇ ਨੇਵੀ ਸੀਲ ਦੀਆਂ ਬਚਾਅ ਟੀਮਾਂ ਵੱਲੋਂ ਉਹਨਾਂ ਨੂੰ ਬਾਹਰ ਕੱਢਣ ਲਈ ਗੁਫਾ ਦੇ ਦੁਆਲੇ ਸੌ ਤੋਂ ਵੱਧ ਸੁਰੰਗਾਂ ਪੁੱਟੀਆਂ ਗਈਆਂ ਪਰ ਆਖੀਰ ਗੁਫਾ ਦੇ ਆਮ ਰਸਤੇ ਤੋਂ ਹੀ ਉਹਨਾਂ ਨੂੰ ਬਾਹਰ ਕੱਢਿਆ ਜਾ ਸਕਿਆ। ਅੰਦਰ ਘੱਟ ਆਕਸੀਜਨ ਕਾਰਨ ਪਹਿਲਾਂ ਪਾਈਪ ਲਾਈਨ ਰਾਹੀਂ ਗੁਫਾ ਅੰਦਰ ਆਕਸੀਜਨ ਅਤੇ ਤਾਜ਼ਾ ਹਵਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੌਰਾਨ ਬਚਾਅ ਕਾਰਜ ਟੀਮ ਦੇ ਕਮਾਂਡੋ ਸਮਨ ਕੁਨਨ ਦੀ ਮੌਤ ਹੋ ਗਈ। ਆਖਿਰ ਭਾਰੀ ਜਦੋ ਜਹਿਦ ਤੋਂ ਬਾਅਦ ਸਾਰਿਆਂ ਨੂੰ ਬਚਾ ਲਿਆ ਗਿਆ।ਦੋ ਹਫ਼ਤਿਆਂ ਤੋਂ ਵੱਧ ਦਾ ਸਮਾਂ ਗੁਫਾ ਅੰਦਰ ਬਿਤਾਉਣ ਵਾਲੇ ਬੱਚਿਆਂ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਬੱਚਿਆਂ ਨੂੰ, ਉਹਨਾਂ ਦੇ ਬਚਾਉ ਕਾਰਜ ਦੌਰਾਨ ਸ਼ਹੀਦ ਹੋਣ ਵਾਲੇ ਕਮਾਂਡੋ ਸਮਨ ਕੁਨਨ ਦੀ ਕਹਾਣੀ ਸੁਣਾਈ ਤਾਂ ਸੱਭ ਬੱਚਿਆਂ ਨੇ ਸ਼ਹੀਦ ਕਮਾਂਡੋ ਦੀ ਤਸਵੀਰ ਹੱਥਾਂ ਵਿੱਚ ਲੈ ਕੇ ਪ੍ਰਣ ਕੀਤਾ ਕਿ 'ਕਮਾਂਡੋ ! ਅਸੀਂ ਵਾਅਦਾ ਕਰਦੇ ਹਾਂ ਕਿ ਅਸੀਂ ਸਭ ਚੰਗੇ ਇਨਸਾਨ ਬਣਾਂਗੇ, ਚੰਗਾ ਜੀਵਨ ਜੀਵਾਂਗੇ ਅਤੇ ਦੇਸ਼ ਦੀ ਭਲਾਈ ਲਈ ਜੀਵਾਂਗੇ।'

ਇੱਕ ਪਾਸੇ ਤਾਂ ਵਿਗਿਆਨ ਦੀ ਮੱਦਦ ਨਾਲ ੧੩ ਜਾਨਾਂ ਬਚਾ ਲਈਆਂ ਗਈਆਂ ਅਤੇ ਦੂਜੇ ਪਾਸੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਪਰਵਾਰ ਦੇ ੧੧ ਜੀਆਂ ਦੀ ਅੰਧ-ਵਿਸ਼ਵਾਸ਼ ਦੇ ਚੱਲਦਿਆਂ ਆਤਮ ਹੱਤਿਆ ਕਰ ਲੈਣ ਕਾਰਣ ਮੌਤ ਹੋ ਗਈ। ਇਸ ਬਾਰੇ ਸੋਸ਼ਲ ਮੀਡੀਆ ਤੇ ਵੀ ਖ਼ੂਬ ਗੱਲ-ਬਾਤ ਅਤੇ ਬਹਿਸ ਹੁੰਦੀ ਰਹੀ। ਕਿ ਇਸ ਦੌਰਾਨ ਖਬਰ ਆ ਗਈ ਕਿ, 'ਉਪਰੋਕਤ ਖਿਡਾਰੀਆਂ ਅਤੇ ਉਹਨਾਂ ਦਾ ਕੋਚ ਦਾ ਸ਼ੁੱਧੀਕਰਨ ਕਰਨ ਲਈ, ਉਹਨਾਂ ਨੂੰ ੯ ਦਿਨ ਮੰਦਰ ਵਿੱਚ ਰਹਿਣਾ ਪਵੇਗਾ ਕਿਉਂਕਿ ਉਹ ੯ ਦਿਨ ਗੁਫਾ ਵਿੱਚ ਰਹਿ ਕੇ ਆਏ ਹਨ। ਇਸ ਦੌਰਾਨ ਇਹ ਮੰਦਰ ਵਿੱਚ ਰੋਜ਼ਾਨਾ ਸਫਾਈ ਕਰਨਗੇ, ਮੁੰਡਨ ਕਰਵਾਉਣਗੇ ਅਤੇ ਸਿੱਖਿਆ ਗ੍ਰਹਿਣ ਕਰਨਗੇ, ਇਹਨਾਂ ਵਿੱਚ ਇੱਕ ਖਿਡਾਰੀ ਨੂੰ ਇਹ ਸਭ ਕਰਨ ਤੋਂ ਰਿਆਇਤ ਹੋਵੇਗੀ ਕਿਉਂਕਿ ਉਹ ਕਿਸੇ ਹੋਰ ਧਰਮ ਨਾਲ ਸਬੰਧਿਤ ਹੈ।

ਇਹਨਾਂ ਖ਼ਬਰਾਂ ਨਾਲ ਹੈਰਾਨੀ ਜ਼ਰੂਰ ਹੋਈ ਕਿ ਵਿਗਿਆਨ ਦੇ ਯੁੱਗ ਵਿੱਚ ਵੀ ਅੰਧ-ਵਿਸ਼ਵਾਸ਼ ਪਹਿਲਾਂ ਦੀ ਤਰ੍ਹਾਂ ਹੀ ਮਨੁੱਖੀ ਸੋਚ ਤੇ ਭਾਰੂ ਹੈ, ਫਿਰ ਉਹ ਦੇਸ਼ ਹੋਵੇ ਜਾਂ ਵਿਦੇਸ਼। ਜਦਕਿ ਵਿਗਿਆਨ ਅਤੇ ਧਰਮ ਦੋਨੋਂ ਹੀ ਕਰਮਕਾਂਡਾਂ ਅਤੇ ਅੰਧਵਿਸ਼ਾਵਾਸ਼ਾਂ ਨੂੰ ਰੱਦ ਕਰਦੇ ਹਨ, ਪਰ ਫਿਰ ਵੀ ਧਰਮ ਦੇ ਨਾਂ ਤੇ ਹੀ ਸੱਭ ਤੋਂ ਜਿਆਦਾ ਅੰਧਵਿਸ਼ਵਾਸ਼ ਕੀਤੇ ਜਾਂਦੇ ਸਨ ਅਤੇ ਕੀਤੇ ਜਾ ਰਹੇ ਹਨ।

# ਬੇਹੱਦ ਖੌਫ਼ਨਾਕ ਹੈ ਜਾਪਾਨ 'ਚ ਬੁਲੇਟ ਟਰੇਨ ਦੇ ਕਰਮਚਾਰੀਆਂ ਦੀ ਟ੍ਰੇਨਿੰਗ

ਟੋਕੀਓ — ਜਾਪਾਨ ਵਿਚ ਬੁਲੇਟ ਟਰੇਨ ਦਾ ਰੱਖ-ਰਖਾਅ ਕਰਨ ਵਾਲੇ ਕਰਮਚਾਰੀਆਂ ਨੂੰ ਇਕ ਖਾਸ ਤਰ੍ਹਾਂ ਦੀ ਟ੍ਰੇਨਿੰਗ 'ਚੋਂ ਲੰਘਣਾ ਪੈਂਦਾ ਹੈ। ਇਸ ਦੌਰਾਨ ਉਨ੍ਹਾਂ ਨੂੰ ਸੁਰੰਗ ਵਿਚ ਪ੍ਰਤੀ ਘੰਟੇ 300 ਕਿਲੋਮੀਟਰ ਦੀ ਰਫਤਾਰ ਨਾਲ ਚੱਲ ਰਹੀ ਬੁਲੇਟ ਟਰੇਨ ਦੀ ਲਾਈਨ ਦੇ ਠੀਕ ਬਗਲ 'ਚ ਬੈਠਣਾ ਪੈਂਦਾ ਹੈ। ਰੇਲ ਕੰਪਨੀ ਵੀ. ਆਰ. ਵੈਸਟ ਨੇ ਬੁਲੇਟ ਟਰੇਨ ਦੀ ਸੁਰੱਖਿਆ ਲਈ ਅਪਣਾਈ ਜਾਣ ਵਾਲੀ ਇਸ ਕਵਾਇਦ ਦਾ ਬਚਾਅ ਕੀਤਾ ਹੈ, ਜਿਸ ਦੇ ਤਹਿਤ ਕਰਮਚਾਰੀਆਂ ਨੂੰ ਸੁਰੰਗ ਦੇ ਅੰਦਰ ਲਾਈਨ ਦੇ ਬਿਲਕੁਲ ਬਗਲ 'ਚ ਬੈਠਣਾ ਪੈਂਦਾ ਹੈ। ਇਸ ਟ੍ਰੇਨਿੰਗ ਦਾ ਮਕਸਦ ਕਰਮਚਾਰੀਆਂ ਨੂੰ ਇਹ ਜਤਾਉਣਾ ਹੁੰਦਾ ਹੈ ਕਿ ਟਰੇਨ ਬਹੁਤ ਤੇਜ਼ ਰਫਤਾਰ ਨਾਲ ਦੌੜਦੀ ਹੈ ਅਤੇ ਉਨ੍ਹਾਂ ਨੂੰ ਵੀ ਆਪਣਾ ਕੰਮ ਗੰਭੀਰਤਾ ਨਾਲ ਕਰਨ ਦੀ ਲੋੜ ਹੈ। ਕੰਪਨੀ ਨੇ ਦੱਸਿਆ ਕਿ ਕੁਝ ਕਰਮਚਾਰੀਆਂ ਤੋਂ ਸ਼ਿਕਾਇਤਾਂ ਮਿਲੀਆਂ ਹਨ ਪਰ ਇਸ 'ਚ ਬਦਲਾਅ ਨਹੀਂ ਕੀਤਾ ਜਾਵੇਗਾ। ਕੰਪਨੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਜਾਪਾਨ ਦੀ ਸ਼ਿੰਕੇਨਸੇਨ ਬੁਲੇਟ ਟਰੇਨ ਦੇ ਰੱਖ-ਰਖਾਅ ਲਈ ਤਕਰੀਬਨ 190 ਕਰਮਚਾਰੀਆਂ ਨੂੰ ਟ੍ਰੇਨਿੰਗ ਮਿਲੀ ਹੈ। ਉਨ੍ਹਾਂ ਨੇ ਕਿਹਾ, "ਟ੍ਰੇਨਿੰਗ ਦੌਰਾਨ ਕਰਮਚਾਰੀਆਂ ਨੂੰ ਉਨ੍ਹਾਂ ਦੀ ਨੌਕਰੀ ਦੇ ਹਰੇਕ ਮਹੱਤਵਪੂਰਨ ਪਹਿਲੂਆਂ ਬਾਰੇ ਦੱਸਿਆ ਜਾਂਦਾ ਹੈ।" ਉਨ੍ਹਾਂ ਨੇ ਕਿਹਾ ਕਿ ਟ੍ਰੇਨਿੰਗ ਦੌਰਾਨ ਅਸੀਂ ਸੁਰੱਖਿਆ 'ਤੇ ਬਹੁਤ ਨੇੜੇ ਤੋਂ ਨਜ਼ਰ ਰੱਖਦੇ ਹਾਂ। ਕੰਪਨੀ ਨੇ ਕਿਹਾ ਕਿ ਖਾਸ ਉਦੇਸ਼ ਅਤੇ ਸੁਰੱਖਿਆ ਯਕੀਨੀ ਕਰਨ ਲਈ ਇਹ ਟ੍ਰੇਨਿੰਗ ਜਾਰੀ ਰਹੇਗੀ। ਅਗਸਤ 2015 'ਚ ਹਾਦਸੇ ਮਗਰੋਂ ਜੇ. ਆਰ. ਵੈਸਟ ਨੇ ਇਸ ਟ੍ਰੇਨਿੰਗ ਦੀ ਸ਼ੁਰੂਆਤ ਕੀਤੀ ਸੀ। ਸੁਰੱਖਿਆ ਲਈ ਭਾਵੇਂ ਹੀ ਇਸ ਟ੍ਰੇਨਿੰਗ 'ਚੋਂ ਕਰਮਚਾਰੀਆਂ ਨੂੰ ਲੰਘਣਾ ਜ਼ਰੂਰੀ ਹੋਵੇ ਪਰ ਕੁਝ ਕਰਮਚਾਰੀਆਂ ਲਈ ਇਹ ਦਿਲ ਦਹਿਲਾਉਣ ਵਾਲਾ ਅਨੁਭਵ ਸਾਬਤ ਹੁੰਦਾ ਹੈ। ਟੋਕੀਆ ਦੀ ਇਕ ਅਖਬਾਰ ਨੇ ਕਰਮਚਾਰੀ ਦੇ ਹਵਾਲੇ ਨਾਲ ਕਿਹਾ ਕਿ ਇਹ ਬੇਹੱਦ ਖੌਫਨਾਕ ਅਨੁਭਵ ਸੀ। ਇਕ ਹੋਰ ਕਰਮਚਾਰੀ ਨੇ ਇਸ ਤਜਰਬੇ ਨੂੰ ਸਜ਼ਾ ਵਾਂਗ ਦੱਸਿਆ।



**ਲੋਕ ਪੈਸੇ ਦੀ ਦੌੜ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਪੰਜਾਬ ਵਿੱਚ ਫ਼ਸਲਾਂ ਦੀ ਥਾਂ ਵੱਡੀਆਂ ਵੱਡੀਆਂ ਇਮਾਰਤਾਂ ਦਾ ਜੰਗਲ ਉੱਗ ਆਇਆ ਹੈ। ਇਨ੍ਹਾਂ ਜੰਗਲਾਂ ਨੇ ਪ੍ਰੋ. ਪੂਰਨ ਸਿੰਘ ਦਾ ਪੰਜਾਬ ਖੋਹ ਲਿਆ ਹੈ। ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ, ਪਰ ਗ਼ਰੀਬ ਦਾ ਜਿਉਣਾ ਦੁੱਭਰ ਹੋ ਰਿਹਾ ਹੈ ਕਿਉਂਕਿ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਹਾਸ਼ੀਏ 'ਤੇ ਬੈਠੇ ਲੋਕ ਖ਼ਾਮੋਸ਼ ਹਨ। ਉਹ ਦੇਖ ਰਹੇ ਹਨ ਕਿ ਇਹ ਵਿਕਾਸ ਉਨ੍ਹਾਂ ਨੂੰ ਕਿੱਥੇ ਤਕ ਲੈ ਕੇ**

# ਬੰਜਰ ਤੇ ਖੰਡਰ ਹੁੰਦਾ ਪੰਜਾਬ



ਬੁੱਧ ਸਿੰਘ ਨੀਲੋਂ
ਸੰਪਰਕ: 94643-70823

ਪੰਜਾਬ ਨੂੰ ਸੱਭਿਅਤਾ ਦਾ ਪੰਘੂੜਾ ਕਿਹਾ ਜਾਂਦਾ ਹੈ ਜਿੱਥੇ ਧਰਤੀ ਸੋਨਾ ਉਗਲਦੀ ਸੀ, ਵਾਤਾਵਰਨ ਵਿੱਚ ਮਿਠਾਸ ਸੀ, ਪਾਣੀ ਇਸ ਦਾ ਅੰਮ੍ਰਿਤ ਸੀ। ਇਸ ਧਰਤੀ ਦੀ ਗੋਦ ਵਿੱਚ ਆਉਂਦਾ ਹਰ ਪ੍ਰਾਣੀ ਇੱਥੋਂ ਦਾ ਹੀ ਹੋ ਕੇ ਰਹਿ ਜਾਂਦਾ। ਇੱਥੋਂ ਦੇ ਵਾਸੀ ਇੱਕ-ਦੂਜੇ ਲਈ ਜਾਨਾਂ ਵਾਰਦੇ ਸਨ। ਮੁਹੱਬਤ ਦੀ ਨਦੀ ਵਗਦੀ ਸੀ। ਸੰਗੀਤ ਦਾ ਝਰਨਾ ਸੀ। ਅਣਖ਼ੀਲੇ ਸੁਭਾਅ ਦੇ ਮਾਲਕ ਪੰਜਾਬ ਨੇ ਕਦੇ ਵੀ ਦੁਸ਼ਮਣ ਵੱਲ ਕੰਡ ਨਹੀਂ ਕੀਤੀ ਸਗੋਂ ਹਰ ਹਮਲੇ ਨੂੰ ਹਿੱਕ ਦੇ ਜ਼ੋਰ ਨਾਲ ਪਛਾੜਿਆ। ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਨੇ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਦੇਸ਼ ਨੂੰ ਬ੍ਰਿਟਿਸ਼ ਹਕੂਮਤ ਤੋਂ ਨਿਜਾਤ ਦਿਵਾਈ। ਆਜ਼ਾਦੀ ਤੋਂ ਬਾਅਦ ਭੁੱਖੇ ਮਰ ਰਹੇ ਦੇਸ਼ ਨੂੰ ਅੰਨ ਨਾਲ ਮਾਲਾਮਾਲ ਕਰਨ ਵਾਲਾ ਵੀ ਪੰਜਾਬ ਹੈ। ਦੁੱਧ ਦੀਆਂ ਨਦੀਆਂ ਵਰਗਾਈਆਂ। ਇਨ੍ਹਾਂ ਹੋਈਆਂ-ਬੀਤੀਆਂ ਨੂੰ ਹਾਲੇ ਗਿਣਤੀ ਦੇ ਵਰ੍ਹੇ ਹੀ ਹੋਏ ਹਨ, ਪਰ ਇਸ ਦੌਰਾਨ ਪੰਜਾਬ ਇੰਨਾ ਬਦਲ ਗਿਆ ਹੈ ਜਾਂ ਬਦਲ ਦਿੱਤਾ ਗਿਆ ਹੈ ਜਿਸ ਨੂੰ ਸਮਝਣ ਦੀ ਜ਼ਰੂਰਤ ਹੈ।ਪੰਜਾਬ ਨੂੰ ਜਿਸ ਸਾਜ਼ਿਸ਼ ਅਧੀਨ ਲਤਾੜਿਆ ਜਾ ਰਿਹਾ ਹੈ, ਉਸ ਪਿੱਛੇ ਕਿਹੜੀਆਂ ਤਾਕਤਾਂ ਦੇ ਕਿਹੜੇ ਪਿੱਠੂ ਹਨ? ਇਸ ਬਾਰੇ ਵੀ ਖੋਜ ਕਰਨ ਦੀ ਲੋੜ ਹੈ। ਹਰਿਆ-ਭਰਿਆ, ਚਹਿਕਦਾ-ਮਹਿਕਦਾ, ਟਹਿਕਦਾ ਪੰਜਾਬ ਅੱਜ ਚਾਰੇ ਪਾਸਿਓਂ ਮੁਰਝਾ ਕਿਉਂ ਰਿਹਾ ਹੈ? ਇਸਦੇ ਖੇਤਾਂ ਵਿੱਚ ਫ਼ਸਲਾਂ ਦੀ ਥਾਂ ਕਦੇ ਬੰਦੂਕਾਂ ਉੱਗਦੀਆਂ ਰਹੀਆਂ, ਹੁਣ ਖ਼ੁਦਕਸ਼ੀਆਂ ਉੱਗਣ ਲੱਗ ਪਈਆਂ ਹਨ।

ਪੰਜਾਬ ਦੀ ਧਰਤੀ 'ਤੇ ਫ਼ਸਲਾਂ ਤੋਂ ਬੰਦੂਕਾਂ ਉੱਗਣ ਦੇ ਸਫ਼ਰ ਉੱਤੇ ਪੰਛੀ-ਝਾਤ ਮਾਰੀਏ ਤਾਂ ਬਿਨਾਂ ਨਿਰਾਸ਼ਾ ਤੋਂ ਕੁਝ ਪੱਲੇ ਨਹੀਂ ਪੈਂਦਾ ਕਿਉਂਕਿ ਕੁਝ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੀ ਚੌਧਰ ਕਾਇਮ ਰੱਖਣ ਲਈ ਪੰਜਾਬ ਨੂੰ ਗਹਿਣੇ ਧਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਇਉਂ ਕਰਨ ਨਾਲ ਭਵਿੱਖ ਵਿੱਚ ਪੰਜਾਬ ਦੀ ਹਾਲਤ ਕੀ ਹੋਵੇਗੀ? ਹਜ਼ਾਰਾਂ ਗੱਭਰੂ ਮਾਰੇ ਗਏ, ਹਜ਼ਾਰਾਂ ਘਰ ਬਰਬਾਦ ਹੋ ਗਏ ਅਤੇ ਨਮੋਸ਼ੀ ਤੋਂ ਬਿਨਾਂ ਪੱਲੇ ਕੁਝ ਨਹੀਂ ਪਿਆ ਹੁਣ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ। ਧਰਤੀ ਹੇਠਲਾ ਪਾਣੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਜੋ ਪਾਣੀ ਮਿਲਦਾ ਵੀ ਹੈ, ਉਹ ਜ਼ਹਿਰੀਲਾ ਹੋ ਗਿਆ ਹੈ। ਇਹ ਪੀਣ ਯੋਗ ਨਹੀਂ ਰਿਹਾ। ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਜ਼ਹਿਰੀਲੀਆਂ ਦਵਾਈਆਂ ਦੇ ਅੰਸ਼ ਭੋਜਨ ਲੜੀ ਵਿੱਚ ਸ਼ਾਮਲ ਹੋ ਕੇ ਪੰਜਾਬੀਆਂ ਦੇ ਸਰੀਰਾਂ ਵਿੱਚ ਵੜ ਗਏ ਹਨ। ਸਿੱਟੇ ਵਜੋਂ ਪੰਜਾਬ ਦਾ ਹਰ ਸ਼ਖ਼ਸ ਕਿਸੇ ਨਾ ਕਿਸੇ ਬਿਮਾਰੀ ਦੀ ਲਪੇਟ ਵਿੱਚ ਹੈ। ਜਾਨਲੇਵਾ ਬਿਮਾਰੀਆਂ ਨੇ ਰੋਜ਼ ਅਨੇਕਾਂ ਜਾਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੀ ਧਰਤੀ, ਪਾਣੀ, ਵਾਤਾਵਰਨ ਤੇ ਖਾਣ-ਪੀਣ ਦੀਆਂ ਵਸਤਾਂ ਨੂੰ ਜ਼ਹਿਰੀਲੀਆਂ ਕਰਨ ਵਾਲੀਆਂ ਧਿਰਾਂ ਕਿਹੜੀਆਂ ਹਨ? ਇਨ੍ਹਾਂ ਦੀ ਨਿਸ਼ਾਨਦੇਹੀ ਕੌਣ ਕਰੇਗਾ? ਪੰਜਾਬ ਦਾ ਹਰ ਸ਼ਖ਼ਸ ਕਿਸੇ ਨ ਾ ਕਿਸੇ ਕਾਰਨ ਦੁਖੀ ਹੈ। ਵਿਸ਼ਵੀਕਰਨ ਦੇ ਰੌਲੇ ਨੇ ਉਸ ਨੂੰ ਹੋਰ ਵੀ ਭੰਬਲਭੂਸੇ ਵਿੱਚ ਪਾ ਦਿੱਤਾ ਹੈ। ਉਸ ਦੇ ਮਨ ਵਿੱਚਉੱਠਦੇ ਤਰ੍ਹਾਂ ਤਰ੍ਹਾਂ ਦੇ ਸਵਾਲਾਂ ਦਾ ਜਵਾਬ ਕਦੇ ਵੀ ਨਹੀਂ ਮਿਲਣਾ। ਇਸ ਦੇ ਉਲਟ ਵਿਕਾਸ ਦੇ ਨਾਂ 'ਤੇ ਵਿਨਾਸ਼ ਕੀਤਾ ਜਾ ਰਿਹਾ ਹੈ। ਪੰਜਾਬ ਦੀ ਕਿਸਾਨੀ ਅੱਜ ਖ਼ੁਦਕੁਸ਼ੀਆਂ ਤਕ ਪੁੱਜ ਗਈ ਹੈ। ਪੰਜਾਬ ਨੂੰ ਚੁਫ਼ੇਰਿਉਂ ਲੁੱਟਿਆ ਜਾ ਰਿਹਾ ਹੈ ਅਤੇ ਅਸੀਂ ਤਮਾਸ਼ਬੀਨ ਬਣੇ ਦੇਖ ਰਹੇ ਹਾਂ।

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਸਿਉਂਕ ਲੱਗ ਗਈ ਹੈ। ਕਿਰਤ ਦਾ ਸੰਕਲਪ ਖ਼ਤਮ ਹੋ ਰਿਹਾ ਹੈ। ਗ਼ੈਰ-ਪੰਜਾਬੀਆਂ ਦੀ ਆਮਦ ਕਾਰਨ ਪੈਦਾ ਹੋਏ ਮਾਹੌਲ ਦੇ ਸਿੱਟੇ ਆਉਣੇ ਸ਼ੁਰੂ ਹੋ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਵੇਚ ਕੇ ਵਿਦੇਸ਼ਾਂ ਨੂੰ ਦੌੜ ਰਹੇ ਹਨ। ਬੇਰੁਜ਼ਗਾਰੀ ਨਿਰੰਤਰ ਵਧ ਰਹੀ ਹੈ। ਸਰਕਾਰੀ ਕਰਮਚਾਰੀਆਂ ਨੂੰ ਆਪਣੀਆਂ ਮੰਗਾਂ ਖਾਤਰ ਧਰਨੇ ਦੇਣੇ ਪੈਂਦੇ ਹਨ। ਲੋਕ ਪੈਸੇ ਦੀ ਦੌੜ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਪੰਜਾਬ ਵਿੱਚ ਫ਼ਸਲਾਂ ਦੀ ਥਾਂ ਵੱਡੀਆਂ ਵੱਡੀਆਂ ਇਮਾਰਤਾਂ ਦਾ ਜੰਗਲ ਉੱਗ ਆਇਆ ਹੈ। ਇਨ੍ਹਾਂ ਜੰਗਲਾਂ ਨੇ ਪ੍ਰੋ. ਪੂਰਨ ਸਿੰਘ ਦਾ ਪੰਜਾਬ ਖੋਹ ਲਿਆ ਹੈ। ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ, ਪਰ ਗ਼ਰੀਬ ਦਾ ਜਿਉਣਾ ਦੁੱਭਰ ਹੋ ਰਿਹਾ ਹੈ ਕਿਉਂਕਿ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਹਾਸ਼ੀਏ 'ਤੇ ਬੈਠੇ ਲੋਕ ਖ਼ਾਮੋਸ਼ ਹਨ। ਉਹ ਦੇਖ ਰਹੇ ਹਨ ਕਿ ਇਹ ਵਿਕਾਸ ਉਨ੍ਹਾਂ ਨੂੰ ਕਿੱਥੇ ਤਕ ਲੈ ਕੇ ਜਾਵੇਗਾ?

ਜ਼ਿਆਦਾਤਰ ਸਿਆਸੀ ਪਾਰਟੀਆਂ ਤਾਂ ਬਹੁਕੌਮੀ ਕੰਪਨੀਆਂ ਦੀਆਂ ਦਲਾਲ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਕੋਲੋਂ ਦੇਸ਼ ਨੂੰ ਬਚਾਈ ਰੱਖਣ ਦੀ ਆਸ ਕਰਨੀ ਬੜੀ ਵੱਡੀ ਭੁੱਲ ਹੋਵੇਗੀ। ਜੋ ਕੁਝ ਲੁੱਟਿਆ ਜਾ ਸਕਦਾ ਹੈ, ਬਹੁਕੌਮੀ ਕੰਪਨੀਆਂ ਲੁੱਟ ਰਹੀਆਂ ਹਨ। ਹੱਸਦਾ-ਵੱਸਦਾ ਪੰਜਾਬ ਅੱਜ ਰੋ ਕਿਉਂ ਰਿਹਾ ਹੈ? ਇਸ ਦੀਆਂ ਅੱਖਾਂ ਦੇ ਅੱਥਰੂ ਕੌਣ ਪੂੰਝੇਗਾ? ਪੰਜਾਬੀ ਸੱਭਿਆਚਾਰ ਪ੍ਰਦੂਸ਼ਿਤ ਕਰ ਦਿੱਤਾ ਗਿਆ ਹੈ। ਸਾਡੇ ਗੀਤਕਾਰ ਤੇ ਗਾਇਕ ਦਮੜੀਆਂ ਦੇ ਲਾਲਚਵੱਸ ਆਪਣੀ ਅਣਖ ਵੇਚੀ ਜਾ ਰਹੇ ਹਨ। ਟੀ.ਵੀ. ਉੱਪਰ ਆਉਂਦੇ ਲੜੀਵਾਰ ਸਾਡੇ ਪਰਿਵਾਰਕ ਰਿਸ਼ਤਿਆਂ ਨਾਲ ਖਿਲਵਾੜ ਕਰ ਰਹੇ ਹਨ।

ਇਲੈਕਟ੍ਰਾਨਿਕ ਮੀਡੀਆ ਅਤੇ ਮੋਬਾਈਲ ਫ਼ੋਨ ਪੰਜਾਬ ਨੂੰ ਨਸ਼ਿਆਂ ਅਤੇ ਦੇਹ ਦੀ ਮੰਡੀ ਵਿੱਚ ਤਬਦੀਲ ਕਰ ਰਹੇ ਹਨ। ਪੰਜਾਬ ਦਾ ਅਣਖੀਲਾ ਤੇ ਗੁਰੀਲਾ ਸੁਭਾਅ ਖੰਭ ਲਾ ਕੇ ਉੱਡ ਗਿਆ ਹੈ। ਅੱਜ ਸਾਨੂੰ ਸਭ ਪੰਜਾਬੀਆਂ ਨੂੰ ਸੋਚਣ ਦੀ ਲੋੜ ਹੈ ਕਿ ਕੌਣ ਹੈ ਜੋ ਪੰਜਾਬ ਨੂੰ ਖੋਖਲਾ ਕਰੀ ਜਾ ਰਿਹਾ ਹੈ? ਇਸ ਲਈ ਕਿਸੇ ਪੀਰ ਪੈਗੰਬਰ ਨੇ ਨਹੀਂ ਆਉਣਾ ਸਗੋਂ ਸਾਨੂੰ ਖ਼ੁਦ ਕੁਝ ਕਰਨਾ ਪਵੇਗਾ। ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ, ਪੰਜਾਬ ਨੂੰ ਬੰਜਰ, ਖੰਡਰ ਅਤੇ ਜ਼ਹਿਰੀਲਾ ਹੋਣ ਤੋਂ ਬਚਾਈਏ।

# ਸਰੀਰਿਕ ਲੋੜ ਅਨੁਸਾਰ ਹੋਵੇ



ਡਾ. ਕੁਲਵੀਰ ਕੌਰ (ਪ੍ਰੋ.)

ਫਰਨੀਚਰ ਦੀ ਵਰਤੋਂ ਘਰ ਵਿੱਚ ਕਈ ਕੰਮਾਂ ਲਈ ਕੀਤੀ ਜਾਂਦੀ ਹੈ ਜਿਵੇਂ ਕਿ ਸੌਣ ਲਈ, ਕੁਝ ਖ਼ਾਸ ਕੰਮ ਜਿਵੇਂ ਕਿ ਪੜ੍ਹਨ, ਖਾਣਾ ਖਾਣ ਲਈ ਜਾਂ ਵਿਹਲੇ ਸਮੇਂ ਦੌਰਾਨ ਆਨੰਦ ਮਾਨਣ ਲਈ। ਸਾਰੇ ਜੀਵਤ ਪ੍ਰਾਣੀਆਂ ਵਿੱਚ ਊਰਜਾ ਦੀ ਖਪਤ ਅਤੇ ਫਿਰ ਸਿਹਤਯਾਬ ਹੋਣ ਦਾ ਪਰਵਾਹ ਸਾਰੀ ਜ਼ਿੰਦਗੀ ਲਗਾਤਾਰ ਚੱਲਦਾ ਰਹਿੰਦਾ ਹੈ। ਇਹ ਚੱਕਰ ਸਰੀਰ ਦੇ ਅੰਦਰੂਨੀ ਅੰਗਾਂ ਵਿੱਚ ਮੁੜ ਜਾਨ ਪਾਉਣ ਲਈ ਅਤਿ ਜ਼ਰੂਰੀ ਹੈ ਅਤੇ ਸਰੀਰ ਉਦੋਂ ਹੀ ਤਰੋ ਤਾਜ਼ਾ ਹੁੰਦਾ ਹੈ ਜਦੋਂ ਸਾਰੇ ਅੰਗ ਆਰਾਮ ਕਰ ਰਹੇ ਹੁੰਦੇ ਹਨ। ਸਮੇਂ ਦੇ ਪ੍ਰਸੰਗ ਵਿੱਚ ਹਰ ਮਨੁੱਖ ਲਈ ਤਿੰਨ ਭਾਗ ਹਨ - ਕੰਮ, ਵਿਸ਼ਰਾਮ ਅਤੇ ਨੀਂਦ ਅਤੇ ਇਨ੍ਹਾਂ ਤਿੰਨ ਭਾਗਾਂ ਦਾ ਉਚਿਤ ਸੰਤੁਲਨ ਹੋਣਾ ਬੇਹੱਦ ਜ਼ਰੂਰੀ ਹੈ। ਫਰਨੀਚਰ ਦੀ ਵਰਤੋਂ ਦਾ ਮੁੱਖ ਮੰਤਵ ਇਹ ਹੁੰਦਾ ਹੈ ਕਿ ਵੱਖ-ਵੱਖ ਕਿਰਿਆਵਾਂ ਦੌਰਾਨ ਸਰੀਰ ਨੂੰ ਵੱਧ ਤੋਂ ਵੱਧ ਸਹੂਲਤ ਪ੍ਰਦਾਨ ਹੋਵੇ ਤਾਂ ਕਿ ਰੋਜ਼ਾਨਾ ਘਰੇਲੂ ਕੰਮਾਂ ਨੂੰ ਜ਼ਿਆਦਾ ਸੰਤੋਸ਼ਜਨਕ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਇਹ ਸਰੀਰ ਨੂੰ ਕੰਮ ਦੌਰਾਨ ਹੋਣ ਵਾਲੀ ਥਕਾਵਟ ਨੂੰ ਆਰਾਮ ਰਾਹੀਂ ਦੂਰ ਕਰ ਸਕੇ, ਪਰ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਫਰਨੀਚਰ ਦੇ ਡਿਜ਼ਾਈਨ ਦੀ ਚੋਣ ਫਰਨੀਚਰ ਵਰਤਣ ਵਾਲੇ ਦੇ ਸਰੀਰ ਦੀ ਲੋੜ ਅਨੁਸਾਰ ਕੀਤੀ ਜਾਵੇ। ਆਮ ਵੇਖਣ ਵਿੱਚ ਆਇਆ ਹੈ ਕਿ ਸੁਆਣੀਆਂ ਫਰਨੀਚਰ ਦੀ ਚੋਣ ਕਰਨ ਸਮੇਂ ਉਸਦੇ ਡਿਜ਼ਾਈਨ ਨੂੰ ਪਹਿਲ ਦਿੰਦੀਆਂ ਹਨ ਅਤੇ ਉਸ ਡਿਜ਼ਾਈਨ ਦੇ ਕਾਰਜਾਤਮਕ ਹੋਣ ਨੂੰ ਅੱਖੋਂ ਪਰੋਖੇ ਕਰ ਦਿੰਦੀਆਂ ਹਨ। ਇਸ ਨਾਲ ਫਰਨੀਚਰ ਦਾ ਮੁੱਢਲਾ ਮੰਤਵ ਅਰਥਹੀਣ ਹੋ ਜਾਂਦਾ ਹੈ। ਕਈ ਘਰਾਂ ਵਿੱਚ ਅਜਿਹਾ ਫਰਨੀਚਰ ਹੁੰਦਾ ਹੈ ਜਿਨ੍ਹਾਂ ਦੀ ਵਰਤੋਂ ਘੱਟ ਸਮੇਂ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਾ ਫਰਨੀਚਰ ਆਪਣੀ ਕਾਰਜਾਤਮਕ ਮਹੱਤਤਾ ਦੀ ਛਾਪ ਨਹੀਂ ਛੱਡਦਾ, ਪਰ ਜਿਹੜਾ ਫਰਨੀਚਰ ਲੰਬੇ ਸਮੇਂ ਲਈ ਵਰਤਿਆ ਜਾਂਦਾ ਹੈ, ਉਸਦਾ ਕਾਰਜਾਤਮਕ ਹੋਣਾ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਇਸ ਤਰ੍ਹਾਂ ਦਾ ਫਰਨੀਚਰ ਸਰੀਰ ਮੁਤਾਬਕ ਠੀਕ ਨਾ ਹੋਣ 'ਤੇ ਸਰੀਰ ਦੇ ਪ੍ਰਭਾਵਿਤ ਅੰਗਾਂ ਵਿੱਚ ਦਰਦ ਪੈਦਾ ਕਰਦਾ ਹੈ। ਫਰਨੀਚਰ ਦੀ ਵਰਤੋਂ ਦੇ ਵੱਖ-ਵੱਖ ਮੰਤਵਾਂ ਵਿੱਚੋਂ ਬੈਠਣ ਵਾਲੇ ਫਰਨੀਚਰ ਦੀ ਵਰਤੋਂ ਸਭ ਤੋਂ ਵੱਧ ਪ੍ਰਚੱਲਿਤ ਹੈ।

ਸੋ ਫਰਨੀਚਰ ਖ਼ਰੀਦਣ ਸਮੇਂ ਵਰਤੀ ਜਾਣ ਵਾਲੀ ਸੀਟ ਦੀ ਉੱਚਾਈ, ਡੂੰਘਾਈ, ਢੋਅ ਦੀ ਢਲਾਣ ਅਤੇ ਆਕਾਰ, ਬਾਹਵਾਂ ਟਿਕਾਉਣ ਲਈ ਜਗ੍ਹਾ ਆਦਿ ਦਾ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਬੈਠਣ ਵਾਲੀ ਸੀਟ ਦੀ ਡੂੰਘਾਈ ਵਰਤਣ ਵਾਲੇ ਵਿਅਕਤੀ ਦੀ ਉਪਰਲੀ ਲੱਤ (ਚੂਲੇ ਤੋਂ ਗੋਡੇ ਤਕ) ਦੀ ਲੰਬਾਈ ਦੇ ਬਰਾਬਰ ਹੋਣੀ ਚਾਹੀਦੀ ਹੈ ਤਾਂ ਕਿ ਆਰਾਮ ਨਾਲ ਬੈਠਿਆ ਜਾ ਸਕੇ। ਸੀਟ ਦੀ ਉੱਚਾਈ ਵਰਤਣ ਵਾਲੇ ਵਿਅਕਤੀ ਦੀ ਹੇਠਲੀ ਲੱਤ (ਗੋਡੇ ਤੋਂ ਅੱਡੀ ਤਕ) ਦੀ ਲੰਬਾਈ ਦੇ ਬਰਾਬਰ ਹੋਣੀ ਚਾਹੀਦੀ ਹੈ ਤਾਂ ਕਿ ਬੈਠਣ ਸਮੇਂ ਪੈਰ ਧਰਤੀ 'ਤੇ ਆਸਾਨੀ ਨਾਲ ਟਿਕ ਸਕਣ। ਕਈ ਵਾਰ ਪਰਿਵਾਰ ਵਿੱਚ ਵੱਖੋ-ਵੱਖਰੇ ਕੱਦ ਦੇ ਮੈਂਬਰ ਹੁੰਦੇ ਹਨ ਜਾਂ ਡਰਾਇੰਗ ਰੂਮ ਵਿੱਚ ਵਰਤੀਆਂ ਜਾਣ ਵਾਲੀਆਂ ਕੁਰਸੀਆਂ ਜਾਂ ਸੋਫੇ ਪ੍ਰਾਹੁਣਿਆਂ ਵੱਲੋਂ ਵਰਤੇ ਜਾਂਦੇ ਹਨ, ਸੋ ਇਸ ਤਰ੍ਹਾਂ ਦਾ ਫਰਨੀਚਰ ਛੋਟੇ ਕੱਦ ਦੇ ਮੈਂਬਰ ਜਾਂ ਵਿਅਕਤੀ ਨੂੰ ਧਿਆਨ ਵਿੱਚ ਰੱਖ ਕੇ ਖ਼ਰੀਦਣਾ ਚਾਹੀਦਾ ਹੈ ਕਿਉਂਕਿ ਲੰਬੇ ਕੱਦ ਦਾ ਵਿਅਕਤੀ ਲੱਤਾਂ ਪਸਾਰ ਕੇ ਬੈਠ ਸਕਦਾ ਹੈ, ਜਦੋਂ ਕਿ ਛੋਟੇ ਕੱਦ ਦੇ ਵਿਅਕਤੀ ਲਈ ਲੱਤਾਂ ਲਮਕਾ ਕੇ ਬੈਠਣਾ ਅਤਿ ਦੁਖਦਾਈ ਹੁੰਦਾ ਹੈ। ਜੇਕਰ ਕੁਰਸੀ ਪੜ੍ਹਨ ਲਈ ਵਰਤਣੀ ਹੋਵੇ ਤਾਂ ਉਸਦੀ ਢੋਅ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਕਿ ਵਿਅਕਤੀ ਸਿੱਧਾ ਬੈਠ ਸਕੇ ਤੇ ਉਸਦੀ ਪਿੱਠ ਨੂੰ ਸਹਾਰਾ ਮਿਲ ਸਕੇ, ਪਰ ਗਰਦਨ ਦੀ ਗਤੀਵਿਧੀ ਵਿੱਚ ਕੋਈ ਅੜਿੱਕਾ ਪੈਦਾ ਨਾ ਕਰੇ। ਆਰਾਮ ਕਰਨ ਵਾਲੀ ਕੁਰਸੀ ਦੀ ਢੋਅ ਉਪਰੋਂ ਕੁਝ ਲੇਟਵੀਂ ਹੋਣੀ ਚਾਹੀਦੀ ਹੈ ਤਾਂ ਜੋ ਰੀੜ੍ਹ ਦੀ ਹੱਡੀ ਨੂੰ ਲੋੜੀਂਦਾ ਸਹਾਰਾ ਮਿਲ ਸਕੇ। ਦਫ਼ਤਰੀ ਕੰਮ-ਕਾਜ ਕਰਨ ਲਈ ਅਤੇ ਆਰਾਮ ਆਦਿ ਲਈ ਵਰਤੀਆਂ ਜਾਣ ਵਾਲੀਆਂ ਕੁਰਸੀਆਂ 'ਤੇ ਲੋੜ ਅਨੁਸਾਰ ਬਾਹਵਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬਾਹਵਾਂ ਆਰਾਮ ਨਾਲ ਟਿਕਾਈਆਂ ਜਾ ਸਕਣ। ਹੇਠਾਂ ਬੈਠ ਕੇ ਕੰਮ ਕਰਨ ਵਾਲੀ ਪੀੜ੍ਹੀ ਜਾਂ ਪਟੜੇ ਦੀ ਉੱਚਾਈ 5-6 ਸੈਂਟੀਮੀਟਰ ਹੋਣੀ ਚਾਹੀਦੀ ਹੈ ਤਾਂ ਜੋ ਕੰਮ ਕਰਨ ਵੇਲੇ ਝੁਕਣਾ ਨਾ ਪਵੇ।

ਬੈਠਣ ਵਾਲੀ ਸੀਟ 'ਤੇ ਗੱਦੀ ਰੱਖਣੀ ਬਹੁਤ ਆਰਾਮਦਾਇਕ ਰਹਿੰਦੀ ਹੈ। ਅਜਿਹਾ ਕਰਨ ਨਾਲ ਸਰੀਰ ਦਾ ਭਾਰ ਵੱਧ ਖੇਤਰਫਲ ਵਿੱਚ ਵੰਡਿਆ ਜਾਂਦਾ ਹੈ ਜਿਸ ਕਾਰਨ ਥਕਾਵਟ ਕਾਫ਼ੀ ਘੱਟ ਹੁੰਦੀ ਹੈ। ਗੱਦੀ ਅਜਿਹੇ ਮਟੀਰੀਅਲ ਦੀ ਹੋਣੀ ਚਾਹੀਦੀ ਹੈ ਜੋ ਪਸੀਨੇ ਨੂੰ ਚੰਗੀ ਤਰ੍ਹਾਂ ਜਜ਼ਬ ਕਰ ਸਕੇ। ਮੇਜ਼ ਦੀ ਸਤ੍ਹਾ ਖੁਰਦਰੀ ਜਾਂ ਚਮਕਦਾਰ ਨਹੀਂ ਹੋਣੀ ਚਾਹੀਦੀ।

ਸੌਣ ਵਾਸਤੇ ਵਰਤੇ ਜਾਂਦੇ ਮੰਜੇ ਕੱਸੇ ਹੋਣੇ ਚਾਹੀਦੇ ਹਨ ਤਾਂ ਕਿ ਸੌਣ ਸਮੇਂ ਸਰੀਰ ਦੀਆਂ ਮਾਸਪੇਸ਼ੀਆਂ ਕੁਦਰਤੀ ਅਵਸਥਾ ਵਿੱਚ ਆਰਾਮ ਨਾਲ ਫੈਲ/ਸੁੰਗੜ ਸਕਣ ਅਤੇ ਰੀੜ੍ਹ ਦੀ ਹੱਡੀ ਵੀ ਆਪਣੀ ਕੁਦਰਤੀ ਅਵਸਥਾ ਵਿੱਚ ਰਹਿ ਸਕੇ। ਜੇਕਰ ਨੀਂਦ ਦੌਰਾਨ ਸਰੀਰ ਸਹੀ ਅਵਸਥਾ ਵਿੱਚ ਨਾ ਹੋਵੇ ਤਾਂ ਉਠ ਕੇ ਸਰੀਰ ਵਿੱਚ ਲੋੜੀਂਦੀ ਚੁਸਤੀ ਅਤੇ ਚੇਤੰਨਤਾ ਮਹਿਸੂਸ ਨਹੀਂ ਹੁੰਦੀ।

ਇਸ ਤੋਂ ਇਲਾਵਾ ਫਰਨੀਚਰ ਦਾ ਡਿਜ਼ਾਈਨ ਸਾਧਾਰਨ ਹੋਣਾ ਚਾਹੀਦਾ ਹੈ ਤਾਂ ਕਿ ਉਸ ਵਿੱਚ ਮਿੱਟੀ ਨਾ ਜੰਮ ਸਕੇ ਅਤੇ ਸਾਫ਼ ਕਰਨਾ ਆਸਾਨ ਹੋਵੇ। ਇਹ ਚੁੱਕਣ ਵਿੱਚ ਆਸਾਨ ਹੋਣਾ ਚਾਹੀਦਾ ਹੈ। ਇਹ ਅਜਿਹੇ ਮਟੀਰੀਅਲ ਦਾ ਬਣਿਆ ਹੋਣਾ ਚਾਹੀਦਾ ਹੈ ਜੋ ਤਾਪ ਦਾ ਕੁਚਾਲਕ ਹੋਵੇ ਜਿਵੇਂ ਕਿ ਲੱਕੜ, ਪਲਾਸਟਿਕ, ਕੇਨ ਆਦਿ। ਫਰਨੀਚਰ ਦਾ ਕੋਈ ਹਿੱਸਾ ਤਿੱਖਾ ਨਹੀਂ ਹੋਣਾ ਚਾਹੀਦਾ। ਇਸਦਾ ਰੰਗ ਉਸਨੂੰ ਰੱਖੇ ਜਾਣ ਵਾਲੇ ਕਮਰੇ ਦੀ ਰੰਗ ਸਕੀਮ ਅਨੁਸਾਰ ਹੋਣਾ ਚਾਹੀਦਾ ਹੈ ਜਾਂ ਭੂਰੇ ਰੰਗਾਂ ਵਾਲੇ ਫਰਨੀਚਰ ਵਧੀਆ ਰਹਿੰਦੇ ਹਨ ਜੋ ਹਰ ਰੰਗ ਸਕੀਮ ਵਿੱਚ ਫਿੱਟ ਹੋ ਜਾਂਦੇ ਹਨ ਅਤੇ ਮੈਲੇ ਵੀ ਘੱਟ ਹੁੰਦੇ ਹਨ। ਜਿੱਥੋਂ ਤਕ ਹੋ ਸਕੇ ਬਹੁਮੰਤਵੀ ਫਰਨੀਚਰ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਕਿ ਘੱਟ ਜਗ੍ਹਾ ਵਿੱਚ ਵੱਧ ਮੰਤਵ ਹਾਸਲ ਕੀਤੇ ਜਾ ਸਕਣ।

# ਪਾਕਿਸਤਾਨ ਦੀ ਨਿਗ੍ਹਾ ਹੁਣ ਅਮਰੀਕਾ ਦੀ ਥਾਂ ਰੂਸ

ਦੋਵੇਂ ਮੁਲਕ ਅਫ਼ਗ਼ਾਨਿਸਤਾਨ ਵਿੱਚ ਇਸਲਾਮਿਕ ਸਟੇਟ ਦੀ ਲਗਾਤਾਰ ਵਧ ਰਹੀ ਚੜ੍ਹਤ ਤੋਂ ਵੀ ਖ਼ਬਰਦਾਰ ਹਨ ਜਿਸ ਨਾਲ ਰੂਸ ਦੇ ਇਰਾਨ ਅਤੇ ਕੇਂਦਰੀ ਏਸ਼ੀਆ ਵਿਚਲੇ ਹਿਤਾਂ ਨੂੰ ਧੱਕਾ ਲੱਗ ਸਕਦਾ ਹੈ। ਇਸਲਾਮਾਬਾਦ ਅਤੇ ਮਾਸਕੋ ਦੇ ਰਿਸ਼ਤੇ ਭਾਵੇਂ 70 ਸਾਲ ਪੁਰਾਣੇ ਹਨ ਪਰ ਇਹ ਰਿਸ਼ਤੇ ਕਦੀ ਕੂਟਨੀਤਕ ਰਸਮਾਂ ਤੋਂ ਅਗਾਂਹ ਨਹੀਂ ਵਧ ਸਕੇ। ਪਾਕਿਸਤਾਨ ਦੀ ਅਮਰੀਕਾ ਨਾਲ ਨੇੜਤਾ ਕਾਰਨ ਕਈ ਦੌਰਾਂ ਦੌਰਾਨ ਇਨ੍ਹਾਂ ਰਿਸ਼ਤਿਆਂ ਅੰਦਰ ਤਲਖ਼ੀ ਆਉਂਦੀ ਰਹੀ ਹੈ। 1980ਵਿਆਂ ਵਿੱਚ ਜਦੋਂ ਸੋਵੀਅਤ ਯੂਨੀਅਨ ਦੀ ਲਾਲ ਫ਼ੌਜ, ਅਫ਼ਗ਼ਾਨਿਸਤਾਨ ਵਿੱਚ ਆਪਣੇ ਕਮਿਊਨਿਸਟ ਭਾਈਵਾਲ ਦੀ ਇਮਦਾਦ ਕਰ ਰਹੀ ਸੀ ਤਾਂ ਪਾਕਿਸਤਾਨ ਨੇ ਵਾਸ਼ਿੰਗਟਨ ਅਤੇ ਰਿਆਧ ਨੂੰ ਉਸ ਖ਼ਿਲਾਫ਼ ਜਹਾਦ ਛੇੜਨ ਵਿੱਚ ਮਦਦ ਕੀਤੀ ਸੀ। ਸਰਹੱਦੀ ਮੁਲਕ ਹੋਣ ਕਾਰਨ ਪਾਕਿਸਤਾਨ ਨੇ ਰੂਸੀ ਫ਼ੌਜ ਨੂੰ ਹਰਾਉਣ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਬਾਅਦ ਵਿੱਚ ਇਸ ਦਾ ਅੰਤਿਮ ਸਿੱਟਾ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਰੂਪ ਵਿੱਚ ਨਿਕਲਿਆ ਸੀ। ਅਸਲ ਵਿੱਚ, ਮਾਸਕੋ ਦੀ ਇਸਲਾਮਾਬਾਦ ਨਾਲ ਖਿੱਝ ਅਫ਼ਗ਼ਾਨਿਸਤਾਨ ਵਿੱਚ ਰੂਸੀ ਦਖ਼ਲ ਤੋਂ ਪਹਿਲਾਂ ਦੀ ਹੀ ਸੀ। ਮਸਲਨ, ਸੋਵੀਅਤ ਫ਼ੌਜਾਂ ਨੇ 1960 ਵਿੱਚ ਪਾਕਿਸਤਾਨੀ ਏਅਰਬੇਸ ਤੋਂ ਉੱਡਿਆ ਅਮਰੀਕੀ ਜਸੂਸੀ ਜਹਾਜ਼ ਯੂ-2 ਆਪਣੇ ਖੇਤਰ ਅੰਦਰ ਆਉਣ 'ਤੇ ਫੁੰਡ ਲਿਆ ਸੀ। ਉਸ ਵਕਤ ਰੂਸ ਨੇ ਪਾਕਿਸਤਾਨ ਨੂੰ ਭਿਅੰਕਰ ਨਤੀਜੇ ਭੁਗਤਣ ਲਈ ਵੀ ਖ਼ਬਰਦਾਰ ਕੀਤਾ ਸੀ। ਪਹਿਲੀ ਅਫ਼ਗ਼ਾਨ ਜੰਗ ਦੌਰਾਨ, ਪਾਕਿਸਤਾਨ ਵਿੱਚ ਤੱਥਾਤਮਿਕ ਤੌਰ 'ਤੇ ਗ਼ਲਤ ਪ੍ਰਚਾਰ ਕੀਤਾ ਗਿਆ ਕਿ ਸੋਵੀਅਤ ਯੂਨੀਅਨ ਪਾਕਿਸਤਾਨ ਰਾਹੀਂ ਅਰਬ ਸਾਗਰ ਤੱਕ ਪਹੁੰਚ ਕਰਨਾ ਚਾਹੁੰਦਾ ਹੈ। ਮਗਰੋਂ ਜੋ ਕੁਝ ਹੋਇਆ-ਵਾਪਰਿਆ, ਉਹ ਪਾਕਿਸਤਾਨ ਲਈ ਤਬਾਹਕੁਨ ਸੀ। ਸੋਵੀਅਤ ਫ਼ੌਜਾਂ ਵਾਪਸ ਚਲੀਆਂ ਗਈਆਂ। ਅਫ਼ਗ਼ਾਨਿਸਤਾਨ ਵਿੱਚ ਵੱਡਾ ਪੁਆੜਾ ਪੈ ਗਿਆ ਅਤੇ ਪਾਕਿਸਤਾਨ ਨੂੰ ਇਸ ਦਾ ਖਮਿਆਜ਼ਾ 60 ਹਜ਼ਾਰ ਤੋਂ ਵੱਧ ਜਾਨਾਂ ਦੇ ਕੇ ਅਤੇ ਅਰਬਾਂ ਡਾਲਰ ਦੇ ਵਿੱਤੀ ਘਾਟੇ ਨਾਲ ਭੁਗਤਣਾ ਪਿਆ। ਪਾਕਿਸਤਾਨ ਵੱਲੋਂ ਰੂਸੀ ਮਦਦ ਲੈਣ ਦਾ ਇੱਕ ਹੋਰ ਵੱਡਾ ਕਾਰਨ ਇਸ ਦੀ ਨਾਜ਼ੁਕ ਆਰਥਿਕ ਹਾਲਤ ਹੈ। ਵਿਦੇਸ਼ੀ ਕਰਜ਼ਿਆਂ ਦੀਆਂ ਸਿਰ ਆਈਆਂ ਕਿਸ਼ਤਾਂ ਲਈ ਦੇਣ ਲਈ ਇਸ ਨੂੰ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਤੋਂ 5 ਅਰਬ ਡਾਲਰ ਤੋਂ ਵੀ ਵੱਧ ਦਾ ਪੈਕੇਜ ਚਾਹੀਦਾ ਹੈ। ਮੁਲਕ ਦਾ ਮੁੱਖ ਦਾਰੋਮਦਾਰ ਹੁਣ ਚੀਨ ਉੱਤੇ ਹੈ ਅਤੇ ਇਸ ਸੰਕਟ ਵਿੱਚੋਂ ਨਿਕਲਣ ਲਈ ਇਹ ਇਸ ਤੋਂ ਇਲਾਵਾ ਹਰ ਦਰਵਾਜ਼ਾ ਖੜਕਾ ਰਿਹਾ ਹੈ। ਇਨ੍ਹਾਂ ਵਿੱਚੋਂ ਇੱਕ ਦਰਵਾਜ਼ਾ ਮਾਸਕੋ ਹੈ। ਦੂਜੇ, ਜਿੱਥੋਂ ਤੱਕ ਫ਼ੌਜੀ ਸਾਜ਼ੋ-ਸਾਮਾਨ ਦਾ ਸਬੰਧ ਹੈ, ਵਾਸ਼ਿੰਗਟਨ ਵੱਲੋਂ ਕੋਰੀ ਨਾਂਹ ਕਰਨ 'ਤੇ ਪਾਕਿਸਤਾਨ ਨੂੰ ਪੇਈਚਿੰਗ ਅਤੇ ਮਾਸਕੋ ਵੱਕ ਦੇਖਣਾ ਪੈ ਰਿਹਾ ਹੈ। ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀ ਪਿਛਲੀ ਮਾਸਕੋ ਫੇਰੀ ਦੌਰਾਨ ਉਨ੍ਹਾਂ ਚੀਨੀ ਲੜਾਕੂ ਜਹਾਜ਼ਾਂ ਲਈ ਰੂਸੀ ਇੰਜਣ ਖਰੀਦਣ ਬਾਰੇ ਵਿਚਾਰ-ਵਟਾਂਦਰਾ ਕੀਤਾ। ਪਾਕਿਸਤਾਨ ਰੂਸ ਤੋਂ ਰੱਖਿਆ ਸਿਸਟਮ ਅਤੇ ਟੀ-



90 ਟੈਂਕ ਵੀ ਖਰੀਦਣਾ ਚਾਹੁੰਦਾ ਹੈ। ਰੂਸ ਦੇ ਲੜਾਕੂ ਜਹਾਜ਼ ਸੁਖੋਈ-35 ਬਾਰੇ ਸੌਦੇ ਲਈ ਵਿਚਾਰਾਂ ਵੀ ਆਰੰਭ ਹੋ ਗਈਆਂ ਹਨ। ਪਾਕਿਸਤਾਨ ਵਿੱਚ ਰੂਸੀ ਖ਼ੁਫ਼ੀਆ ਤੰਤਰ ਅਤੇ ਇਸ ਦੀ ਹੋਂਦ ਹੌਲੀ ਹੌਲੀ ਵਧ ਰਹੇ ਹਨ। ਰੂਸ ਨੇ ਖ਼ੈਬਰ ਪਖ਼ਤੂਨਖਵਾ ਵਿੱਚ ਕੌਂਸਲਖਾਨਾ ਖੋਲ੍ਹ ਲਿਆ ਹੈ। ਇਹ ਉਹੀ ਸੂਬਾ ਹੈ ਜਿਸ ਦੀ ਕਾਫ਼ੀ ਲੰਮੀ ਸਰਹੱਦ ਅਫ਼ਗ਼ਨਿਸਤਾਨ ਨਾਲ ਲੱਗਦੀ ਹੈ। ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਨਵੀਂ ਬਣ ਰਹੀ ਸਰਕਾਰ ਦੌਰਾਨ ਰੂਸੀ ਕੰਪਨੀਆਂ ਤੇਲ ਅਤੇ ਗੈਸ ਦੀ ਖੋਜ ਲਈ ਆਉਣਗੀਆਂ। ਜੇ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਇਹ 1971 ਵਿੱਚ ਸਟੀਲ ਮਿੱਲ ਸਮਝੌਤੇ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਵਿੱਤੀ ਸਹਿਯੋਗ ਹੋਵੇਗਾ। ਪਾਕਿਸਤਾਨ ਅਤੇ ਰੂਸ ਦੇ ਰਿਸ਼ਤੇ ਅਗਾਂਹ ਵਧਣ ਦੀ ਰਫ਼ਤਾਰ ਫ਼ਿਲਹਾਲ ਮੱਠੀ ਹੈ, ਇਸੇ ਕਾਰਨ ਵਾਸ਼ਿੰਗਟਨ ਜਾਂ ਨਵੀਂ ਦਿੱਲੀ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਜਾਂ ਖ਼ਤਰਾ ਨਹੀਂ ਜਾਪਦਾ। ਉਂਜ, ਰੂਸ ਨਾਲ ਰਿਸ਼ਤੇ ਸੁਧਾਰਨੇ ਇਮਰਾਨ ਖ਼ਾਨ ਦੀ ਵਿਦੇਸ਼ ਨੀਤੀ ਦਾ ਅਹਿਮ ਅੰਗ ਹੋਵੇਗਾ। ਇਸ ਮਾਮਲੇ 'ਤੇ ਫ਼ੌਜ ਦਾ ਉਸ ਨੂੰ ਪੂਰਾ ਥਾਪੜਾ ਹੈ

**ਸ਼ਹਿਜ਼ਾਦ ਰਜ਼ਾ**

**ਲੇਖਕ ਇਸਲਾਮਾਬਾਦ (ਪਾਕਿਸਤਾਨ) ਸਥਿਤ ਸੀਨੀਅਰ ਪੱਤਰਕਾਰ ਹੈ।**

# ਆਪਣਾ ਪੰਜਾਬ ਹੋਵੇ . .



ਡਾ. ਨਿਸ਼ਾਨ ਸਿੰਘ ਰਾਠੌਰ



ਪੰਜਾਬ ਦੀ ਧਰਤ ਮੁੱਢ ਤੋਂ ਹੀ ਖ਼ੁਸ਼ਹਾਲ ਮਨੁੱਖੀ ਜੀਵਨ ਦੀ ਪਨਾਹਗਾਹ ਰਹੀ ਹੈ। ਇੱਥੇ ਦੀ ਧਰਤ ਨੇ ਮਨੁੱਖੀ ਜੀਵਨ ਨੂੰ ਸਦਾ ਸੁਗਾਤਾਂ ਨਾਲ ਨਿਵਾਜਿਆ ਹੈ। ਖ਼ਾਸ ਗੱਲ ਇਹ ਹੈ ਕਿ ਸਮੁੱਚੇ ਹਿੰਦੋਸਥਾਨ ਦੀ ਧਰਤੀ, ਪੰਜਾਬ ਦੀ ਧਰਤ ਨਾਲੋਂ ਘੱਟ ਉਪਜਾਊ ਹੈ/ ਵਾਹੀ ਯੋਗ ਹੈ। ਪੰਜਾਬ ਨਾਮ ਤੋਂ ਹੀ ਭਾਵ ਹੈ ਪੰਜ + ਆਬ ਮਤਲਬ ਪੰਜਾਂ ਪਾਣੀਆਂ ਦਾ ਦੇਸ/ ਪੰਜਾਂ ਦਰਿਆਵਾਂ ਦਾ ਦੇਸ। ਇਹ ਗੱਲ ਵਿਗਿਆਨਕ ਆਧਾਰ ਤੇ ਦਰੁੱਸਤ ਹੈ ਕਿ ਪਾਣੀ ਹੀ ਸਮੁੱਚੀ ਕਾਇਨਾਤ ਦਾ ਮੁੱਢ ਹੈ। ਪਾਣੀ ਤੋਂ ਬਿਨਾਂ ਕੁਦਰਤ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ, ਤਾਹੀਂਓ ਤਾਂ ਗੁਰਬਾਣੀ ਵਿਚ ਆਖਿਆ ਗਿਆ ਹੈ;

'ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤ ਮਹੁਤ ॥' (ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ. 1343)

ਪਾਣੀ ਨੂੰ ਜਗਤ ਦਾ ਪਿਤਾ ਕਿਹਾ ਗਿਆ ਹੈ ਅਤੇ ਪੰਜਾਬ ਦੀ ਧਰਤ ਨੂੰ ਪਾਣੀਆਂ ਦੀ ਧਰਤ ਹੋਣ ਦਾ ਮਾਣ ਹਾਸਲ ਹੈ। ਅਸਲ ਵਿਚ ਪਾਣੀ ਤੋਂ ਬ਼ਗੈਰ ਨਾ ਤਾਂ ਜੀਵਨ ਸੰਭਵ ਹੈ ਅਤੇ ਨਾ ਹੀ ਕੁਦਰਤ। ਪਾਣੀ ਨਾਲ ਹੀ ਅੰਨ ਪੈਦਾ ਕੀਤਾ ਜਾ ਸਕਦਾ ਹੈ ਅਤੇ ਪਾਣੀ ਰਾਹੀਂ ਹੀ ਵਪਾਰ ਦੇ ਵਸੀਲੇ ਪੈਦਾ ਕੀਤੇ ਜਾ ਸਕਦੇ ਹਨ। ਪੰਜਾਬ ਨੂੰ ਇਹ ਰੱਬੀ ਸੁਗਾਤਾਂ ਮੁੱਢੋਂ ਹੀ ਪ੍ਰਾਪਤ ਹੋਈਆਂ ਹਨ। ਇਸੇ ਲਈ ਪੰਜਾਬ ਦੀ ਧਰਤ ਨੂੰ ਖ਼ੁਸ਼ਹਾਲ ਧਰਤ ਵੱਜੋਂ ਜਾਣਿਆ ਜਾਂਦਾ ਹੈ। ਪਰ ! ਅਫ਼ਸੋਸ ਅੱਜ ਕੱਲ ਇਹ ਪਾਕੇ- ਆਬ, ਨਸ਼ਿਆਂ ਦੇ ਹੜ੍ਹ ਵਿਚ ਡੁੱਬੀ ਹੋਈ ਹੈ। ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੁਏ ਦੇ ਪੰਜਾਬੀ ਪੁੱਤਰ ਅੱਜ ਕੱਲ ਅਨਿਆਈ ਮੌਤ (ਨਸ਼ੇ) ਕਰਕੇ ਮਰ ਰਹੇ ਹਨ। ਇਹ ਬਹੁਤ ਮੰਦਭਾਗਾ ਹੈ। ਕਦੇ ਵੇਲਾ ਸੀ ਪੰਜਾਬ ਦੀ ਧਰਤ ਨੂੰ ਸੂਰਬੀਰਾਂ ਦੀ ਧਰਤ ਕਰਕੇ ਜਾਣਿਆ ਜਾਂਦਾ ਸੀ ਪਰ ! ਅੱਜ ਹਾਲਤ ਬਦਲ ਗਏ ਹਨ। ਪੰਜਾਬ ਦੀ ਪਵਿੱਤਰ ਧਰਤ ਦੇ ਬਸ਼ਿੰਦੇ ਘਾਤਕ ਨਸ਼ਿਆਂ ਕਰਕੇ ਜਹਾਨ ਤੋਂ ਬੇਵਕਤ ਹੀ ਰੁਖ਼ਸਤ ਹੋ ਰਹੇ ਹਨ। ਮਾਂਵਾਂ ਦੀਆਂ ਚੀਕਾਂ/ਕੀਰਨੇ ਹਰ ਪਾਸੇ ਸੁਣਾਈ ਦਿੰਦੇ ਹਨ। ਇਸ ਨਸ਼ੇ ਦੇ ਪਿੱਛੇ ਜਿੱਥੇ ਰਾਜਸੀ ਤਾਕਤ ਕੰਮ ਕਰਦੀ ਹੈ ਉੱਥੇ ਸਾਡਾ ਇਖ਼ਲਾਕੀ ਜੀਵਨ ਵੀ ਇਸ ਰੁਝਾਨ ਦੇ ਵੱਧਣ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ। ਪੰਜਾਬੀਆਂ ਨੂੰ ਹੱਸਣ- ਖੇਡਣ ਅਤੇ ਖਾਣ- ਪੀਣ ਵਾਲੇ ਸੁਭਾਅ ਦੇ ਮਾਲਕ ਬੰਦੇ ਸਮਝਿਆ ਜਾਂਦਾ ਹੈ। ਸ਼ਾਇਦ ਇਸੇ ਕਰਕੇ ਪੰਜਾਬ ਨੂੰ ਨਸ਼ਿਆਂ ਦਾ ਗੜ੍ਹ ਬਣਾ ਕੇ ਰੱਖ ਦਿੱਤਾ ਗਿਆ ਹੈ। ਸਾਡੇ ਸੁਭਾਅ ਦੇ ਖੁੱਲੇਪਣ ਨੇ ਸਾਨੂੰ ਨਸ਼ੇੜੀ ਬਣਾ ਕੇ ਰੱਖ ਦਿੱਤਾ ਹੈ। ਪੰਜਾਬੀ ਜਨ-ਜੀਵਨ ਵਿਚ ਪ੍ਰਾਹਣੇ ਦਾ ਆਉਣਾ ਅਤੇ ਸ਼ਰਾਬ ਦਾ ਅਉਣਾ ਮੰਦਾ ਨਹੀਂ ਸਮਝਿਆ ਜਾਂਦਾ ਪਰ ! ਇਹ ਰੁਝਾਨ ਹੁਣ ਸ਼ਰਾਬ ਤੋਂ ਕੋਹਾਂ ਦੂਰ ਅੱਗੇ ਘਾਤਕ ਨਸ਼ਿਆਂ ਦੇ ਬੂਹੇ ਲੰਘ ਗਿਆ ਹੈ ਅਤੇ ਚਿੱਟੇ ਦੇ ਮਾਰੂ ਪ੍ਰਭਾਵ ਤੱਕ ਅੱਪੜ ਗਿਆ ਹੈ। ਇਸ 'ਚਿੱਟੇ' ਨੇ ਪੰਜਾਬ ਦੇ ਪਿੰਡਾਂ ਵਿਚ ਸੱਥਰ ਵਿਛਾ ਦਿੱਤੇ ਹਨ। ਨੌਜਵਾਨ ਵੱਧ ਨਸ਼ੇ ਦੇ ਪ੍ਰਭਾਵ ਕਰਕੇ ਮਰ ਰਹੇ ਹਨ ਅਤੇ ਪੂਰੀ ਦੁਨੀਆਂ ਹਰੀ ਸਿੰਘ ਨਲਵੇ ਦੇ ਵਾਰਸਾਂ ਨੂੰ ਮਰਦਿਆਂ ਦੇਖ ਰਹੀ ਹੈ। ਇਹ ਬਹੁਤ ਖ਼ਤਰਨਾਕ ਰੁਝਾਨ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਨੇ ਆਪਣੇ ਫ਼ਰਜ਼ਾਂ ਨੂੰ ਸਦਾ ਅੱਗੇ ਹੋ ਕੇ ਨਿਭਾਇਆ ਹੈ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਕੋਈ ਆਫ਼ਤ ਆਵੇ ਤਾਂ ਪੰਜਾਬੀ ਝੱਟ ਅੱਪੜ ਜਾਂਦੇ ਹਨ ਮਦਦ ਲਈ। ਪਰ, ਅੱਜ ਪੰਜਾਬ ਨੂੰ ਜ਼ਰੂਰਤ ਹੈ ਤਾਂ ਕੋਈ ਸੰਸਥਾ ਅਤੇ ਸਰਕਾਰ ਪੰਜਾਬੀਆਂ ਨੂੰ ਮਦਦ ਨਹੀਂ ਕਰ ਰਹੀ। ਜਿਨ੍ਹਾਂ ਸੂਬਿਆਂ ਵਿਚ ਨਸ਼ੇ ਦਾ ਪ੍ਰਭਾਵ ਨਹੀਂ ਕੀ ਉਹਨਾਂ ਸੂਬਿਆਂ ਦੀਆਂ ਸਰਕਾਰਾਂ ਨੇ ਪੰਜਾਬੀਆਂ ਦੀ ਕੋਈ ਸਾਰ ਲਈ। ਜਿੱਥੇ ਪੰਜਾਬੀਆਂ ਨੇ ਕੁਦਰਤੀ ਆਫ਼ਤਾਂ ਵੇਲੇ ਲੰਗਰ ਚਲਾਏ/ ਆਰਥਕ ਮਦਦ ਕੀਤੀ ਕੀ ਉਹਨਾਂ ਲੋਕਾਂ ਨੇ ਪੰਜਾਬੀਆਂ ਦੀ ਬਾਂਹ ਫੜੀ ?/ ਸ਼ਾਇਦ ਨਹੀਂ। ਇਸ ਅਟੱਲ ਸਚਾਈ ਹੈ ਕਿ ਦੁੱਖ- ਸੁੱਖ ਆਉਂਦੇ ਜਾਂਦੇ ਰਹਿੰਦੇ ਹਨ। ਇਹ ਉਹ ਪੰਜਾਬੀ ਹਨ ਜਿਹੜੇ ਅਬਦਾਲੀ ਤੋਂ ਨਹੀਂ ਹਾਰੇ/ ਜਿਹੜੇ ਧਾੜਵੀ ਹਮਲਾਵਰਾਂ ਤੋਂ ਨਹੀਂ ਹਾਰੇ। 'ਪੰਜਾਬ ਵਿਚੋਂ ਨਸ਼ੇ ਦਾ ਪ੍ਰਭਾਵ ਵੀ ਆਖ਼ਰ ਨੂੰ ਮੁੱਕ ਹੀ ਜਾਣਾ ਹੈ।' ਇਹ ਸੋਚ ਹਰ ਪੰਜਾਬੀ ਦੇ ਮਨ- ਮੰਦਰ ਵਿਚ ਹੋਣੀ ਚਾਹੀਦੀ ਹੈ। ਇਸ ਨਸ਼ੇ ਦੇ ਖਿਲਾ.ਫ ਲੋਕ- ਲਹਿਰ ਖੜ੍ਹੀ ਕਰਨ ਦਾ ਵੇਲਾ ਆ ਗਿਆ ਹੈ। ਸਰਕਾਰਾਂ ਅਤੇ ਦੂਜਿਆਂ ਦੇ ਸਿਰ ਤੇ ਕਦੇ ਜੰਗਾਂ ਨਹੀਂ ਜਿੱਤੀਆਂ ਜਾਂਦੀਆਂ। ਜੰਗਾਂ ਜਿੱਤਣ ਲਈ ਜਜ਼ਬੇ ਅਤੇ ਜੋਸ਼ ਦੀ ਲੋੜ ਹੁੰਦੀ ਹੈ। ਪੰਜਾਬੀਆਂ ਵਿਚ ਜਜ਼ਬੇ ਅਤੇ ਜੋਸ਼ ਦੀ ਕੋਈ ਥੋੜ ਨਹੀਂ ਹੈ, ਬਸ ਇਕ ਨਾਅਰਾ ਹਰ ਇਕ ਪੰਜਾਬੀ ਦੇ ਮੂੰਹ ਉੱਤੇ ਹੋਣਾ ਚਾਹੀਦਾ ਹੈ ਕਿ 'ਆਪਣਾ ਪੰਜਾਬ ਹੋਵੇ... ਹੱਥ 'ਚ ਕਿਤਾਬ ਹੋਵੇ।' ਪੰਜਾਬੀਆਂ ਨੂੰ ਆਪਣਾ ਸਾਹਿਤ, ਵਿਰਸਾ, ਸੱਭਿਆਚਾਰ ਅਤੇ ਇਤਿਹਾਸ ਪੜ੍ਹਨ ਦੀ ਲੋੜ ਹੈ। ਇਤਿਹਾਸ ਤੋਂ ਸਬਕ ਲੈਣ ਦੀ ਲੋੜ ਹੈ।

ਸਮਾਜ ਵਿਗਿਆਨੀਆਂ ਦਾ ਕਥਨ ਹੈ ਕਿ ਲੋਕ- ਲਹਿਰ ਖੜ੍ਹੀ ਕਰਨ ਲਈ ਪੁਸਤਕਾਂ ਅਹਿਮ ਰੋਲ ਅਦਾ ਕਰਦੀਆਂ ਹਨ। ਪੁਸਤਕਾਂ ਨੂੰ ਪੜ੍ਹਨ ਦਾ ਰੁਝਾਨ ਵਧਾਉਣਾ ਚਾਹੀਦਾ ਹੈ। ਪਿੰਡ- ਪਿੰਡ/ ਸ਼ਹਿਰ- ਸ਼ਹਿਰ ਪੁਸਤਕ ਮੇਲੇ ਲਾਉਣੇ ਚਾਹੀਦੇ ਹਨ। ਨੌਜਵਾਨਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਆਪਣੇ ਗੌਰਵਮਈ ਵਿਰਸੇ ਦਾ ਗਿਆਨ ਹੋਵੇ।

ਨੌਜਵਾਨ ਪੀੜ੍ਹੀ ਨੂੰ ਸੰਭਾਲਣ ਦੀ ਲੋੜ ਹੈ। ਉਂਝ, ਪੰਜਾਬ ਕੋਲ ਕਿਸੇ ਚੀਜ਼ ਦੀ ਥੋੜ ਨਹੀਂ ਹੈ। ਪੰਜਾਬ ਕੋਲ ਉਪਜਾਊ ਧਰਤ ਹੈ, ਸੱਚਾ- ਸੁਚਾ ਧਰਮ ਹੈ ਅਤੇ ਮਿਹਨਤਕਸ਼ ਲੋਕ ਹਨ। ਬਸ ਇਸ ਨਸ਼ੇ ਦੇ ਪ੍ਰਭਾਵ ਤੋਂ ਬਚਣ ਦਾ ਉੱਪਰਾਲਾ ਕਰਨਾ ਪੈਣਾ ਹੈ ਅਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬੀ ਸਦਾ ਹੀ ਮੁਸੀਬਤਾਂ ਤੋਂ ਪਾਰ ਪਾਉਂਦੇ ਰਹੇ ਹਨ।

ਸ਼ਾਲਾ ! ਰੱਬ ਕਰੇ ਅਸੀਂ ਇਸ ਨਸ਼ੇ ਦੇ ਪ੍ਰਭਾਵ ਤੋਂ ਆਪਣੀ ਜਵਾਨੀ ਨੂੰ ਬਚਾ ਲਈਏ ਅਤੇ ਪੰਜਾਬ ਮੁੜ ਵਿਕਾਸ ਦੀਆਂ ਲੀਹਾਂ ਤੇ ਤੁਰਦਾ ਦਿਸੇ। ਇਸ ਖ਼ੁਆਬ ਨੂੰ ਹਕੀਕਤ ਵਿਚ ਬਦਲਣ ਲਈ ਕਿਤਾਬਾਂ ਦੇ ਮਹੱਤਵ ਨੂੰ ਵਧਾਉਣਾ ਚਾਹੀਦਾ ਹੈ। ਕਿਤਾਬਾਂ ਪੜ੍ਹਨ ਅਤੇ ਕਿਤਾਬਾਂ ਪੜ੍ਹਨ ਦੇ ਚਾਅ ਨੂੰ ਹੋਰ ਪ੍ਰਚੰਡ ਰੂਪ ਪ੍ਰਦਾਨ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦਾ ਹਰ ਬਸ਼ਿੰਦਾ ਆਪਣੇ ਸੂਬੇ ਨੂੰ ਮੁੜ ਤਰੱਕੀ ਦੇ ਰਾਹਵਾਂ ਦਾ ਪਾਂਧੀ ਬਣਦਾ ਦੇਖ ਸਕੇ। ਇਹੀ ਅਰਦਾਸ ਹੈ ਮੇਰੀ. . . ਆਮੀਨ



# ਸਮਾਜ ਦੇ ਮੱਥੇ ਤੇ ਕਲੰਕ ਹਨ ਜਿਣਸ਼ੀ ਸ਼ੋਸ਼ਣ ਦੇ ਵੱਧ ਰਹੇ ਮਾਮਲੇ

ਪਿਛਲੇ ਕੁਝ ਸਾਲਾਂ ਤੋਂ ਦੇਸ਼ 'ਚ ਔਰਤਾਂ ਖ਼ਿਲਾਫ਼ ਆਪਰਾਧਾਂ ਦਾ ਗ੍ਰਾਫ਼ ਵਧਦਾ ਜਾ ਰਿਹਾ ਹੈ। ਖਾਸ ਕਰ ਜਿਨਸ਼ੀ ਸ਼ੋਸ਼ਣ ਦੇ ਵਧ ਰਹੇ ਮਾਮਲਿਆਂ ਨੇ ਸਮਾਜ ਦੇ ਮੱਥੇ 'ਤੇ ਕਲੰਕ ਲਾਉਣ ਦਾ ਕੰਮ ਕੀਤਾ ਹੈ। ਸਾਲ 2017 ਦੀ ਗਲੋਬਲ ਪੀਸ ਇੰਡੈਕਸ ਦੀ ਰਿਪੋਰਟ ਨੇ ਤਾਂ ਖੁਲਾਸਾ ਕੀਤਾ ਹੈ ਕਿ ਔਰਤਾਂ ਨਾਲ ਵਾਪਰਨ ਵਾਲੇ ਅਪਰਾਧਾਂ ਦੀ ਗਿਣਤੀ 'ਚ ਭਾਰਤ ਦੁਨੀਆ ਦਾ ਚੌਥਾ ਖਤਰਨਾਕ ਦੇਸ਼ ਹੈ, ਜਿੱਥੇ ਔਰਤ ਸੁਰੱਖਿਅਤ ਨਹੀਂ। ਦਿੱਲੀ 'ਚ ਵਾਪਰੇ ਨਿਰਭਿਆ ਹੱਤਿਆ ਕਾਂਡ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਦੋਸ਼ੀਆਂ ਲਈ ਫ਼ਾਂਸੀ ਦੀ ਸਜ਼ਾ ਦੀ ਮੰਗ ਨੂੰ ਲੈ ਕੇ ਪੂਰੇ ਦੇਸ਼ ਦੇ ਲੋਕਾਂ 'ਚ ਰੋਹ ਸੀ। ਲੋਕਾਂ ਦੇ ਰੋਹ ਨੂੰ ਵੇਖਦਿਆਂ ਤੇ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਆਉਣ ਵਾਲੇ ਸਮੇਂ 'ਚ ਠੱਲ੍ਹਣ ਲਈ ਕਾਨੂੰਨਾਂ 'ਚ ਬਦਲਾਅ ਕੀਤਾ ਗਿਆ। ਅਜਿਹੇ ਦੋਸ਼ੀਆਂ ਲਈ ਸਖਤ ਸਾਜ਼ਾਵਾਂ ਦਾ ਪ੍ਰਵਧਾਨ ਕੀਤਾ ਗਿਆ, ਪਰ ਇਸ ਤੋਂ ਪਿੱਛੋਂ ਅਜਿਹੇ ਅਣਗਿਣਤ ਅਪਰਾਧ ਦੇਸ਼ ਦੇ ਕੋਨੇ-ਕੋਨੇ 'ਚ ਵਾਪਰੇ। ਔਰਤਾਂ ਤੇ ਬੱਚਿਆਂ ਖ਼ਿਲਾਫ਼ ਵਧ ਰਹੇ ਜਿਨਸ਼ੀ ਸ਼ੋਸ਼ਣ ਦੇ ਮਾਮਲਿਆਂ ਨੇ ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਕੇ ਰੱਖ ਦਿੱਤਾ ਹੈ। ਅੱਜ ਸਾਡੇ ਦੇਸ਼ 'ਚ ਔਰਤ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਸਕੂਲਾਂ, ਕਾਲਜਾਂ, ਨੌਕਰੀਪੇਸ਼ਾ ਦਫ਼ਤਰਾਂ, ਜਨਤਕ ਥਾਵਾਂ ਆਦਿ ਕਿਤੇ ਵੀ ਔਰਤ ਸੁਰੱਖਿਅਤ ਨਹੀਂ। ਅਪਰਾਧੀ ਮਾਨਸਿਕਤਾ ਵਾਲੀਆਂ ਨਜ਼ਰਾਂ ਹਰ ਥਾਂ ਉਸ ਦਾ ਪਿੱਛਾ ਕਰਦੀਆਂ ਰਹਿੰਦੀਆਂ ਹਨ। ਬੱਸਾਂ, ਰੇਲਾਂ ਦੇ ਸਫ਼ਰ ਤੇ ਜਨਤਕ ਥਾਵਾਂ 'ਤੇ ਵੀ ਔਰਤਾਂ ਨੂੰ ਭੱਦੇ ਵਿਅੰਗਾਂ ਤੇ ਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਸ਼ 'ਚ ਇਕ ਲੱਖ ਪਿੱਛੇ 379 ਲੋਕਾਂ ਨਾਲ ਅਪਰਾਧਿਕ ਘਟਨਾਵਾਂ ਵਾਪਰਦੀਆਂ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਔਰਤਾਂ ਨਾਲ 95 ਫੀਸਦੀ ਜਿਨਸ਼ੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਅੰਜ਼ਾਮ ਉਨ੍ਹਾਂ ਦੇ ਜਾਣੂ ਲੋਕਾਂ ਦੁਆਰਾ ਦਿੱਤਾ ਜਾਂਦਾ ਹੈ। ਸਾਲ 2016 'ਚ ਪੂਰੇ ਦੇਸ਼ 'ਚ 38,947 ਜਿਨਸ਼ੀ ਸ਼ੋਸ਼ਣ ਦੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ 'ਚ 36,859 ਵਾਪਰਨ ਵਾਲੀਆਂ ਘਟਨਾਵਾਂ ਨੂੰ ਅੰਜ਼ਾਮ ਔਰਤਾਂ ਦੀ ਜਾਣ-ਪਛਾਣ ਵਾਲਿਆਂ ਦੁਆਰਾ ਦਿੱਤਾ ਗਿਆ। ਇਨ੍ਹਾਂ 'ਚੋਂ 10,520 ਜਿਨਸ਼ੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਅੰਜ਼ਾਮ ਗੁਆਂਢੀਆਂ ਦੁਆਰਾ ਦਿੱਤਾ ਗਿਆ ਅਤੇ 10,068 ਜਬਰ ਜਨਾਹ ਦੀਆਂ ਘਟਨਾਵਾਂ ਔਰਤਾਂ ਨਾਲ ਵਿਆਹ ਦਾ ਝਾਂਸਾ ਦੇ ਕੇ ਵਾਪਰੀਆਂ। ਛੋਟੀਆਂ ਬੱਚੀਆਂ ਤੇ ਔਰਤਾਂ ਨਾਲ ਜਬਰ ਜਨਾਹ ਤੇ ਕਤਲ ਦੀਆਂ ਵਾਪਰ ਰਹੀਆਂ ਘਟਨਾਵਾਂ ਸਮਾਜ 'ਚ ਨੈਤਿਕਤਾ ਦੇ ਡਿੱਗ ਰਹੇ ਪੱਧਰ ਦਾ ਸ਼ਿਖਰ ਦਰਸਾ ਰਹੀਆਂ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਬੱਚੀਆਂ ਤੇ ਔਰਤਾਂ ਨਾਲ ਵਾਪਰਦੇ ਅਪਰਾਧਾਂ ਦੀ ਗਿਣਤੀ ਦੀ ਚਿੰਤਾਜਨਕ ਵਾਧਾ ਹੋਇਆ ਹੈ। ਮਾਪੇ ਆਪਣੀਆਂ ਬੱਚੀਆਂ ਨੂੰ ਸਕੂਲਾਂ-ਕਾਲਜਾਂ 'ਚ ਭੇਜ ਕੇ ਚਿੰਤਾ ਮਹਿਸੂਸ ਕਰਦੇ ਹਨ ਕਿ ਕਿੱਧਰੇ ਉਨ੍ਹਾਂ ਦੀਆਂ ਬੱਚੀਆਂ ਨਾਲ ਕੋਈ ਅਣਹੋਣੀ ਨਾ ਵਾਪਰ ਜਾਵੇ। ਇਹ ਕਿਹੋ ਜਿਹਾ ਸੱਭਿਅਕ ਤੇ ਤਕਨਾਲੌਜੀ ਦਾ ਜ਼ਮਾਨਾ ਹੈ, ਜਿਸ ਨੇ ਔਰਤ ਦਾ ਵਜੂਦ ਭੇਡਾਂ-ਬੱਕਰੀਆਂ ਤੋਂ ਵੀ ਹੇਠਾਂ ਡੇਗ ਦਿੱਤਾ ਹੈ। ਜਬਰ ਜਨਾਹ ਦੇ ਦੋਸ਼ੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋ ਰਹੀਆਂ ਹਨ। ਹਾਲ ਹੀ 'ਚ ਮਾਨਸਾ 'ਚ 2016 'ਚ 6 ਸਾਲਾ ਬੱਚੀ ਨਾਲ ਜਬਰ ਜਨਾਹ ਉਪਰੰਤ ਹੱਤਿਆ ਦੇ ਦੋਸ਼ੀ ਨੂੰ ਅਦਾਲਤ ਨੇ ਫ਼ਾਂਸੀ ਦੀ ਸਜ਼ਾ ਸੁਣਾਈ ਹੈ। ਸਖਤ ਤੋਂ ਸਖਤ ਸਜ਼ਾਵਾਂ ਵੀ ਜਿਨਸ਼ੀ ਸ਼ੋਸ਼ਣ ਦੇ ਮਾਮਲਿਆਂ ਨੂੰ ਰੋਕਣ 'ਚ ਅਸਫ਼ਲ ਸਾਬਤ ਹੋ ਰਹੀਆਂ ਹਨ। ਔਰਤਾਂ ਨਾਲ ਇਕ ਤੋਂ ਇਕ ਨਵੇਂ ਤੇ ਘਿਨਾਉਣੇ ਅਪਰਾਧ ਹੋ ਰਹੇ ਹਨ।

– ਕਿਉਂ ਵਧ ਰਹੀਆਂ ਹਨ ਜਿਨਸ਼ੀ ਸ਼ੋਸ਼ਣ ਦੀਆਂ ਘਟਨਾਵਾਂ–

ਨਵਤੇਜ ਸਿੰਘ ਮੱਲ੍ਹੀ
ਫ਼ੋਨ. 88721 58240

ਔਰਤਾਂ ਖ਼ਿਲਾਫ਼ ਅਪਰਾਧਾਂ ਦਾ ਵਧਣਾ ਸਮੁੱਚੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਅਜਿਹੇ ਅਪਰਾਧਾਂ ਦੇ ਵਧਣ ਪਿੱਛੇ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਵੀ ਘੱਟ ਕਰਕੇ ਨਹੀਂ ਵੇਖ ਸਕਦੇ। ਅਸਲ 'ਚ ਜਦੋਂ ਤੋਂ ਅਸੀਂ ਆਪਣੇ ਅੰਦਰੋਂ ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇਣੀ ਸ਼ੁਰੂ ਕਰ ਦਿੱਤੀ ਹੈ, ਉਸ ਸਮੇਂ ਤੋਂ ਹੀ ਸਮਾਜ ਅਪਰਾਧਾਂ ਦੇ ਜਾਲ 'ਚ ਫਸਦਾ ਨਜ਼ਰ ਆ ਰਿਹਾ ਹੈ। ਅਜੋਕੇ ਸਮੇਂ 'ਚ ਮਾਪੇ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇਣ ਦੀ ਥਾਂ ਉਨ੍ਹਾਂ ਨੂੰ ਪੈਸੇ ਕਮਾਉਣ ਦੀ ਮਸ਼ੀਨ ਦੇ ਰੂਪ 'ਚ ਵੇਖਣਾ ਚਾਹ ਰਹੇ ਹਨ। ਉਹ ਬੱਚੇ ਨੂੰ ਇਕ ਸੱਭਿਅਕ ਸਮਾਜ ਦਾ ਪ੍ਰਾਣੀ ਬਣਾਉਣ ਦੀ ਥਾਂ ਨੋਟਾਂ ਵਾਲੀ ਮਸ਼ੀਨ ਬਣਾ ਕੇ ਸਮਾਜ 'ਚ ਪੈਸੇ ਨਾਲ ਆਪਣਾ ਰੁਤਬਾ ਉੱਚਾ ਕਰਨਾ ਚਾਹੁੰਦੇ ਹਨ। ਇਨਸਾਨੀਅਤ ਤੇ ਨੈਤਿਕਤਾ ਨਾਲ ਅਜਿਹੇ ਲੋਕ ਕੋਈ ਬਹੁਤਾ ਵਾਹ ਵਾਸਤਾ ਨਹੀਂ ਰੱਖਣਾ ਚਾਹੁੰਦੇ। ਅਜਿਹੇ ਅਖੌਤੀ ਸੱਭਿਅਕ ਤੇ ਪੜ੍ਹੇ-ਲਿਖੇ ਸਮਾਜ ਦੇ ਲੋਕ ਸਾਂਝੇ ਪਰਿਵਾਰਾਂ ਦੀ ਅਹਿਮੀਅਤ ਨੂੰ ਨਕਾਰ ਕੇ ਇਕਹਿਰੇ ਪਰਿਵਾਰਾਂ ਨੂੰ ਤਰਜੀਹ ਦੇ ਰਹੇ ਹਨ। ਸਾਂਝੇ ਪਰਿਵਾਰਾਂ 'ਚ ਬੱਚਿਆਂ ਨੂੰ ਬਜ਼ੁਰਗਾਂ, ਭੈਣ-ਭਰਾਵਾਂ, ਚਾਚੇ-ਤਾਏ ਆਦਿ ਹੋਰ ਰਿਸ਼ਤਿਆਂ ਦਾ ਜਿੱਥੇ ਸਤਿਕਾਰ ਕਰਨਾ ਸਿਖਾਇਆ ਜਾਂਦਾ ਸੀ, ਉੱਥੇ ਪਰਿਵਾਰ 'ਤੇ ਕੋਈ ਦੁੱਖ ਜਾਂ ਸੰਕਟ ਆ ਜਾਣ 'ਤੇ ਸਾਰਾ ਪਰਿਵਾਰ ਮਿਲ ਕੇ ਸਮੱਸਿਆ ਦਾ ਸਾਹਮਣਾ ਕਰਦਾ ਸੀ। ਸਾਂਝੇ ਪਰਿਵਾਰਾਂ ਦੇ ਮੈਂਬਰ ਮਿਲ ਕੇ ਥੋੜਾ-ਥੋੜਾ ਵੀ ਕਮਾਉਂਦੇ ਸਨ, ਤਾਂ ਗੁਜ਼ਾਰਾ ਅਸਾਨੀ ਨਾਲ ਚੱਲ ਜਾਂਦਾ ਸੀ। ਅਜਿਹੇ ਪਰਿਵਾਰਾਂ 'ਚ ਪਲ ਕੇ, ਵੱਡੇ ਹੋ ਕੇ ਬੱਚਿਆਂ 'ਚ ਨੈਤਿਕ ਕਦਰਾਂ-ਕੀਮਤਾਂ ਤੇ ਸਹਿਸ਼ੀਲਤਾ ਦੀ ਭਾਵਨਾ ਆਪਣੇ ਆਪ ਭਰ ਜਾਂਦੀ ਸੀ। ਉਹ ਕਿਸੇ ਵੀ ਸਮੱਸਿਆ ਦਾ ਸਾਹਮਣਾ ਕਰਨ ਦੇ ਸਮਰੱਥ ਹੋ ਜਾਂਦੇ ਸਨ, ਅੱਜ ਵਾਂਗ ਛੋਟੀ ਜਿਹੀ ਸਮੱਸਿਆ ਆਉਣ 'ਤੇ ਖੁਦਕੁਸ਼ੀ ਦੇ ਰਾਹ ਨਹੀਂ ਪੈਂਦੇ ਸਨ, ਪਰ ਅੱਜ ਦੇ ਪਦਾਰਥਵਾਦੀ ਸੋਚ ਦੇ ਧਾਰਨੀ ਇਨਸਾਨ ਨੇ ਸਾਂਝੇ ਪਰਿਵਾਰਾਂ ਦੀ ਅਹਿਮੀਅਤ ਨੂੰ ਦਰਕਿਨਾਰ ਕਰਕੇ ਇਕਹਿਰੇ ਪਰਿਵਾਰ ਨੂੰ ਤਰਜੀਹ ਦਿੱਤੀ ਹੈ। ਘਰਾਂ ਦਾ ਜਿੰਦਰਾ ਸਮਝੇ ਜਾਂਦੇ ਬਜ਼ੁਰਗਾਂ ਨੂੰ ਘਰ 'ਚ ਕਿਸੇ ਖੂੰਜੇ ਲਾ ਦਿੱਤਾ ਹੈ ਜਾਂ ਫਿਰ ਬਿਰਧ ਆਸ਼ਰਮਾਂ ਦੇ ਹਵਾਲੇ ਕਰ ਦਿੱਤਾ ਹੈ। ਅਜੋਕੇ ਪਰਿਵਾਰਾਂ 'ਚ ਹੁਣ ਬੱਚਿਆਂ ਨੂੰ ਬਜ਼ੁਰਗਾਂ ਦੀ ਸਿੱਖਿਆ ਦੀ ਥਾਂ ਟੀਵੀ ਸੀਰੀਅਲਾਂ ਦੀ ਗੁੜਤੀ ਦਿੱਤੀ ਜਾਂਦੀ ਹੈ। ਫ਼ਿਲਮਾਂ ਤੇ ਸੀਰੀਅਲ ਵੇਖ ਕੇ ਅਜੋਕੇ ਬੱਚੇ ਆਮ ਜ਼ਿੰਦਗੀ 'ਚ ਵੀ ਨਾਟਕੀ ਪਾਤਰਾਂ ਦੀ ਤਰ੍ਹਾਂ ਵਿਚਰਦੇ ਹਨ, ਪਰ ਇਸ ਨਾਲ ਆਮ ਜ਼ਿੰਦਗੀ 'ਚ ਉਥਲ-ਪੁਥਲ ਮਚ ਜਾਂਦੀ ਹੈ। ਕਿਉਂਕਿ ਫ਼ਿਲਮੀ ਪਾਤਰ ਆਮ ਜ਼ਿੰਦਗੀ ਨਾਲ ਮੇਲ ਨਹੀਂ ਖਾਂਦੇ। ਨੌਜਵਾਨ ਫ਼ਿਲਮੀ ਘਟਨਾਵਾਂ ਤੋਂ ਪ੍ਰੇਰਿਤ ਹੋ ਕੇ ਆਮ ਜੀਵਨ 'ਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜ਼ਾਮ ਦਿੰਦੇ ਹਨ। ਸੱਭਿਅਕ ਕਹਾ ਕੇ ਵੀ ਮਨੁੱਖ ਨੈਤਿਕ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਹੈ। ਲੋਕਾਂ ਦੀ ਭੀੜ 'ਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣਾ ਤੇ ਅਸਹਿਣਸ਼ੀਲਤਾ ਦਾ ਸ਼ਿਕਾਰ ਮਨੁੱਖ ਛੋਟੀ ਜਿਹੀ ਸਮੱਸਿਆ ਦਾ ਵੀ ਸਾਹਮਣਾ ਕਰਨ ਦੀ ਥਾਂ ਆਤਮ ਹੱਤਿਆ ਨੂੰ ਤਰਜੀਹ ਦੇ ਰਿਹਾ ਹੈ। ਇਕੱਲ ਵਰਗੇ ਜੰਗਲੀ ਮਾਹੌਲ 'ਚ ਪਲੇ ਮਨੁੱਖ ਨੂੰ ਸਮਾਜਿਕ ਰਿਸ਼ਤਿਆਂ ਦੀ ਕੋਈ ਸਾਰ ਨਹੀਂ। ਇਹੀ ਕਾਰਨ ਹੈ ਕਿ ਔਰਤਾਂ ਵਿਰੁੱਧ ਅਪਰਾਧਾਂ 'ਚ ਅੱਜ ਭਾਰੀ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਅਜੋਕੇ ਟੀਵੀ ਸੀਰੀਅਲ, ਫ਼ਿਲਮਾਂ ਤੇ ਗੀਤ ਲੋਕਾਂ ਦੇ ਮਨੋਰੰਜਨ ਦੀ ਥਾਂ ਨਸ਼ੇ, ਹਥਿਆਰਾਂ ਐਸ਼-ਪ੍ਰਸਤੀ, ਬੇਪਰਵਾਹੀ, ਨੰਗੇਜ਼ਵਾਦ, ਮੁਕੱਦਮੇ, ਜੇਲ੍ਹਾਂ ਆਦਿ ਦੇ ਬ੍ਰੈਂਡ ਅੰਬੈਸੇਡਰ ਦਾ ਕੰਮ ਕਰ ਰਹੇ ਹਨ। ਸਮਾਜ ਨੂੰ ਉਸਾਰੂ ਤੇ ਜੁਝਾਰੂ ਕੀਮਤਾਂ ਦੇਣ ਵਾਲੇ ਗੁਰੂ ਸਾਹਿਬਾਨ ਤੇ ਦੇਸ਼ ਭਗਤਾਂ ਦੀ ਥਾਂ, ਸਮਾਜ ਨੂੰ ਅੱਧੋਗਤੀ ਵੱਲ ਲਿਜਾ ਰਹੇ ਅਨਸਰ ਅੱਜ ਦੇ ਨੌਜਵਾਨਾਂ ਦੇ ਪ੍ਰੇਰਨਾਸ੍ਰੋਤ ਬਣ ਰਹੇ ਹਨ। ਫਿਰ ਅਪਰਾਧ ਕਿਵੇਂ ਰੁਕਣਗੇ। ਜੇਕਰ ਅਪਰਾਧ ਅਨਪੜ੍ਹਤਾ ਕਾਰਨ ਵਾਪਰਦੇ ਹਨ ਤਾਂ ਸਕੂਲਾਂ, ਕਾਲਜਾਂ 'ਚ ਵੀ ਬੱਚੀਆਂ ਤੇ ਔਰਤਾਂ ਨਾਲ ਜਿਨਸ਼ੀ ਸ਼ੋਸ਼ਣ ਦੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ? ਕਿਤੇ ਨਾ ਕਿਤੇ ਮੋਬਾਈਲ ਨੈੱਟ ਤਕਨਾਲੌਜੀ ਵੀ ਨੌਜਵਾਨਾਂ ਨੂੰ ਔਰਤਾਂ ਖ਼ਿਲਾਫ਼ ਅਪਰਾਧਾਂ ਵੱਲ ਧੱਕ ਰਹੀ ਹੈ। ਅਸ਼ਲੀਲ ਫ਼ਿਲਮਾਂ, ਦੋਹਰੇ ਅਰਥਾਂ ਵਾਲੇ ਗੀਤ ਤੇ ਨੰਗੇਜ਼ਵਾਦ ਨੌਜਵਾਨਾਂ ਨੂੰ ਔਰਤਾਂ ਖ਼ਿਲਾਫ਼ ਅਪਰਾਧਾਂ ਵੱਲ ਉਕਸਾ ਰਹੇ ਹਨ। ਜਿਸ ਉਮਰ 'ਚ ਬੱਚਿਆਂ ਦੇ ਹੱਥਾਂ 'ਚ ਕਿਤਾਬਾਂ ਹੋਣੀਆਂ ਚਾਹੀਦੀਆਂ ਸਨ, ਉਸ ਸਮੇਂ ਮੋਬਾਈਲ ਹਨ। ਉਹ ਇਨ੍ਹਾਂ ਮੋਬਾਈਲਾਂ 'ਚ ਗਲਤ ਦੇਖ ਰਹੇ ਹਨ, ਗਲਤ ਸੁਣ ਰਹੇ ਹਨ। ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਸਮਾਜ 'ਚ ਅਸ਼ਲੀਲਤਾ ਫੈਲਾਅ ਰਹੀਆਂ ਫ਼ਿਲਮਾਂ, ਗੀਤਾਂ ਤੇ ਟੀਵੀ ਸੀਰੀਅਲਾਂ 'ਤੇ ਸਖਤੀ ਨਾਲ ਪਾਬੰਦੀ ਲਗਾਈ ਜਾਵੇ, ਜੋ ਨੌਜਵਾਨਾਂ ਨੂੰ ਦਿਸ਼ਾਹੀਣ ਕਰ ਰਹੇ ਹਨ। ਬੱਚਿਆਂ ਨੂੰ ਸਾਂਝੇ ਪਰਿਵਾਰਾਂ ਅਤੇ ਸਕੂਲਾਂ 'ਚ ਨੈਤਿਕ ਕਦਰਾਂ-ਕੀਮਤਾਂ ਦਿੱਤੀਆਂ ਜਾਣ। ਔਰਤਾਂ ਨੂੰ ਵੀ ਅਜਿਹੇ ਸੀਰੀਅਲਾਂ, ਫ਼ਿਲਮਾਂ, ਗੀਤਾਂ ਦੀਆਂ ਵੀਡੀਓ ਤੇ ਐਡ ਫ਼ਿਲਮਾਂ 'ਚ ਕੰਮ ਨਹੀਂ ਕਰਨਾ ਚਾਹੀਦਾ, ਜਿਨ੍ਹਾਂ 'ਚ ਉਨ੍ਹਾਂ ਦੇ ਮਾਣ-ਸਨਮਾਨ, ਰੁਤਬੇ ਤੇ ਇੱਜਤ ਨੂੰ ਘਟਾ ਕਰਕੇ ਪੇਸ਼ ਕੀਤਾ ਜਾਂਦਾ ਹੈ। ਬੱਚਿਆਂ ਨੂੰ ਮੁਫ਼ਤ ਨੈੱਟ ਦੀ ਥਾਂ ਮੁਫ਼ਤ ਕਿਤਾਬਾਂ ਦਿੱਤੀਆਂ ਜਾਣ। ਜੇਕਰ ਸਮਾਂ ਰਹਿੰਦਿਆਂ ਔਰਤਾਂ ਖ਼ਿਲਾਫ਼ ਅਪਰਾਧਾਂ ਨੂੰ ਨਾ ਰੋਕਿਆ ਗਿਆ ਤਾਂ ਉਹ ਦਿਨ ਦੂਰ ਜਦੋਂ ਸੱਭਿਅਕ ਕਹਾਉਂਦਾ ਸਮਾਜ ਜੰਗਲੀ ਸੱਭਿਆਚਾਰ 'ਚ ਬਦਲ ਜਾਵੇਗਾ।



# ਮਨ ਹਰਾਮੀ ਹੁੱਜਤਾਂ ਢੇਰ

ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ
-925-683-1982



ਅੱਜ ਦੇ ਯੁੱਗ ਵਿਚ ਨਵੀਂ ਪਨੀਰੀ ਬਹੁਤ ਉਚੇ ਦਿਮਾਗੀ ਪੱਧਰ ਦੀ ਮਾਲਕ ਹੈ ਪਰ ਕਈ ਵਾਰ ਦਾਨਿਸ਼ਵਰੀ ਦੇ ਖੇਤਰ ਵਿਚ ਡਿੱਕੋ-ਡੋਲੇ ਖਾਂਦੀ ਨਜ਼ਰ ਆਉਂਦੀ ਹੈ। ਮਨ ਦੀ ਸ਼ਾਂਤੀ ਬਹੁਤ ਘੱਟ ਹੈ। ਕਿਸੇ ਵੀ ਦੁਨੀਆਂਦਾਰੀ ਦੇ ਨੁਕਤੇ 'ਤੇ ਗੱਲ ਕਰੀਏ ਤਾਂ ਬਹਿਸ ਵਿਚ ਸਿਆਣਿਆਂ ਨੂੰ ਵੀ ਪਿੱਛੇ ਛੱਡ ਜਾਂਦੀ ਹੈ। ਬਹੁਤ ਵਾਰ ਬਹਿਸ ਕੁਝ ਜਿੱਤਣ ਵਾਲੀ ਵਸਤੂ ਨਹੀਂ ਹੁੰਦੀ ਅਤੇ ਮਨ ਹਰਾਮੀ ਹੁੱਜਤਾਂ ਢੇਰ ਦੀ ਜਿਉਂਦੀ ਜਾਗਦੀ ਮਿਸਾਲ ਜ਼ਰੂਰ ਬਣ ਜਾਂਦੀ ਹੈ।

ਜੀਵਨ ਦੇ ਹਰ ਪਹਿਲੂ ਵਿਚ ਆਦਮੀ ਦੀ ਇਸ ਫਿਤਰਤ ਦੇ ਪਸਾਰੇ ਉਤੇ ਪੰਛੀ ਝਾਤ ਮਾਰਨਾ ਇਸ ਨਿਮਾਣੇ ਜਿਹੇ ਲੇਖ ਦਾ ਮਨੋਰਥ ਹੈ। ਸਕੂਲ 'ਚ ਪੜ੍ਹਦਿਆਂ ਮੇਰੇ ਕੁਝ ਸਾਥੀਆਂ ਦਾ ਪੜ੍ਹਾਈ ਵਲ ਰੱਤੀ ਭਰ ਵੀ ਰੁਝਾਨ ਨਹੀਂ ਸੀ। ਉਨ੍ਹਾਂ ਦੇ ਬਹਾਨੇ ਜਾਂ ਕਹੋ, ਮਨ ਹਰਾਮੀ ਹੋਣ ਵਿਚ ਕਮਾਲ ਦੀਆਂ ਗੱਲਾਂ ਸਨ; ਕਿਸੇ ਨੇ ਕਹਿਣਾ ਮੈਂ ਪੈਦਲ ਨਹੀਂ ਜਾ ਸਕਦਾ; ਦੂਜੇ ਨੇ ਕਹਿਣਾ ਮੇਰੇ ਕੱਪੜੇ ਸੋਹਣੇ ਨਹੀਂ, ਮੈਂ ਨਹੀਂ ਪੜ੍ਹਨਾ। ਇਕ ਹੋਰ ਕਹਿੰਦਾ, ਮੈਨੂੰ ਸਿਰ ਦੇ ਕੇਸ ਤੰਗ ਕਰਦੇ ਹਨ। ਕਿਸੇ ਨੇ ਕਿਹਾ, ਮੈਨੂੰ ਮੁੰਡੇ ਤੰਗ ਕਰਦੇ ਹਨ। ਮਾਸਟਰ ਉਨ੍ਹਾਂ ਨੂੰ ਕੁਝ ਨਹੀਂ ਕਹਿੰਦਾ ਸੀ ਕਿਉਂਕਿ ਉਹ ਅਮੀਰਾਂ ਦੇ ਮੁੰਡੇ ਸਨ।

ਪਿੰਡਾਂ ਵਿਚ ਤਾਂ ਮਿਡਲ ਅਤੇ ਹਾਈ ਸਕੂਲ ਘੱਟ ਹੀ ਸਨ। ਕਸਬਿਆਂ ਜਾਂ ਸ਼ਹਿਰਾਂ ਦੇ ਸਕੂਲਾਂ ਵਿਚ ਪਹੁੰਚਣ ਲਈ ਖੇਤਾਂ ਵਿਚਲੇ ਰਸਤੇ ਹੀ ਹੁੰਦੇ ਸਨ। ਕਈ ਮੁੰਡੇ ਮਾਂ ਦੀ ਬਣਾਈ ਚੂਰੀ ਰਸਤੇ ਵਿਚ ਖਾ ਲੈਂਦੇ ਅਤੇ ਦੋ ਚਾਰ ਘੰਟੇ ਖੇਤਾਂ ਵਿਚ ਗੁਜ਼ਾਰ ਦੁਪਹਿਰ ਪਿਛੋਂ ਘਰ ਜਾ ਕੇ ਕਹਿ ਦਿੰਦੇ, ਅੱਜ ਤਾਂ ਸਕੂਲ ਵਿਚ ਛੁੱਟੀ ਸੀ। ਇਮਤਿਹਾਨਾਂ ਵਿਚ ਪਾਸ ਹੋਣਾ ਇਨ੍ਹਾਂ ਦੇ ਵਸ ਦਾ ਰੋਗ ਨਹੀਂ ਸੀ। ਕੋਈ 5ਵੀਂ, ਕੋਈ 7ਵੀਂ ਤੋਂ ਪਿੱਛੋਂ ਘਰ ਬੈਠ ਜਾਂਦੇ। ਇਮਤਿਹਾਨ ਵੇਲੇ ਇਕ ਨਜ਼ਦੀਕੀ ਕਾਕੇ ਦੀ ਗੱਲ ਬਹੁਤ ਦਿਲਚਸਪ ਹੈ। ਉਸ ਦੀ ਮਾਂ ਕਹਿਣ ਲੱਗੀ, ਪੁੱਤਰ ਜਲਦੀ ਨਾ ਸੌਂ, ਕੱਲ੍ਹ ਤੇਰਾ ਇਮਤਿਹਾਨ ਹੈ। ਜੇ ਨੀਂਦ ਆਉਂਦੀ ਹੈ ਤਾਂ ਮੈਂ ਚਾਹ ਬਣਾ ਦਿੰਦੀ ਹਾਂ। ਉਹ ਕਹਿਣ ਲੱਗਾ, ਨਾ ਬੇਬੇ, ਮੈਂ ਤਾਂ ਇਕ ਵਾਰ ਚਾਹ ਪੀਤੀ ਕਿ ਮੇਰੇ ਗਲ ਵਿਚ ਫਸ ਗਈ, ਬੜੀ ਮੁਸ਼ਕਿਲ ਨਾਲ ਪਾਣੀ ਦੀ ਘੁੱਟ ਨਾਲ ਲੰਘਾਈ। ਨਾਲੇ ਚਾਹ ਨਾਲ ਮੈਨੂੰ ਕਮਜ਼ੋਰੀ ਹੋ ਜਾਂਦੀ ਹੈ।

ਕਾਲਜ ਦੇ ਦਿਨਾਂ ਦੀਆਂ ਗੱਲਾਂ ਕਰੀਏ ਤਾਂ ਮਿਹਨਤ ਨਾ ਕਰਨ ਦੇ ਬਹਾਨੇ ਬਹੁਤ ਚੁਸਤੀ ਅਤੇ ਚਾਲਾਕੀ ਵਾਲੇ ਹੁੰਦੇ ਹਨ। ਦਸਵੀਂ ਦਾ ਸਿਲੇਬਸ ਬਹੁਤ ਵਿਸ਼ਾਲ ਨਹੀਂ ਹੁੰਦਾ। ਇਸ ਕਰਕੇ ਬਹੁਤ ਬੱਚੇ ਤੇਜ਼ ਬੁੱਧੀ ਅਧੀਨ ਥੋੜ੍ਹੀ ਮਿਹਨਤ ਨਾਲ ਹੀ ਬਹੁਤ ਚੰਗੇ ਨੰਬਰਾਂ ਵਿਚ ਪਾਸ ਹੋ ਜਾਂਦੇ ਹਨ। ਮਾਪਿਆਂ ਨੂੰ ਗਲਤਫਹਿਮੀ ਹੋ ਜਾਂਦੀ ਹੈ ਕਿ ਇਹ ਕਾਕੇ ਡਾਕਟਰ ਜਾਂ ਇੰਜੀਨੀਅਰ ਬਣ ਜਾਣਗੇ ਪਰ ਇਹ ਨਖੱਟੂ ਮਿਹਨਤ ਤੋਂ ਕੋਹਾਂ ਦੂਰ ਹੁੰਦੇ ਹਨ।

ਇਨ੍ਹਾਂ ਦੀਆਂ ਦਲੀਲਾਂ ਜਾਂ ਹੁੱਜਤਾਂ ਕਮਾਲ ਕਰਦੀਆਂ ਹਨ। ਇਕ ਕਹਿਣ ਲੱਗਾ, ਡਾਕਟਰ ਚਾਹੇ ਕਿਸੇ ਵੀ ਪਦਵੀ 'ਤੇ ਪਹੁੰਚ ਜਾਵੇ, ਡਾਕਟਰ ਹੀ ਕਹਾਉਂਦਾ ਹੈ। ਜਿੰਨੇ ਵੱਡੇ ਹਸਪਤਾਲ ਹਨ, ਉਨ੍ਹਾਂ ਦੇ ਮਾਲਕ ਡਾਕਟਰ ਨਹੀਂ, ਡਾਕਟਰਾਂ ਨੂੰ ਨੌਕਰੀ ਦਿੰਦੇ ਹਨ। ਮੈਂ ਤਾਂ ਆਪਣਾ ਹਸਪਤਾਲ ਖੋਲ੍ਹਾਂਗਾ। ਇਕ ਗੱਲ ਹੋਰ, ਵਜ਼ੀਰ ਅਤੇ ਵੱਡੇ ਅਫਸਰ ਜਦੋਂ ਮਰਜ਼ੀ ਡਾਕਟਰ ਨੂੰ ਬਗੈਰ ਫੀਸ ਦਿੱਤਿਆਂ ਘਰ ਬੁਲਾ ਲੈਂਦੇ ਹਨ। ਮੈਂ ਨਹੀਂ ਬਣਨਾ ਡਾਕਟਰ। ਨਾ ਦਿਨ ਵਿਚ ਆਰਾਮ, ਨਾ ਰਾਤ ਨੂੰ ਟੇਕ। ਇਸ ਕੋਲੋਂ ਤਾਂ ਮਿਲਟਰੀ ਚੰਗੀ, ਅੱਜ ਕੈਪਟਨ, ਕੱਲ੍ਹ ਮੇਜਰ। ਕਈ ਤਾਂ ਜਰਨੈਲੀ ਤਕ ਪਹੁੰਚ ਜਾਂਦੇ ਹਨ।

ਇਕ ਲੜਕਾ ਮੇਰਾ ਬਹੁਤ ਅਜ਼ੀਜ਼ ਸੀ, ਮੈਨੂੰ ਕਹਿਣ ਲੱਗਾ, "ਸਰ! ਮੈਂ ਕਿਹੜੀ ਇੰਜੀਨੀਅਰਿੰਗ ਲਵਾਂ?" ਮੈਂ ਕਿਹਾ, "ਮਕੈਨੀਕਲ ਦਾ ਸਕੋਪ ਹੈ ਪਰ ਥੋੜ੍ਹੀ ਮਿਹਨਤ ਕਰਨੀ ਪਵੇਗੀ।" ਮਿਹਨਤ ਕਰਨਾ ਉਸ ਦਾ ਸ਼ੌਕ ਨਹੀਂ ਸੀ। ਕਹਿਣ ਲੱਗਾ, "ਮਕੈਨੀਕਲ ਕੋਰਸ ਪਿੱਛੋਂ ਮਸ਼ੀਨਾਂ ਨਾਲ ਵਾਹ ਪੈਣਾ ਹੈ। ਇਨ੍ਹਾਂ ਦੀ ਆਵਾਜ਼ਾਂ ਵਿਚ ਮੇਰਾ ਮਿਊਜ਼ਿਕ ਦਾ ਸ਼ੌਕ ਖਤਮ ਹੋ ਜਾਵੇਗਾ।" ਕੇਵਲ ਦੋ ਨਹੀਂ, ਬਹੁਤ ਸਾਰੀਆਂ ਹੋਰ ਮਿਸਾਲਾਂ ਆਲਸੀ ਮੁੰਡਿਆਂ ਦੀਆਂ ਹਰਾਮਪੁਣੇ ਦੀਆਂ ਹੁੱਜਤਾਂ ਹਨ।

ਚਲੋ, ਇਹ ਬਹਾਨੇ ਨਿਆਣੀ ਉਮਰ ਅਤੇ ਅੱਲੜ ਅਵਸਥਾ ਜਾਂ ਚੜ੍ਹਦੀ ਜੁਆਨੀ ਦੇ ਕਾਰੇ ਹਨ ਪਰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਵੱਡੀ ਉਮਰ ਅਤੇ ਜ਼ਿੰਮੇਵਾਰੀ ਦੀ ਸਥਿਤੀ ਵਿਚ ਵੀ ਇਹ ਅਲਾਮਤਾਂ ਪਿੱਛਾ ਨਹੀਂ ਛਡਦੀਆਂ।

ਕਾਲਜਾਂ ਵਿਚ ਅਧਿਆਪਕ ਅਤੇ ਪ੍ਰਿੰਸੀਪਲ ਦੀ ਪਦਵੀ 'ਤੇ ਕੰਮ ਕਰਦਿਆਂ ਇਕ ਗੱਲ ਪੱਥਰ 'ਤੇ ਲਕੀਰ ਵਾਂਗ ਪੱਕੀ ਸੀ ਕਿ ਕਾਲਜ ਦਾ ਕੋਈ ਵਾਧੂ (ਪਰ ਜ਼ਰੂਰੀ) ਕੰਮ ਉਸ ਬੰਦੇ ਨੂੰ ਦਿਉ ਜੋ ਬੇਸ਼ਕ ਪਹਿਲਾਂ ਹੀ ਮਸਰੂਫ ਹੋਵੇ ਪਰ ਕੰਮਚੋਰ ਅਤੇ ਵਿਹਲੜ ਨਾ ਹੋਵੇ। ਵਿਹਲੜ ਕੋਲ ਵਿਹਲ ਵਿਚੋਂ ਹੀ ਵਿਹਲ ਨਹੀਂ ਹੁੰਦੀ।

ਉਸ ਨਖੱਟੂ ਅਤੇ ਚੁਸਤ ਆਦਮੀ ਕੋਲ ਸੌ ਬਹਾਨੇ ਹੋਣਗੇ। ਇਕ ਪ੍ਰੋਫੈਸਰ ਨੂੰ ਇਕ ਸਹਾਇਕ ਦੇ ਕੇ ਕਾਲਜ ਦੀ ਪ੍ਰਾਪਰਟੀ ਜਾਂ ਇਮਤਿਹਾਨਾਂ ਦਾ ਇੰਚਾਰਜ ਬਣਨ ਲਈ ਕਿਹਾ। ਉਸ ਨੇ ਜਵਾਬ ਦਿੱਤਾ, "ਨਾ ਜੀ, ਮੈਨੂੰ ਤਾਂ ਮੇਰੇ ਕਮੀਜ਼ਾਂ, ਪੈਂਟਾਂ ਦਾ ਵੀ ਪਤਾ ਨਹੀਂ ਰਹਿੰਦਾ। ਮੇਰੇ ਕੋਲੋਂ ਇਹ ਜ਼ਿੰਮੇਵਾਰੀ ਨਹੀਂ ਨਿਭਣੀ।" ਦੂਜਾ ਕਹਿਣ ਲੱਗਾ, "ਅਸੀਂ ਸਾਹਿਤ ਦੇ ਬੰਦੇ, ਇਹ ਤਾਂ ਕਲਰਕਾਂ ਵਾਲਾ ਕੰਮ ਹੈ।" ਜਦੋਂ ਇਨ੍ਹਾਂ ਬੰਦਿਆਂ ਨੂੰ ਨੇੜਿਉਂ ਤੱਕਿਆ ਤਾਂ ਆਪਣੇ ਘਰ ਦੇ ਕੰਮਾਂ ਵਿਚ ਪੂਰੇ ਹਿਸਾਬੀ ਕਿਤਾਬੀ ਸਨ, ਪਰ ਬਗੈਰ ਉਜ਼ਰਤ ਵਾਧੂ ਜ਼ਿੰਮੇਵਾਰੀ ਲਈ ਇਹ ਮਨ ਹਰਾਮੀ ਹੁੱਜਤਾਂ ਢੇਰ ਦੇ ਪ੍ਰਤੀਨਿਧ ਸਨ।

ਮੇਰਾ ਇਕ ਨਜ਼ਦੀਕੀ ਦੋਸਤ ਸਵੇਰ ਦੀ ਸੈਰ ਨਾਸ਼ਤਾ ਕਰਨ ਤੋਂ ਬਾਅਦ ਹੀ ਜਾਂਦਾ ਹੈ। ਬਹੁਤ ਮਿੱਤਰ ਕਹਿੰਦੇ ਹਨ ਕਿ ਸੈਰ ਜਲਦੀ ਉਠ ਕੇ ਸਵੇਰੇ ਸਵੇਰੇ ਕਰਨੀ ਚਾਹੀਦੀ ਹੈ। ਇਸ ਨਾਲ ਸਰੀਰ ਦਾ ਮੈਟਾਬੁਲਿਜ਼ਮ ਠੀਕ ਰਹਿੰਦਾ ਹੈ। ਉਸ ਦੋਸਤ ਦੇ ਬਹਾਨੇ ਸੁਣੋ! "ਸੈਰ ਕਰਨੀ ਕੋਈ ਬੰਧਨ ਨਹੀਂ, ਮਨ ਦੀ ਖੁਸ਼ੀ ਲਈ ਹੈ, ਜਿਸ ਵੇਲੇ ਠੀਕ ਲੱਗੇ ਕਰੋ। ਮੂੰਹ ਹਨੇਰੇ ਕੋਈ ਸੱਪ ਸਲੂਤੀ ਰਸਤੇ ਵਿਚ ਮਿਲ ਜਾਵੇ ਤਾਂ ਕੀ ਕਰੋਗੇ? ਅੱਜ ਕੱਲ੍ਹ ਤਾਂ ਆਵਾਰਾ ਕੁੱਤੇ ਵੀ ਬਹੁਤ ਹਨ, ਜੇ ਵੱਢ ਲਿਆ! ਖਬਰੇ ਉਹ ਹਲਕਿਆ ਹੀ ਨਿਕਲੇ, ਮੁਸੀਬਤ ਖੜ੍ਹੀ ਹੋ ਜਾਊ। ਸਵੇਰੇ ਸਵੇਰੇ ਸੜਕਾਂ ਖਾਲੀ ਹੋਣ ਕਰਕੇ ਗੱਡੀਆਂ ਬੜੀ ਤੇਜ਼ ਚਲਦੀਆਂ ਹਨ, ਜੇ ਕੋਈ ਐਕਸੀਡੈਂਟ ਹੋ ਗਿਆ ਤਾਂ ਘਰਵਾਲਿਆਂ ਲਈ ਮੁਸੀਬਤ ਖੜ੍ਹੀ ਹੋ ਜਾਊ। ਲੇਟ ਜਾਣ ਦੇ ਫਾਇਦੇ ਹੀ ਫਾਇਦੇ। ਕਿਤਨੇ ਬੰਦੇ ਅਤੇ ਔਰਤਾਂ ਤੁਹਾਨੂੰ ਮਿਲਣਗੇ ਕਿ ਸਭ ਨੂੰ ਹੈਲੋ ਹੈਲੋ ਕਰੋ। ਉਹ ਵੀ ਖੁਸ਼ ਤੇ ਤੁਸੀਂ ਵੀ ਖੁਸ਼।"

ਇਹ ਸਭ ਦਲੀਲਾਂ ਜਲਦੀ ਨਾ ਉਠ ਸਕਣ ਦੇ ਬਹਾਨੇ ਹਨ। ਮਨ ਸੁਸਤ ਹੈ, ਹਰਾਮੀ ਹੈ ਤੇ ਹੁੱਜਤਾਂ ਢੇਰ ਹਨ। ਦਰਅਸਲ ਕੁਦਰਤ ਵੱਲੋਂ ਹਰ ਕੰਮ ਜਾਂ ਘਟਨਾ ਦੇ ਕਈ ਪਹਿਲੂ ਹੁੰਦੇ ਹਨ। ਅੱਜ ਦਾ ਚੁਸਤ, ਚਲਾਕ ਅਤੇ ਖਚਰਾ ਆਦਮੀ ਚਤੁਰਾਈ ਨਾਲ ਆਪਣੇ ਮਤਲਬ ਦੇ ਪੱਖ ਵਿਚ ਚੁਣ ਚੁਣ ਕੇ ਦਲੀਲਾਂ ਪੇਸ਼ ਕਰਨ ਵਿਚ ਮਾਹਰ ਹੈ। ਕੋਰੇ ਝੂਠ ਨੂੰ ਸੱਚ ਵਾਂਗ ਪੇਸ਼ ਕਰ ਦਿੰਦਾ ਹੈ।

ਸ਼ੂਗਰ ਵਾਲੇ, ਮੋਟੇ ਅਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰ ਭਾਰ ਘਟਾਉਣ ਲਈ ਜ਼ਰੂਰ ਕਹਿੰਦੇ ਹਨ। ਬਹੁਤ ਵਾਰ ਦੇਖਿਆ ਗਿਆ ਹੈ ਕਿ ਇਹ ਮਰੀਜ਼ ਖਾਣ 'ਤੇ ਕੰਟਰੋਲ ਨਹੀਂ ਕਰ ਸਕਦੇ। ਜੇ ਇਨ੍ਹਾਂ ਦੇ ਬਹਾਨੇ ਸੁਣੋ ਤਾਂ ਹਾਸਾ ਆ ਜਾਂਦਾ ਹੈ। ਕੋਈ ਕਹਿੰਦਾ ਹੈ, ਬਹੁਤ ਪਾਰਟੀਆਂ ਵਿਚ ਜਾਣਾ ਪੈਂਦਾ ਹੈ। ਹੋਸਟ ਮੱਲੋ-ਮਲੀ ਪਲੇਟ ਭਰ ਦਿੰਦੇ ਹਨ, ਕੀ ਕਰੀਏ? ਅਗਲੇ ਦੀ ਗੱਲ ਸੁਣੋ! ਸਾਡੇ ਘਰ ਫਰੂਟ ਬਹੁਤ ਆਉਂਦਾ ਹੈ, ਬੱਚੇ ਖਾਂਦੇ ਨਹੀਂ ਤੇ ਮੈਥੋਂ ਖਰਾਬ ਹੁੰਦਾ ਦੇਖਿਆ ਨਹੀਂ ਜਾਂਦਾ। ਇਕ ਹੋਰ ਕਹਿਣ ਲੱਗਾ, 'ਡਾਕਟਰ ਸਾਹਿਬ, ਜੇ ਥੋੜ੍ਹਾ ਖਾਵਾਂ ਤਾਂ ਅਗਲੇ ਦਿਨ ਤੁਰਿਆ ਨਹੀਂ ਜਾਂਦਾ।' ਇਹ ਸਭ ਜੀਭ ਦੇ ਸੁਆਦ ਦੇ ਕਾਰੇ ਹਨ ਪਰ ਹਰਾਮੀ ਮਨ ਮੰਨਣ ਲਈ ਤਿਆਰ ਨਹੀਂ।

ਸੈਰ ਕਰਨ ਵੇਲੇ ਮੇਰੀ ਬਹੁਤ ਬੰਦਿਆਂ ਨਾਲ ਮੁਲਾਕਾਤ ਹੁੰਦੀ ਹੈ। ਕਰੀਬ ਸਾਰੇ ਹੀ ਗੱਲਾਂ ਦੇ ਗਲਾਕੜ ਹੁੰਦੇ ਹਨ। ਜੇ ਕੋਈ ਆਪਣੀ ਗੱਲ ਲੰਮੀ ਕਰ ਲਵੇ ਤਾਂ ਦੂਜਾ ਵਿਚੋਂ ਹੀ ਬੋਲ ਪੈਂਦਾ ਹੈ। ਜੇ ਉਸ ਨੂੰ ਕਹੋ, ਭਾਈ ਪਹਿਲੇ ਨੂੰ ਪੂਰੀ ਗੱਲ ਤਾਂ ਕਰਨ ਦਿਉ ਤਾਂ ਦੂਸਰਾ ਕਹਿੰਦਾ ਹੈ, ਇਸ ਦੀ ਗੱਲ ਖਤਮ ਹੋਣ ਤੱਕ ਮੈਂ ਆਪਣੀ ਗੱਲ ਭੁੱਲ ਜਾਵਾਂਗਾ। ਲੰਮੀ ਗੱਲ ਕਰਨ ਵਾਲੇ ਆਪਣੇ ਸੁਭਾਅ ਦੀਆਂ ਸਿਫਤਾਂ ਦੇ ਢੇਰ ਲਾ ਦਿੰਦੇ ਹਨ। ਉਹ ਕਹਿਣਗੇ, ਕਿਉਂਕਿ ਬਜ਼ੁਰਗਾਂ ਨੂੰ ਉਚਾ ਸੁਣਦਾ ਹੈ ਅਤੇ ਉਨ੍ਹਾਂ ਨੂੰ ਗੱਲ ਦੇਰ ਨਾਲ ਸਮਝ ਆਉਂਦੀ ਹੈ, ਕੁਝ ਲਫਜ਼ਾਂ ਵਿਚ ਗੱਲ ਮੁਕਾਉਣ ਵਾਲੇ ਸੁਣਨ ਵਾਲਿਆਂ ਨੂੰ ਕਈ ਭੁਲੇਖਿਆਂ ਵਿਚ ਪਾ ਦਿੰਦੇ ਹਨ। ਲੰਮੀ ਗੱਲ ਸਭ ਕੁਝ ਸਾਫ ਕਰ ਦਿੰਦੀ ਹੈ। ਇਹੋ ਜਿਹੀਆਂ ਦਲੀਲਾਂ ਉਨ੍ਹਾਂ ਦੀ ਆਦਤ ਦੀ ਮਜਬੂਰੀ ਹੈ। ਅਸਲ ਵਿਚ ਆਪਣੀ ਆਦਤ ਨੂੰ ਅਰਥ ਭਰਪੂਰ ਦਰਸਾਉਣ ਲਈ ਇਹ ਦਾਨਿਸ਼ਵਾਰੀ ਭਰਿਆ ਹਰਾਮੀਪੁਣਾ ਹੈ ਅਤੇ ਦਲੀਲਾਂ ਦਿਲਚਸਪ ਹੁੱਜਤਾਂ ਹਨ।

ਕਈ ਆਦਮੀ ਰੱਜੇ ਪੁੱਜੇ ਹੋਣ ਦੇ ਬਾਵਜੂਦ ਬਹੁਤ ਕੰਜੂਸ ਹੁੰਦੇ ਹਨ। ਜੇ ਉਨ੍ਹਾਂ ਤੋਂ ਕਿਸੇ ਭਲੇ ਕੰਮ ਲਈ ਕੁਝ ਮੰਗੋ, ਉਹ ਕਹਿਣਗੇ, ਮੈਂ ਬਹੁਤ ਵਾਰ ਅਜਿਹੀਆਂ ਸੰਸਥਾਵਾਂ ਨੂੰ ਮਾਇਆ ਦਿੱਤੀ ਹੈ, ਇਹ ਸਭ ਫਰਾਡ ਹੈ। ਜੇ ਕੋਈ ਅੰਗਹੀਣ ਜਾਂ ਨਿਗ੍ਹਾ ਤੋਂ ਲਾਚਾਰ ਇਨ੍ਹਾਂ ਤੋਂ ਕੁਝ ਮੰਗੇ, ਕਹਿਣਗੇ, ਤੂੰ ਖੇਖਣ ਕਰਦੈਂ, ਪੈਸੇ ਤੈਨੂੰ ਕਿਵੇਂ ਨਜ਼ਰ ਆ ਜਾਂਦੇ ਹਨ। ਅਸਲ ਵਿਚ ਪੈਸੇ ਨਾਲ ਪਿਆਰ ਇਨ੍ਹਾਂ ਦੇ ਮਨ ਵਿਚੋਂ ਦਯਾ ਜਿਹੀ ਚੀਜ਼ ਖਤਮ ਕਰ ਦਿੰਦਾ ਹੈ। 'ਧੌਲ ਧਰਮ ਦਯਾ ਕਾ ਪੂਤ' ਅਨੁਸਾਰ ਦਯਾ ਵਿਚੋਂ ਹੀ ਜੀਵਨ ਦੀ ਖੂਬਸੂਰਤੀ ਜਨਮ ਲੈਂਦੀ ਹੈ। ਇਸ ਦੀ ਗੈਰ ਹਾਜ਼ਰੀ ਵਿਚ ਆਦਮੀ ਹਰਾਮੀਪੁਣੇ 'ਤੇ ਉਤਰ ਆਉਂਦਾ ਹੈ ਅਤੇ ਹੁੱਜਤਾਂ ਦਾ ਕਿਆ ਕਹਿਣਾ!

ਮਾਇਆਧਾਰੀ ਦੁਨੀਆਂ ਵਿਚ ਆਦਮੀ ਸਿੱਧਾ ਸਾਦਾ ਨਹੀਂ ਰਿਹਾ। ਫਿਰ ਵੀ ਸੰਸਕਾਰਾਂ ਜਾਂ ਆਪਣੀ ਬੁੱਧੀ ਅਨੁਸਾਰ ਕੋਈ ਆਸਤਕ ਅਤੇ ਕੋਈ ਨਾਸਤਕ ਬਣ ਜਾਂਦਾ ਹੈ। ਸ਼ਾਇਦ ਪ੍ਰੋਫੈਸਰ ਮੋਹਨ ਸਿੰਘ ਠੀਕ ਹੀ ਕਹਿੰਦੇ ਹਨ ਕਿ 'ਲਾਈ ਲੱਗ ਮੋਮਨ ਕੋਲੋਂ ਖੋਜੀ ਕਾਫਰ ਚੰਗਾਂ' ਪਰ ਦੁੱਖ ਇਸ ਗੱਲ ਦਾ ਹੁੰਦਾ ਹੈ, ਲੋਕ ਜਦੋਂ ਮਨ ਅੰਦਰ ਮਾਇਆ ਦੀ ਮੈਲੀ ਚਾਦਰ ਹੇਠ ਲੂੰਬੜ ਚਾਲਾਂ ਖੇਡਦੇ ਹਨ। ਦੇਖਣ ਵਿਚ ਇਹ ਬੜੇ ਭਲੇ ਮਾਣਸ ਹੁੰਦੇ ਹਨ। ਕਈ ਰਹੁ ਰੀਤਾਂ ਦੀ ਚੁਸਤ, ਚਲਾਕ ਅਤੇ ਖਚਰੇ ਅੰਦਾਜ਼ ਨਾਲ ਖਿੱਲੀ ਉਡਾਉਂਦੇ ਹਨ।

ਮੇਰੇ ਇਕ ਸਤਿਕਾਰਯੋਗ ਪ੍ਰੋਫੈਸਰ, ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥' ਨੂੰ ਦੁਨੀਆਂ ਦੀਆਂ ਵੈਰਾਗ ਵਿਚ ਲਿਖੀਆਂ ਲਾਈਨਾਂ ਵਿਚੋਂ ਉਤਮ ਲਿਖਤ ਸਮਝਦੇ ਸਨ ਪਰ ਨਾਲ ਨਾਲ ਇਹ ਵੀ ਕਹਿ ਦਿੰਦੇ ਕਿ ਕੁਝ ਗੁਰੂ ਸਾਹਿਬਾਨ ਜਿਨ੍ਹਾਂ ਨੇ ਬਾਣੀ ਰਚੀ, ਉਹ ਤਾਂ ਬਹੁਤ ਸੂਝਵਾਨ ਸਨ, ਬਾਕੀ ਤਾਂ ਬਸ..।

ਇਕ ਹੋਰ ਅਜ਼ੀਜ਼ ਚੰਗੀ ਆਮਦਨ ਦੇ ਨਸ਼ੇ ਵਿਚ ਕਹਿਣ ਲੱਗਾ, ਗੁਰੂ ਗੋਬਿੰਦ ਸਿੰਘ ਦੇ ਕਾਰਨਾਮੇ ਤਾਂ ਦੁਨੀਆਂ ਸਦਾ ਲਈ ਯਾਦ ਰੱਖੇਗੀ, ਜੇ ਕਦੇ ਸਿਰ ਦੇ ਕੇਸਾਂ ਅਤੇ ਦਾੜ੍ਹੀ ਦੇ ਵਾਲਾਂ ਦਾ ਸਾਈਜ਼ ਵੀ ਦੱਸ ਜਾਂਦੇ ਕਿ ਕਿੰਨੇ ਇੰਚ ਰੱਖਣੇ ਹਨ ਤਾਂ ਬਹੁਤ ਚੰਗਾ ਹੁੰਦਾ। ਗ੍ਰੰਥ ਸਾਹਿਬ ਦਾ ਸਤਿਕਾਰ ਕਰਦਿਆਂ ਜੇ ਸੋਹਣੇ ਰੁਮਾਲਿਆਂ ਵਿਚ ਉਸ ਨੂੰ ਲਪੇਟਦੇ ਹਨ ਤਾਂ ਰੋਜ਼ ਇਸ਼ਨਾਨ ਵੀ ਕਰਾ ਦੇਣਾ ਚਾਹੀਦਾ ਹੈ।

ਅੱਜ ਕੱਲ੍ਹ ਗੁਰਦੁਆਰਿਆਂ ਵਿਚ ਅਨੰਦ ਕਾਰਜ ਕਰਾਉਣ ਦਾ ਰਿਵਾਜ ਕਾਫੀ ਪ੍ਰਚਲਿਤ ਹੈ। ਸਾਰੇ ਤਾਂ ਨਹੀਂ, ਪਰ ਕਾਫੀ ਲੋਕਾਂ ਦਾ ਸਿੱਖ ਸਿਧਾਂਤ ਅਨੁਸਾਰ ਸ਼ਾਦੀ ਦੀ ਮਹੱਤਤਾ ਨਾਲ ਕੋਈ ਲਾਗਾ ਦੇਗਾ ਨਹੀਂ। ਕੇਵਲ ਵਿਆਹ ਦੇ ਸਰਟੀਫਿਕੇਟ ਅਤੇ ਘੱਟ ਖਰਚੇ ਨਾਲ ਮਤਲਬ ਹੈ। ਵੱਡੇ ਹਾਲਾਂ ਦੀ ਬੁਕਿੰਗ ਬਹੁਤ ਮਹਿੰਗੀ ਹੈ। ਹੈਰਾਨੀ ਇਸ ਗੱਲ ਨੂੰ ਦੇਖ ਕੇ ਹੁੰਦੀ ਹੈ, ਜਦੋਂ ਸਮਾਗਮ ਖਤਮ ਹੋਣ ਪਿਛੋਂ ਕੁਝ ਮਾਇਆ ਸੰਸਥਾ ਦੇ ਬਿਜਲੀ ਪਾਣੀ ਅਤੇ ਹੋਰ ਖਰਚਿਆਂ ਲਈ ਦੇਣ ਤੋਂ ਵੀ ਇਹ ਸੱਜਣ ਕੰਨੀ ਕਤਰਾਉਂਦੇ ਹਨ। ਕਈ ਤਾਂ ਪ੍ਰਬੰਧਕਾਂ ਨਾਲ ਬਹਿਸ ਕਰਨ ਲੱਗ ਪੈਂਦੇ ਹਨ। ਕੀ ਇਹ ਸਾਰੀਆਂ ਗੱਲਾਂ ਮਨ ਦੇ ਹਰਾਮੀਪੁਣੇ ਦੀ ਝਲਕ ਨਹੀਂ? ਝਗੜਾ ਕਰਨਾ, ਬਹਿਸ ਕਰਨਾ ਕੋਝੀ ਹੁੱਜਤ ਨਹੀਂ?

ਕਹਿਣ ਨੂੰ ਤਾਂ ਬਹੁਤ ਕੁਝ ਹੈ, ਫਿਰ ਵੀ ਲੇਖ ਦੀ ਸੰਖੇਪਤਾ ਦਾ ਧਿਆਨ ਰੱਖਦਿਆਂ ਸਿਆਸਤਦਾਨਾਂ ਬਾਬਤ ਲਿਖਣ ਲਈ ਤਾਂ ਦਿਲ ਕਰ ਹੀ ਆਇਆ ਹੈ। ਵੈਸੇ ਤਾਂ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਅਤੇ ਹੋਰ ਹਕੀਕਤ ਬਿਆਨ ਕਰਨ ਵਾਲਿਆਂ ਦੀ ਬੇਇੱਜਤੀ ਦੇਖ ਕੇ ਮਨ ਕੁਝ ਵੀ ਲਿਖਣ ਤੋਂ ਝਿਜਕ ਰਿਹਾ ਹੈ ਅਤੇ ਮੱਲੋ-ਮੱਲੀ ਬਚਪਨ ਵਿਚ ਸੁਣਿਆ ਨੰਦ ਲਾਲ ਨੂਰਪੁਰੀ ਦਾ ਗੀਤ ਚੇਤੇ ਆ ਜਾਂਦਾ ਹੈ:

***ਏਥੋਂ ਉਡ ਜਾ ਭੋਲਿਆ ਪੰਛੀਆ***
***ਆਪਣੀ ਜਾਨ ਬਚਾ।***

...

***ਏਥੇ ਡਾਕੇ ਪੈਣ ਦੁਪਹਿਰ ਨੂੰ***
***ਵੈਰੀ, ਤੇਰਾ ਆਲ੍ਹਣਾ***
***ਦੇਣਗੇ ਢਾਅ।***

ਉਸ ਸੱਚੇ ਸੁੱਚੇ ਬੰਦੇ ਨੂੰ ਇਹ ਗੀਤ ਲਿਖਣ ਕਰ ਕੇ ਨੌਕਰੀ ਤੋਂ ਹੱਥ ਧੋਣਾ ਪਿਆ ਸੀ। ਫਿਰ ਵੀ ਪਾਠਕਾਂ ਦੀ ਆਗਿਆ ਲੈ ਕੇ ਕੁਝ ਸਤਰਾਂ ਲਿਖ ਰਿਹਾ ਹਾਂ।

ਬੱਚਾ ਪੈਦਾ ਹੁੰਦਾ ਹੈ। ਉਹ ਭੋਲਾ ਭੰਡਾਰਾ ਅਤੇ ਮਾਸੂਮ ਹੁੰਦਾ ਹੈ। ਜਿਉਂ ਜਿਉਂ ਸਮਾਂ ਬੀਤਦਾ ਹੈ, ਉਸ ਦੇ ਮਨ ਉਤੇ ਸੰਸਕਾਰਾਂ, ਆਪਣੇ ਆਲੇ-ਦੁਆਲੇ, ਮਾਪਿਆਂ ਦੇ ਵਰਤਾਰੇ ਅਤੇ ਅਧਿਆਪਕਾਂ ਦੀ ਪਾਣ ਚੜ੍ਹਦੀ ਰਹਿੰਦੀ ਹੈ। ਸਿਆਣੇ ਬੱਚੇ ਇਸ ਵਿਚੋਂ ਚੰਗੇ ਪ੍ਰਭਾਵ ਗ੍ਰਹਿਣ ਕਰ ਲੈਂਦੇ ਹਨ। ਚੁਸਤ, ਚਲਾਕ, ਖਚਰੇ ਪਰ ਨਖੱਟੂ ਬੱਚੇ ਬੁਰੇ ਪ੍ਰਭਾਵ ਆਪਣੇ ਪੱਲੇ ਬੰਨ੍ਹ ਲੈਂਦੇ ਹਨ। ਇਨ੍ਹਾਂ ਵਿਚੋਂ ਕਈ ਸਿੱਧੇ ਅਤੇ ਅਸਿੱਧੇ ਢੰਗ ਨਾਲ ਸਿਆਸਤ ਵਿਚ ਕੁੱਦ ਪੈਂਦੇ ਹਨ। ਕਈ ਵਿਦਿਆਰਥੀ ਲੀਡਰ ਬਣ ਕੇ, ਕਈ ਪਿੰਡ ਦੇ ਸਰਪੰਚ ਬਣ ਕੇ, ਸਿਫਾਰਸ਼ ਨਾਲ ਨੌਕਰੀ ਲੈ ਕੇ ਅਤੇ ਲੋਕਾਂ ਨਾਲ ਰਸੂਖ ਬਣਾ ਕੇ, ਜਲਦੀ ਸੇਵਾ ਮੁਕਤ ਹੋ ਕੇ ਸਿਆਸਤ ਦੀ ਪੌੜੀ ਚੜ੍ਹਦੇ ਹਨ। ਬਹੁਤ ਸਾਰੀਆਂ ਚਤੁਰਾਈਆਂ ਵਿਚੋਂ ਇਕ ਅਹਿਮ ਚਤੁਰਾਈ, ਇਕਰਾਰ ਕਰ ਕੇ ਮੁਕਰਨਾ, ਇਨ੍ਹਾਂ ਦਾ ਖੱਬੇ ਹੱਥ ਦਾ ਖੇਲ ਹੈ। ਨਾ-ਕਾਮਯਾਬੀ ਦਾ ਠੁੱਲਾ ਮੁਖਾਲਫ ਪਾਰਟੀ ਦੇ ਸਿਰ ਸੁੱਟਣਾ ਇਨ੍ਹਾਂ ਦਾ ਮਨਭਾਉਂਦਾ ਸ਼ੁਗਲ ਹੈ।

ਭਾਰਤ ਵਿਚ ਵੀ ਬੇਸ਼ਕ ਸਾਰੇ ਸੂਬਿਆਂ ਦਾ ਹਾਲ ਤਰਸਯੋਗ ਹੈ ਪਰ ਪੰਜਾਬ ਦੀ ਗੱਲ ਕਰੀਏ ਤਾਂ ਕੌਣ ਨਹੀਂ ਜਾਣਦਾ ਕਿ ਪਾਕਿਸਤਾਨ ਨਾਲ ਲਗਦੀ ਕਿੰਨੀ ਲੰਮੀ ਹੱਦ ਹੈ। ਇਸ ਉਤੇ ਰਹਿਣ ਵਾਲੇ ਲੋਕ ਸਦਾ ਲਈ ਰਫਿਊਜ਼ੀ ਹਨ। ਜਦੋਂ ਕਦੇ ਵੀ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ ਮਾਮੂਲੀ ਜਿਹਾ ਤਣਾਅ ਨਜ਼ਰ ਆਉਂਦਾ ਹੈ, ਲੜਾਈ ਦੇ ਬੱਦਲ ਇਨ੍ਹਾਂ ਦੇ ਉਜਾੜੇ ਦਾ ਸੱਦਾ ਦੇ ਦਿੰਦੇ ਹਨ। ਕਿਸ ਨੂੰ ਪਤਾ ਨਹੀਂ ਕਿ ਪੰਜਾਬ ਦੀ ਕਿਸਾਨੀ ਦਮ ਤੋੜ ਰਹੀ ਹੈ? ਦੂਜੇ ਦੇਸ਼ਾਂ ਵਿਚ ਪਰਵਾਸ ਕਰਨ ਦੀ ਚਾਹਤ ਅਧੀਨ ਸਮੁੰਦਰਾਂ ਵਿਚ ਡੁੱਬਣਾ, ਜੇਲ੍ਹਾਂ ਵਿਚ ਬੰਦ ਹੋਣਾ, ਜਮੀਨ ਵੇਚ ਕੇ ਜਾਣਾ ਅਤੇ ਕਈ ਵਾਰ ਖੁਦਕੁਸ਼ੀਆਂ ਕਰ ਲੈਣਾ ਕੋਈ ਮਨ ਪ੍ਰਚਾਵਾ ਤਾਂ ਨਹੀਂ। ਇਹ ਤਾਂ ਦੁਖਦਾਇਕ ਮਜਬੂਰੀ ਹੈ। ਪੰਜਾਬ ਦਾ ਦੋ ਲੱਖ ਕਰੋੜ ਤੋਂ ਵੱਧ ਕਰਜ਼ੇ ਹੇਠ ਆਉਣਾ ਕਿਸੇ ਐਸ਼ਪ੍ਰਸਤੀ ਕਾਰਨ ਤਾਂ ਨਹੀਂ ਹੈ। ਇਸ ਅਤਿ ਸੋਹਣੇ, ਰੰਗਲੇ ਅਤੇ ਮਨਮੋਹਣੇ ਪੰਜਾਬ ਦੇ ਦਰਦ ਨੂੰ ਬਿਆਨ ਕਰਨ ਲਈ ਮੇਰੀ ਮਾਮੂਲੀ ਜਿਹੀ ਕਲਮ ਵਿਚ ਤਾਕਤ ਨਹੀਂ। ਸਿਆਸਤਦਾਨਾਂ ਦੇ ਹਰਾਮਪੁਣੇ ਬਾਬਤ ਕੀ ਕਹੀਏ?

ਆਜ਼ਾਦੀ ਪਿੱਛੋਂ ਕਿੰਨੇ ਪ੍ਰਧਾਨ ਮੰਤਰੀ ਬਣੇ। ਬਹੁਤ ਵਾਰ ਦੋ ਵੱਡੀਆਂ ਪਾਰਟੀਆਂ ਦੇ ਬਣੇ ਪਰ ਥੋੜ੍ਹੇ ਥੋੜ੍ਹੇ ਸਮੇਂ ਲਈ ਤਾਂ ਆਪਣੇ ਆਪ ਨੂੰ ਮਹਾ ਇਮਾਨਦਾਰ ਸੰਸਥਾਵਾਂ ਦੇ ਮਾਲਕ ਕਹਾਉਣ ਵਾਲੇ ਵੀ ਬਣੇ। ਫਿਰ ਵੀ ਪੰਜਾਬ ਦੀ ਬਾਂਹ ਕਿਸੇ ਨੇ ਨਾ ਫੜ੍ਹੀ। ਕਰਾਰ ਕਰ ਕੇ ਵੀ ਕਿਸੇ ਨੇ ਪੰਜਾਬ ਦਾ ਕਰਜ਼ਾ ਮੁਆਫ ਨਹੀਂ ਕੀਤਾ। ਕੀ ਪੰਜਾਬ ਸਪੈਸ਼ਲ ਸਟੇਟਸ ਦਾ ਹੱਕਦਾਰ ਨਹੀਂ? ਲੜਾਈ ਵਿਚ ਢਾਲ ਦਾ ਕੰਮ ਕਰਨ ਵਾਲਾ, ਅੰਨ ਨਾਲ ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਸੂਬਾ ਅਜਿਹੇ ਸਲੂਕ ਦਾ ਹੱਕਦਾਰ ਹੈ? ਪਰ ਇਸ ਨਵੀਂ ਨਰੋਈ ਕਹਾਉਣ ਵਾਲੀ ਦੁਨੀਆਂ ਵਿਚ ਹੁੱਜਤਾਂ ਭਰਿਆ ਹਰਾਮੀਪੁਣਾ ਜਾਇਜ਼ ਸਮਝਿਆ ਜਾਂਦਾ ਹੈ।

ਚੜ੍ਹਦੀ ਕਲਾ ਵਿਚ ਰਹਿਣਾ, ਜੀਵਨ ਦੇ ਉਜਲੇ ਭਵਿੱਖ ਦੀ ਆਸ ਰੱਖਣਾ ਸਿੱਖੀ ਸਿਧਾਂਤ ਹੈ। ਇਹ ਮੇਰੇ ਲਈ ਆਦੇਸ਼ ਹੈ ਅਤੇ ਮਾਨਵਤਾ ਲਈ ਸੰਦੇਸ਼ ਹੈ। ਇਸ ਖੂਬਸੂਰਤ ਧਾਰਨਾ ਦੇ ਬਾਵਜੂਦ ਬਹੁਤੇ ਬੰਦਿਆਂ ਦਾ ਹੁੱਜਤਾਂ ਭਰਿਆ ਹਰਾਮੀਪੁਣਾ ਮਨ ਨੂੰ ਬੇਚੈਨ ਕਰ ਦਿੰਦਾ ਹੈ ਅਤੇ ਮਨ ਢਹਿੰਦੀ ਕਲਾ ਵਿਚ ਚਲਿਆ ਜਾਂਦਾ ਹੈ ਅਤੇ ਆਸ ਧੁੰਦਲੀ ਹੋ ਜਾਂਦੀ ਹੈ।






AKSHAYA PĀTRA™

*Unlimited food for education*

**SPONSORED BY NAVIKA GROUP**

The World's Largest NGO-Run Mid-Day Meal Program Serving A Wholesome Lunch to Over 1.7 Million Children in 14,250 Schools Across 12 States in India.

# LONG ISLAND
# 2018 BENEFIT EVENT

## SUNDAY, OCTOBER 7, 2018 • 6:00PM ONWARDS

**HILTON LONG ISLAND/HUNTINGTON 598 BROAD HOLLOW ROAD | MELVILLE, NEW YORK 11747-5002**

## KEYNOTE SPEAKER



**SANJEEV KAPOOR**

*'Khana Khazana' Fame*
*Celebrity, Master Chef*



**VANDANA TILAK**
*CEO*
*TAPF, USA*

**AKSHAYA PATRA AIMS TO SERVE 5 BILLION MEALS BY 2020**

**IT TAKES ONLY $20 TO FEED A CHILD FOR ENTIRE SCHOOL YEAR.**

**FOR MORE INFORMATION**
Kushal Sacheti | 212-391-4426
Ashok Sancheti | 201-927-3151
Dr. Raj Bhayani | 718-249-9383
Beena Kothari | 631-988-1280
Mukund Padmanabhan | 631-704-2776

**FOR SPONSORSHIPS PLEASE CONTACT**
**ANKITA NARULA**
781.454.7247 • ankita@apusa.org

**TO REGISTER**
cvent link TBD

www.foodforeducation.org



COMMERCIAL MORTGAGE FINANCING

Financing $500,000 to $500 Million

RAVI CHOPRA

CEO
STI Consultants
C: 917-705-7708
Ravi@stinewyork.com

SPECIALIZE IN:
-HOTELS
-CONSTRUCTION LOANS
-GAS STATIONS
-OFFICE BUILDINGS
-MIX USE PROPERTIES
-CHURCH LOAN
-HARD MONEY LOAN
-APARTMENT BUILDINGS
-BUSINESS LINE OF CREDIT

ALL KINDS OF COMMERCIAL FINANCING DONE OVER USA







Offices:
43-39 2nd Floor Main Street, Flushing, NY, 11355
508 Humboldt Street, Brooklyn, NY, 11222
New Jersey
Chicago

